ਛਾਹਨਾਮਾ

ਲੇਖਕ: **ਕਾਕੂਜ਼ੋ ਓਕਾਕੁਰਾ**

ਅਨੁਵਾਦਕ: **ਹਰਪਾਲ ਸਿੰਘ ਪੰਨੂ**



ਲਾਹੌਰ ਬੁੱਕ ਸ਼ਾਪ

ਲੁਧਿਆਣਾ

Chahnama

by

Kakuzo Okakura

Translated by

Harpal Singh Pannu

Mob. No. 094642-51454

Email : harpalsinghpannu@gmail.com

Website : harpalsinghpannu.com

ISBN : 978-93-91419-14-1

2021

ਕੀਮਤ : 150/-

ਪ੍ਰਕਾਸ਼ਕ : ਲਾਹੌਰ ਬੁੱਕ ਸ਼ਾਪ,
2, ਲਾਜਪਤ ਰਾਏ ਮਾਰਕੀਟ, ਨੇੜੇ
ਸੁਸਾਇਟੀ ਸਿਨੇਮਾ, ਲੁਧਿਆਣਾ - 141008
Ph. : 0161-2740738
E-mail : info@lahorepublishers.com
Lahorebookshop40@rediffmail.com
Website:- www.lahorepublishers.com

Printed in India

ਛਾਪਕ : ਆਰ. ਕੇ. ਆਫਸੈੱਟ।

ਸਮਰਪਣ

ਪ੍ਰੋ. ਪੂਰਨ ਸਿੰਘ

ਨੂੰ

ਅਨੁਵਾਦਕੀ

ਪ੍ਰੋਫੈਸਰ ਪੂਰਨ ਸਿੰਘ ਨੇ ਅਪਣੀ ਕਿਤਾਬ The Spirit of Oriental Poetry ਵਿਚ ਉਕਤ ਕਿਤਾਬ ਦੀ ਦੱਸ ਪਾਈ। ਮੈਂ ਜਦੋਂ ਵਿਦਿਆਰਥੀ ਸਾਂ, 1972 ਤੋਂ ਇਸ ਨੂੰ ਲੱਭਣ ਲੱਗਾ । ਉਦੋਂ ਗੂਗਲ ਸਰਚ ਦੀ ਸਹੂਲਤ ਨਹੀਂ ਸੀ, ਕਿਤਾਬ ਵਿਕ੍ਰੇਤਾਵਾਂ ਨੂੰ ਪੁੱਛਿਆ, ਨਹੀਂ ਮਿਲੀ, ਮੰਗਵਾਣ ਲਈ ਕਿਹਾ, ਕਿਸੇ ਨੂੰ ਪਤਾ ਨਹੀਂ ਸੀ। ਭਾਰਤ ਸਰਕਾਰ ਦੇ ਪਤੇ ਤੇ ਦਿੱਲੀ ਵਿਖੇ ਜਾਪਾਨੀ ਦੂਤਾਵਾਸ ਨੂੰ ਲਿਖੀ ਚਿੱਠੀ ਤੋਂ ਉਮੀਦ ਬੱਝੀ ਕਿ ਕੋਈ ਹੱਲ ਨਿਕਲ ਆਵੇਗਾ। ਮੈਂ ਸਮਝਦਾ ਸੀ ਜਿੰਨਾ ਕਾਕੂਜ਼ੋ ਓਕਾਕੁਰਾ ਹੈ, ਸਾਰੇ ਜਾਪਾਨੀ ਉਨੇ ਸੂਖਮ ਹੋਣਗੇ। ਮੈਂ ਕੇਵਲ ਇਹ ਜਾਣਨਾ ਚਾਹਿਆ ਸੀ ਕਿ ਕਿਤਾਬ *'ਦ ਬੁੱਕ ਆਫ਼ ਟੀ'* ਕਿਥੋਂ ਖਰੀਦਾਂ। ਕਿਤਾਬ ਬਾਰੇ ਕੀ ਦੱਸਣਾ ਹੋਇਆ ਮੇਰੀ ਚਿੱਠੀ ਉਨ੍ਹਾਂ ਨੂੰ ਮਿਲ ਗਈ ਹੈ, ਇਹ ਦੱਸਣਾ ਵੀ ਕਿਸੇ ਨੇ ਵਾਜਬ ਨਾ ਸਮਝਿਆ। ਰਾਜਧਾਨੀ ਟੋਕੀਓ ਵਲ ਜਾਪਾਨ ਸਰਕਾਰ ਨੂੰ ਲਿਖੇ ਖਤਾਂ ਦਾ ਵੀ ਕਿਧਰੇ ਆਦਰ ਮਾਣ ਨਹੀਂ ਹੋਇਆ। ਚੁੱਪ ਕਰਕੇ ਬੈਠ ਗਿਆ। ਕਈ ਸਾਲਾਂ ਬਾਦ ਪੰਜਾਬੀ ਯੁਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਲੱਭ ਰਿਹਾ ਸਾਂ ਕੋਈ ਹੋਰ ਕਿਤਾਬ, ਚਿੜੀ ਵਾਂਗ ਛੁਪੀ ਬੈਠੀ ਇਹ ਲੱਭ ਗਈ। ਇਸ਼ੂ ਕਰਵਾਕੇ ਪਹਿਲਾ ਕੰਮ ਇਹ ਕੀਤਾ ਕਿ ਇਸਦੀ ਫੋਟੋ ਕਾਪੀ ਕਰਵਾ ਲਈ।

ਆਰਾਮ ਨਾਲ ਕਿਤਾਬ ਉਸੇ ਤਰ੍ਹਾਂ ਪੜ੍ਹੀ ਜਿਵੇਂ ਇਹੋ ਜਿਹੀ ਕਿਤਾਬ ਪੜ੍ਹੀਂਦੀ ਹੈ। ਪੜ੍ਹਦਿਆਂ ਪੜ੍ਹਦਿਆਂ ਫੈਸਲਾ ਹੋ ਗਿਆ ਕਿ ਇਸਦਾ ਪੰਜਾਬੀ ਵਿਚ ਅਨੁਵਾਦ ਕਰਨਾ ਹੈ। ਫੈਸਲਾ ਤਾਂ ਹੋ ਗਿਆ, ਲਗਦਾ ਵੀ ਸੀ ਕਿ ਇੰਨੀ ਸੌਖੀ ਅੰਗਰੇਜ਼ੀ ਹੈ, ਅਨੁਵਾਦ ਕਰਨਾ ਕੀ ਔਖਾ ਹੋਵੇਗਾ ? ਜਦੋਂ ਕਰਨ ਲੱਗਿਆ, ਉਦੋਂ ਜਾਣਿਆ, ਕੰਮ ਇੰਨਾ ਸੌਖਾ ਨਹੀਂ ਜਿੰਨਾ ਲਗਦਾ ਸੀ। ਇਕ

ਵਾਰ ਨਹੀਂ, ਕਈ ਵਾਰ ਹੌਸਲਾ ਕੀਤਾ, ਵਿਅਰਥ। ਥੱਕ ਕੇ ਬੈਠ ਗਿਆ। ਸੋਚਿਆ, ਜੋ ਹੋ ਨਹੀਂ ਸਕਦਾ, ਉਸ ਅੱਗੇ ਕੀ ਵਸ? ਭਾਣਾ ਮੰਨਿਆਂ ਤਾਂ, ਪਰ ਮਿੱਠਾ ਕਰਕੇ ਨਹੀਂ।

ਮਹੀਨਾ ਕੁ ਪਹਿਲਾਂ ਦੋਸਤ ਦਾ ਫੋਨ ਆਇਆ, ਦੱਸਿਆ, ਕਿਸੇ ਬੀਬੀ ਨੇ ਇਹ ਕਿਤਾਬ ਅਨੁਵਾਦ ਕਰ ਦਿੱਤੀ ਹੈ। ਮੈਂ ਕਿਹਾ ਇਕ ਕਾਪੀ ਮੇਰੇ ਕੋਲ ਭੇਜ। ਪੰਜਾਬੀ ਵਿਚ ਇਹ ਕਿਤਾਬ ਪੜ੍ਹੀ, ਦੇਖਿਆ, ਬੜੀਆਂ ਗਲਤੀਆਂ ਹਨ। ਸੋਚਿਆ ਇਸ ਨਾਲੋਂ ਵਧੀਕ ਗਲਤੀਆਂ ਤਾਂ ਮੈਂ ਕਰ ਸਕਦਾ ਹਾਂ, ਫਿਰ ਚੁੱਪ ਕਿਉਂ ਬੈਠਾ ਰਿਹਾ ਇੰਨੇ ਸਾਲ? ਮੇਰਾ ਉਕਤ ਵਾਕ ਪੜ੍ਹਕੇ ਚੌਂਕਣਾ ਨਾਂ। ਮੈਂ ਇਹ ਨਹੀਂ ਕਿਹਾ ਇਸ ਨਾਲੋਂ ਵਧੀਆ ਅਨੁਵਾਦ ਕਰ ਸਕਦਾ ਹਾਂ। ਜਦੋਂ ਅਪਾਹਜਾਂ ਵਿਚਕਾਰ ਮੁਕਾਬਲਾ ਹੋਵੇ ਤਦ ਜਿਹੜਾ ਉਮੀਦਵਾਰ ਵਧੀਕ ਪ੍ਰਤੀਸ਼ਤ ਅਪਾਹਜ ਹੋਵੇ, ਉਸਨੂੰ ਵੱਧ ਨੰਬਰ ਮਿਲਦੇ ਹਨ। ਜਿਹੜਾ ਵੀ ਓਕਾਕੁਰਾ ਨੂੰ ਅਨੁਵਾਦ ਕਰੇ, ਉਹ ਮੰਨ ਕੇ ਚੱਲੇ ਕਿ ਸਹੀ ਕੰਮ ਨਹੀਂ ਹੋਵੇਗਾ। ਸ਼ਾਇਦ ਹੀ ਕਿਧਰੇ ਹਿੰਮਤੀ ਬੰਦਾ ਮਿਲੇ ਜਿਹੜਾ ਆਪਣੀ ਅਧੂਰੀ ਸੱਤਿਆ ਉਪਰ ਫਖਰ ਕਰੇ। ਇਸ ਕਿਤਾਬ ਨੂੰ ਅਕਲਵੰਦ ਅਤੇ ਵਿਦਵਾਨ ਹੋਕੇ ਨਾ ਸਮਝਿਆ ਜਾ ਸਕਦਾ ਹੈ ਨਾ ਅਨੁਵਾਦ ਕੀਤਾ ਜਾ ਸਕਦਾ ਹੈ। ਸਤਨਾਮ ਸਿੰਘ ਖੁਮਾਰ ਦਾ ਸ਼ਿਅਰ ਹੈ:

ਇਸ ਜਗਹ ਕੋ ਇਸ ਕੇ ਨਕਸ਼ੇ ਸੇ ਨ ਸਮਝਾ ਜਾਏਗਾ।
ਰਾਸਤਾ ਖੋ ਜਾਓਗੇ ਤੋ ਸ਼ਹਰ ਦੇਖਾ ਜਾਏਗਾ।

ਘੁੰਮਦੇ ਫਿਰਦੇ ਖੁਮਾਰ ਸਾਹਿਬ ਸ਼ਹਿਰ ਟੱਕਰ ਗਏ। ਪੁੱਛਿਆ- ਕਿਧਰੋਂ ਆ ਰਹੇ ਹੋ, ਕਿੱਧਰ ਚੱਲੇ ਹੋ ਖੁਮਾਰ ਸਾਹਿਬ? ਕਹਿੰਦੇ ਸ਼ਿਅਰ ਅਰਜ਼ ਕਰਤਾ ਹੂੰ:

ਹਵਾ ਕੇ ਦੋਸ਼* ਪਰ ਬਾਦਲ ਕੇ ਟੁਕੜੇ ਕੀ ਤਰਹ ਹਮ ਹੈਂ।
ਕਿਸੀ ਝੋਂਕੇ ਸੇ ਪੂਛੇਂਗੇ ਕਿ ਹਮ ਕੋ ਹੈ ਕਿਧਰ ਜਾਨਾ॥

---

* ਕੰਧਾ, ਮੋਢਾ

ਇਸ ਕਿਤਾਬ ਦੀ ਸ਼ੈਲੀ ਉਸ ਤਰ੍ਹਾਂ ਨਹੀਂ ਹੈ ਜਿਵੇਂ ਕੋਈ ਉਸਤਾਦ ਮਾਰਬਲ ਤਰਾਸ਼ ਕੇ ਤੁਹਾਡੇ ਨਿਹਾਰਨ ਲਈ ਬੁੱਤ ਸਥਾਪਤ ਕਰ ਗਿਆ ਹੋਵੇ। ਇਹ ਕਿਤਾਬ ਸਥਾਪਤ ਬੁੱਤਾਂ ਦੇ ਟੁਕੜੇ ਕਰਕੇ ਖਿਲਾਰਦੀ ਹੈ ਤਾਂ ਕਿ ਤੁਸੀਂ ਅਪਣੇ ਹੱਥੀਂ ਜੋੜ ਜੋੜ ਪੂਰੇ ਬੁੱਤ ਦੀ ਸ਼ਕਲ ਦੇ ਨੇੜੇ ਅੱਪੜ ਸਕੋ। ਉਸਾਰਨ ਨੂੰ ਸਾਰੇ ਕਲਾਕਾਰੀ ਮੰਨਦੇ ਹਨ, ਤੋੜਨ ਦੇ ਵੀ ਸਲੀਕੇ ਹੁੰਦੇ ਹਨ, ਮੁੜ ਜੋੜਨ ਦੇ ਵੀ, ਇਹ ਇਸ ਲੇਖਕ ਤੋਂ ਸਿਖਾਂਗੇ। ਈਦੀ ਬਾਰੇ ਲਿਖਦਿਆਂ ਮੈਨੂੰ ਲਗਦਾ ਹੁੰਦਾ ਜਿਥੇ ਈਦੀ ਵਸਦਾ ਹੈ, ਉਸ ਦੇਸ ਵਿਚ ਕੋਈ ਬੰਦਾ ਬੁਰਾ ਨਹੀਂ ਹੋ ਸਕਦਾ। ਓਕਾਕੁਰਾ ਨੂੰ ਪੜ੍ਹਦਿਆਂ ਲਗਦਾ ਹੁੰਦਾ ਹੈ ਜਾਪਾਨ ਵਿਚ ਹਰ ਸ਼ਖਸ ਸ਼ਾਇਰ ਹੈ, ਹਰ ਸ਼ਖਸ ਫਿਲਾਸਫਰ, ਜਿਵੇਂ ਰੋਮ ਦੀ ਹਰੇਕ ਗਲੀ ਦਾ ਵਿਲੱਖਣ ਇਤਿਹਾਸ, ਹਰੇਕ ਘਰ ਓਪੇਰਾ।

ਜਗਤਿੰਦਰ ਨੇ ਅਮਰੀਕਾ ਤੋਂ ਦੇਸ ਆਉਣਾ ਸੀ, ਫੋਨ ਆਇਆ- ਕੀ ਲੈਕੇ ਆਵਾਂ? ਮੈਂ ਕਿਹਾ- ਗਿਫਟ ਲਿਆਉਣੋ ਕਿਉਂਕਿ ਤੂੰ ਹਟਣਾ ਤਾਂ ਹੈ ਨਹੀਂ, ਫਿਰ ਕਿਧਰੇ ਮਿਲੇ ਤਾਂ *'ਦ ਬੁੱਕ ਆਫ ਟੀ'* ਲੈ ਆਈਂ। ਕਿਤਾਬ ਲੈ ਆਇਆ ਪਰ ਜਿਸ ਕਿਸੇ ਨੇ ਉਸਦਾ ਮੁੱਖਬੰਧ ਲਿਖਿਆ ਸੋ ਜਾਪਾਨੀ ਵਿਚ ਸੀ। ਅੰਗਰੇਜ਼ੀ ਵਿਚ ਕਿਵੇਂ ਹੋਵੇ? ਗੂਗਲ ਰਾਹੀਂ ਨੈੱਟ ਅਨੁਵਾਦ ਤੇ ਕਲਿਕ ਕੀਤਾ। ਅਨੁਵਾਦ ਕਰ ਤਾਂ ਦਿੱਤਾ, ਇਕਦਮ ਬੇਕਾਰ। ਜਿਹੜੀ ਫੋਟੋਕਾਪੀ ਮੇਰੇ ਕੋਲ ਪਈ ਸੀ ਉਸ ਵਿਚ ਮੁੱਖਬੰਧ ਹੈ ਈ ਨਹੀਂ ਸੀ। ਇਸ ਕਿਤਾਬ ਦਾ ਮੁੱਖਬੰਧ ਆਮ ਨਹੀਂ ਹੋ ਸਕਦਾ, ਸੋ ਯਤਨ ਕਰੀ ਗਿਆ। ਭਾਰਤ ਵਿਚਲੇ ਜਾਪਾਨੀ ਦੂਤਾਵਾਸ ਨੂੰ ਮੇਲ ਕੀਤੀ, ਜਾਪਾਨ ਸਰਕਾਰ ਨੂੰ ਮੇਲ ਕੀਤੀ, ਕੋਈ ਹੁੰਗਾਰਾ ਨਹੀਂ। ਪਰਮਿੰਦਰ ਸੋਢੀ ਚਾਰ ਦਹਾਕਿਆਂ ਤੋਂ ਜਾਪਾਨ ਵਿਚ ਰਹਿ ਰਿਹਾ ਹੈ, ਉਸ ਦੀ ਬੀਵੀ ਜਾਪਾਨੀ ਹੈ, ਮੇਰੇ ਕੋਲ ਉਸਦੀ ਈ-ਮੇਲ ਆਈਡੀ ਹੈ, ਭੇਜ ਕੇ ਦੇਖੀਏ? ਸਕੈਨ ਕਰਕੇ ਭੇਜ ਦਿੱਤੀ। ਰਿਮਾਈਂਡਰ ਭੇਜੇ। ਕੁੱਲ ਅੱਠ ਤਾਂ ਪੰਨੇ ਹਨ, ਕਰ ਦੇਣਗੇ। ਨਾ ਕੋਈ ਉੱਤਰ, ਨਾ ਅਨੁਵਾਦ। ਯਾਦ ਆਇਆ, ਪ੍ਰੋ. ਗੁਰਬਚਨ ਫਿਲਹਾਲ ਵਾਲਿਆਂ ਦੀਆਂ ਦੋਵੇਂ ਧੀਆਂ ਜਾਪਾਨ ਵਿਆਹੀਆਂ ਵਸੀਆਂ ਹੋਈਆਂ ਹਨ। ਪ੍ਰੋਫੈਸਰ ਸਾਹਿਬ ਨਾਲ ਗੱਲ ਹੋਈ। ਉਨ੍ਹਾ ਕਿਹਾ-

ਇਹ ਕੀ ਮੁਸ਼ਕਿਲ ਹੈ ? ਮੇਲ ਭੇਜ ਦਿਓ। ਭੇਜ ਦਿੱਤੀ, ਜਾਪਾਨ ਫਾਰਵਰਡ ਹੋ ਗਈ, ਮਹੀਨਾ ਦਰ ਮਹੀਨਾ ਉਡੀਕਦਾ ਰਿਹਾ, ਕੋਈ ਇਲਾਜ ਨਹੀਂ। ਵਿਦੇਸ ਵਸੇ ਅਪਣੇ ਬੇਟੇ ਦੀ ਡਿਊਟੀ ਲਾਈ ਕਿ ਮੇਰਾ ਇਹ ਕੰਮ ਤੂੰ ਕਰ। ਉਸਨੇ ਕਰ ਦਿੱਤਾ ਆਖਰ। ਅੰਗਰੇਜ਼ੀ ਵਿਚ ਛਪੇ ਮੁੱਖਬੰਧ ਵਾਲੀ ਕਿਤਾਬ ਮੇਰੇ ਕੋਲ ਪੁੱਜ ਗਈ। ਪਾਠਕ ਜੀ, ਇਹ ਗੱਲਾਂ ਤੁਹਾਨੂੰ ਦੱਸਣ ਲਿਖਣ ਦਾ ਕੀ ਮਨੋਰਥ ਭਲਾ ? ਇਹੋ, ਕਿ ਮੈਂ ਅਪਣੇ ਵੱਲੋਂ ਸੰਪੂਰਣਤਾ ਨੂੰ ਮੱਥਾ ਟੇਕਣ ਦਾ ਇਛੁੱਕ ਸਾਂ।

ਹੀਨਯਾਨ ਅਤੇ ਮਹਾਂਯਾਨ ਤੋਂ ਇਲਾਵਾ ਜਿਹੜੀ ਬੋਧਮਤਿ ਦੀ ਵਿਲੱਖਣ ਧਾਰਾ ਚੀਨ ਅਤੇ ਜਾਪਾਨ ਵਿਚ ਵਧੀ ਫੁੱਲੀ, ਹਰਮਨ ਪਿਆਰੀ ਹੋਈ, ਉਹ ਸੀ ਜ਼ੇਨ ਧਾਰਾ ਜੋ ਬੋਧਮਤਿ ਅਤੇ ਤਾਓਵਾਦ ਦੇ ਸੰਗਮ ਦਾ ਨਤੀਜਾ ਸੀ। ਇਸ ਧਾਰਾ ਵਿਚ ਦਰਸ਼ਨ ਪ੍ਰਮੁੱਖ ਸੀ, ਰਸਮੋ ਰਿਵਾਜ, ਚਿੰਨ੍ਹ, ਪਰੰਪਰਾਵਾਂ, ਰਹਿਤ ਮਰਿਆਦਾ, ਘੱਟ। ਜਿਸਨੂੰ ਭਾਰਤੀ ਧਰਮ ਧਿਆਨ ਆਖਦੇ ਹਨ, ਦਾਰਸ਼ਨਿਕ ਰਹੱਸ ਅਨੁਭਵ, ਉਹੀ ਚੀਨੀ ਜਾਪਾਨੀ ਜ਼ੇਨ ਹੈ। ਚੀਨੀ ਭਾਸ਼ਾ ਦੇ ਅਭਿਆਸੀਆਂ ਨੂੰ ਧਿਆਨ ਸ਼ਬਦ ਉਚਾਰਣ ਕਰਨਾ ਨਹੀਂ ਆਇਆ, ਜ਼ੇਨ ਬਣ ਗਿਆ। ਜ਼ੇਨ ਸਾਧੂ ਦਾ ਧਾਰਮਿਕ ਅਨਭਓ ਪ੍ਰਕਾਸ਼ ਅਚਾਨਕ ਹੁੰਦਾ ਹੈ, ਕਿਸੇ ਸਥਿਤੀ ਦਾ ਪ੍ਰਤੀਕ੍ਰਮ ਅਚਾਨਕ ਹੁੰਦਾ ਹੈ।

ਭਿੱਖੂ ਝੀਲ ਵਲੋਂ ਵਾਪਸ ਆ ਰਿਹਾ ਹੈ ਤਾਂ ਬੁੱਢੇ ਸਾਧੂ ਨੇ ਕੁੱਝ ਆਵਾਜ਼ਾਂ ਸੁਣੀਆਂ। ਪੁੱਛਿਆ:

– ਕੇਹੀਆਂ ਆਵਾਜ਼ਾਂ ਹਨ ਭੰਤੇ ?

ਭਿੱਖੂ: ਜੰਗਲੀ ਹੰਸ ਉਡੇ ਹਨ ਹਜ਼ੂਰ।

ਸਾਧੂ: ਕਿਧਰ ਨੂੰ ਗਏ ਹਨ ਉਡਕੇ ?

ਭਿੱਖੂ: ਉਡ ਚੁਕੇ ਹਨ ਬਾਬਾ।

ਇਨ੍ਹਾਂ ਚਾਰ ਪੰਕਤੀਆਂ ਵਿਚ ਪੂਰਨ ਜ਼ੇਨ ਰਹੱਸ ਹੈ। ਜੋ ਉਡ ਚੁੱਕੇ ਸੋ ਉਡ ਚੁੱਕੇ। ਸਾਨੂੰ ਧਰਤੀ ਨਾਲ ਨੂੜੇ ਬੰਦਿਆਂ ਨੂੰ ਕੀ ਪਤਾ ਕਿਧਰ ਕਿਧਰ ਜਾਣਗੇ ? ਪੰਖੇਰੂਆਂ ਦੀ ਗਤੀ ਪੰਖੇਰੂ ਜਾਣਨ।

ਜ਼ੇਨ ਅਨੁਭਵ ਵਿਚੋਂ ਹੀ ਜਾਪਾਨੀ ਕਾਵਿ ਰੂਪ ਹਾਈਕੂ ਜਨਮਿਆਂ। ਹਾਈਕੂ ਕਾਵਿਬੰਦ ਤਾਂ ਹੈ ਹੀ, ਇਸ ਬੰਦ ਵਿਚ ਰਮਜ਼ ਛੁਪੀ ਹੁੰਦੀ ਹੈ, ਉਲਾਂਭਾ ਹੋ ਸਕਦਾ ਹੈ, ਰੋਮਾਂਟਿਕ ਵਿਅੰਗ ਹੋ ਸਕਦਾ ਹੈ। ਜੇ ਸ਼ਬਦ ਸ਼ਕਤੀਆਂ ਅਭਿਧਾ, ਲੱਖਣਾ ਤੇ ਵਿਅੰਜਨਾ ਦੇ ਖਾਨਿਆਂ ਵਿਚ ਰੱਖ ਕੇ ਦੇਖਣਾ ਹੋਵੇ ਤਾਂ ਹਾਈਕੂ ਡੂੰਘੀ ਵਿਅੰਜਨਾ ਹੈ। ਇਕ ਜਾਪਾਨੀ ਨਜ਼ਮ :

ਸਦੀਆਂ ਪੁਰਾਣੀ ਬੁੱਢੀ ਧਰਤੀ ਉਪਰ
ਹਰ ਸਾਲ ਵਾਂਗ ਮੈਂ ਨਵੀਂ ਝੌਂਪੜੀ ਬਣਾਈ।
ਚਿੜੀਆਂ ਦਾ ਜੋੜਾ ਆਕੇ ਕਹਿਣ ਲੱਗਾ,
–ਅਸੀਂ ਕਿਰਾਏ ਤੇ ਰਹਿਣਾ ਹੈ, ਆਗਿਆ ਮਿਲੇਗੀ?
ਮੈਂ ਪੁੱਛਿਆ– ਕਿਰਾਏ ਵੱਜੋਂ ਕੀ ਦਿਓਗੇ?
ਉਹ ਬੋਲੇ– ਸਵੇਰ ਸ਼ਾਮ ਦੋ ਚਾਰ ਮਿੱਠੇ ਗੀਤ।
ਮੈਂ ਸੋਚਿਆ ਇਹੋ ਜਿਹੇ ਕਿਰਾਏਦਾਰ ਰੱਖ ਲੈਣੇ ਚਾਹੀਦੇ ਹਨ।

ਦਿਲਚਸਪ ਤੱਥ ਹੈ ਕਿ ਪੰਜਾਬੀ ਸਾਹਿਤ ਵਿਚ ਪਹਿਲੀ ਵਾਰ 'ਧਿਆਨੀ ਬੁੱਧ' ਸ਼ਬਦ ਪ੍ਰੋ. ਪੂਰਨ ਸਿੰਘ ਨੇ ਵਰਤਿਆ ਜਦੋਂ ਇਸ ਸੰਕਲਪ ਦਾ ਪੰਜਾਬੀਆਂ ਨੂੰ ਕੋਈ ਇਲਮ ਨਹੀਂ ਸੀ। ਅਜਿਹਾ ਇਸ ਕਰਕੇ ਹੋਇਆ ਕਿ ਬੀ.ਐਸਸੀ. ਲਾਹੌਰੋਂ ਕਰਨ ਪਿਛੋਂ ਉੱਚ ਵਿਦਿਆ ਲਈ ਉਹ ਜਾਪਾਨ ਚਲੇ ਗਏ। ਉਥੇ ਓਕਾਕੁਰਾ ਅਤੇ ਬੋਧਮਤਿ ਨਾਲ ਮਿਲਾਪ ਹੋਇਆ। ਪੰਜਾਬੀਆਂ ਨੂੰ ਇਸ ਨਵੀਂ ਧਾਰਾ ਦਾ ਉਦੋਂ ਕੋਈ ਪਤਾ ਨਹੀਂ ਸੀ ਕਿ ਇਹੋ ਅੰਗਰੇਜ਼ੀ ਦਾ Zen Buddhism ਹੈ। ਬਾਦ ਵਿਚ ਬੇਸ਼ਕ ਪੰਜਾਬੀਆਂ ਨੇ ਜਾਪਾਨ ਦਾ ਰੁਖ ਕੀਤਾ ਪਰ ਉਥੋਂ ਦੇ ਕਲਚਰ ਅਤੇ ਸਾਹਿਤ ਬਾਰੇ ਜਿੰਨਾ ਗਹਿਰਾ ਕੰਮ ਹੋ ਸਕਦਾ ਸੀ, ਨਹੀਂ ਹੋਇਆ। ਕੁੱਝ ਹਾਈਕੂ ਜਰੂਰ ਅਨੁਵਾਦ ਹੋਏ। ਭਾਰਤ ਉਪਰ ਅੰਗਰੇਜ਼ਾਂ ਦਾ ਰਾਜ ਸੀ ਜਦੋਂ ਦੋ ਸੰਸਾਰ ਜੰਗਾਂ ਹੋਈਆਂ ਤੇ ਲੱਖਾਂ ਪੰਜਾਬੀ ਫੌਜ ਵਿਚ ਭਰਤੀ ਹੋਏ। ਸੰਜੋਗ ਇਹ ਕਿ ਜਾਪਾਨ ਅੰਗਰੇਜ਼ਾਂ ਦੇ ਦੁਸ਼ਮਣ ਧੜੇ ਵਿਚ ਸ਼ਾਮਲ ਸੀ, ਖਿਆਲਾਂ ਦਾ ਤਬਾਦਲਾ ਸੰਭਵ ਨਾ ਹੋਇਆ।

ਸ਼ੇਨ ਸ਼ਿਉ ਨੇ ਗਾਥਾ ਗ੍ਰੰਥ ਵਿਚ ਲਿਖਿਆ:

ਜਿਸਮ ਬੋਧ-ਰੁੱਖ ਹੈ,
ਮਨ ਇਸ ਦਾ ਲਿਸ਼ਕਦਾ ਸ਼ੀਸ਼ਾ॥
ਨਿਰੰਤਰ ਇਸ ਨੂੰ ਸਾਫ਼ ਰੱਖਣਾ ਹੈ,
ਕਿਤੇ ਧੂੜ ਨਾ ਜਮ ਜਾਵੇ॥

ਸ਼ੇਨਸ਼ਿਉ ਨੇ ਸੁਣਿਆ ਕਿ ਹੁਈਨੇਂਗ ਸਤਿ ਦਾ ਬੋਧ, ਸਹਿਜ ਸੁਭਾਉ ਕਰਵਾ ਦਿੰਦਾ ਹੈ। ਉਸ ਕੋਲ ਕੋਈ ਜੁਗਤ ਹੈ। ਉਸਨੇ ਅਪਣਾ ਚੇਲਾ ਚੀ ਚਿੰਗ ਸੱਦਿਆ ਅਤੇ ਕਿਹਾ- ਤੂੰ ਤੀਖਣ ਬੁੱਧ ਜੁਆਨ ਹੈਂ। ਹੁਈਨੇਂਗ ਦੇ ਆਸ਼ਰਮ ਵਿਚ ਜਾਹ। ਜਾਕੇ ਦੇਖ ਉਸਦੀ ਵਿਧੀ ਕੀ ਹੈ। ਦੱਸੀਂ ਨਾ ਕਿਥੋਂ ਆਇਐਂ ਤੇ ਕਿਸਨੇ ਭੇਜਿਐਂ। ਉਸਨੂੰ ਸੁਣੀ ਜਾਵੀਂ।

ਅੱਧੇ ਮਹੀਨੇ ਦੀ ਪੈਦਲ ਯਾਤਰਾ ਕਰਕੇ ਚੀ ਚਿੰਗ, ਹੁਈਨੇਂਗ ਦੇ ਆਸ਼ਰਮ ਵਿਚ ਪੁੱਜ ਗਿਆ। ਉਸਨੂੰ ਦੂਹਰਾ ਝੁਕ ਕੇ ਪ੍ਰਣਾਮ ਕੀਤੀ ਤੇ ਬਾਕੀ ਵਿਦਿਆਰਥੀਆਂ ਵਿਚ ਰਲ ਗਿਆ। ਜਲਦੀ ਉਸਨੂੰ ਧਰਮ ਗ੍ਰੰਥਾਂ ਦੇ ਗੁੱਝੇ ਭੇਦ ਸਮਝ ਵਿਚ ਆਉਣ ਲੱਗੇ, ਧੁੰਦ ਗੁਬਾਰ ਮਿਟਣ ਲੱਗੇ। ਸ੍ਵੈ ਪ੍ਰਕਾਸ਼ ਹੋ ਗਿਆ ਤਦ ਉਸਨੇ ਉਸਤਾਦ ਨੂੰ ਆਪਣੇ ਬਾਰੇ, ਅਪਣੇ ਗੁਰੂ ਬਾਰੇ ਸੱਚੋ ਸੱਚ ਦੱਸ ਦਿੱਤਾ ਤੇ ਬੇਨਤੀ ਕੀਤੀ ਅਪਣਾ ਚੇਲਾ ਜਾਣਕੇ ਹੋਰ ਪ੍ਰਕਾਸ਼ ਦਿਉ।

ਹੁਈਨੇਂਗ ਨੇ ਕਿਹਾ- ਜੇ ਤੂੰ ਸ਼ੇਨਸ਼ਿਉ ਦਾ ਚੇਲਾ ਹੈਂ, ਫਿਰ ਤਾਂ ਇਥੇ ਜਸੂਸੀ ਕਰਨ ਆਇਆ ਹੈਂ।

ਚੀ ਚਿੰਗ ਨੇ ਕਿਹਾ- ਜਦੋਂ ਤਕ ਮੈਂ ਅਪਣੇ ਆਪ ਨੂੰ ਛੁਪਾ ਕੇ ਰੱਖਿਆ, ਉਦੋਂ ਤਕ ਮੈਨੂੰ ਜਾਸੂਸ ਜਾਣੋ। ਹੁਣ ਜਦੋਂ ਪ੍ਰਗਟ ਹੋ ਗਿਆ ਹਾਂ, ਜਾਸੂਸ ਨਹੀਂ ਹਾਂ।

ਹੁਈਨੇਂਗ ਨੇ ਕਿਹਾ- ਇਕ ਵਾਕ ਨਾਲ ਤੂੰ ਜਾਸੂਸ ਦੀ ਥਾਂ ਜਗਿਆਸੂ ਹੋ ਗਿਆ, ਅਪਵਿੱਤਰ ਤੋਂ ਪਵਿੱਤਰ। ਤੂੰ ਉਹੀ ਹੈਂ, ਪਹਿਲਾਂ ਵੀ ਪਿਛੋਂ ਵੀ, ਪਰ ਬਦਲ ਗਿਆ ਹੈਂ। ਜਿਨ੍ਹਾਂ ਨੂੰ ਅਸੀਂ ਵਾਸਨਾਵਾਂ ਆਖਦੇ ਰਹੇ ਉਹੀ ਧਰਮ

ਦਾ ਬੋਧ ਹੋ ਜਾਂਦੀਆਂ ਹਨ। ਕਿਤੇ ਫਰਕ ਨਹੀਂ ਰਹਿੰਦਾ। ਇਹੀ ਧਰਮ ਹੈ। ਹੁਈਨੇਂਗ ਨੇ ਕਿਹਾ:

ਕਿਤੇ ਕੋਈ ਬੋਧ-ਰੁੱਖ ਨਹੀਂ,
ਨਾ ਕਿਤੇ ਕੋਈ ਲਿਸ਼ਕਦਾ ਸ਼ੀਸ਼ਾ॥
ਚਾਰੇ ਪਾਸੇ ਵਿਆਪਕ ਸੁੰਨ ਹੈ,
ਫਿਰ ਧੂੜ ਕਿਥੇ ਹੈ, ਕਿਥੋਂ ਆਏਗੀ?

ਇਹ ਪੰਕਤੀਆਂ ਸ਼ੇਨਸ਼ਿਉ ਦੇ ਦਰਸ਼ਨ ਉਪਰ ਡਿਗਿਆ ਬੰਬ ਹਨ। ਦੋਵੇਂ ਸੰਪਰਦਾਵਾਂ ਦੀ ਟੱਕਰ ਹੋਈ ਪਰ ਆਖਰ ਹੁਈਨੇਂਗ ਵਧੀਕ ਸੂਖਮ ਹੋਣ ਕਰਕੇ ਵਿਜਈ ਹੋਇਆ। ਮਨ ਨੂੰ ਸਾਫ ਰੱਖਣ ਦਾ ਮਤਲਬ ਹੋਇਆ ਮਨ ਸਾਹਮਣੇ ਇਕ ਪਹਿਰੇਦਾਰ ਬਿਠਾ ਦਿੱਤਾ। ਪਹਿਰੇਦਾਰ ਮਨ ਨੂੰ ਕਿਉਂ ਉਡਣ ਦਏਗਾ? ਜਦੋਂ ਤਕ ਸੁਤੰਤਰ ਨਹੀਂ ਤਦ ਤਕ ਮਨ ਆਕਾਸ਼ ਤਕ ਉਡਾਰੀ ਕਿਵੇਂ ਲਾਏਗਾ? ਸਿਰਜਣ ਸ਼ਕਤੀ ਕਿਥੇ ਰਹੇਗੀ, ਲਿਸ਼ਕ ਕਿਥੇ ਰਹੇਗੀ?

ਜਦੋਂ ਜਾਗਰਣ ਦੀ ਗੱਲ ਹੁੰਦੀ ਹੈ, ਉਦੋਂ ਪਤਾ ਹੁੰਦਾ ਹੈ ਸ਼ੀਸ਼ਾ ਸਾਫ਼ ਹੈ, ਪ੍ਰਤੀਬਿੰਬ ਸਾਫ਼ ਹੈ, ਗਿਆਨ ਦੀ ਰੌਸ਼ਨੀ ਮੌਜੂਦ ਹੈ, ਵਿਸ਼ਵ ਨੂਰੋ ਨੂਰ ਹੈ।

-ਅਜਿਹੇ ਮਾਹੌਲ ਵਿੱਚ ਜਾਗਰਣ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ?

-ਬਸ ਸ਼ੂਨਯ ਵਿੱਚ ਦੇਖਣ ਨਾਲ।

-ਜੇ ਇਹ ਸ਼ੂਨਯ ਹੈ, ਤਾਂ ਵੀ ਇਹ ਕੁਝ ਤਾਂ ਹੈ।

-ਜੋ ਦੇਖ ਰਹੇ ਹਾਂ, ਇਸ ਨੂੰ ਦੇਖਣਾ ਨਹੀਂ ਕਿਹਾ ਜਾਂਦਾ।

-ਜੇ ਇਹ ਕੁਝ ਨਹੀਂ ਹੈ ਤਾਂ ਫਿਰ ਉਹ ਕੀ ਹੈ ਜੋ ਦਿਸਦਾ ਹੈ?

-ਸੂਨਯ ਵਿਚ ਦੇਖਣਾ ਸਹੀ ਦ੍ਰਿਸ਼ਟੀ ਹੈ, ਸਦੈਵ, ਅਮਰ, ਅਨੰਤ ਦ੍ਰਿਸ਼ਟੀ।

ਹੁਈਨੇਂਗ ਦਾ ਆਖਣਾ ਸੀ- ਜਦੋਂ ਤਕ ਤੁਹਾਡੇ ਦ੍ਰਿਸ਼ਟੀਕੋਣ ਵਿਚ

ਦੁਬਿਧਾ ਹੈ, ਤੁਸੀਂ ਮੁਕਤ ਨਹੀਂ ਹੋ ਸਕਦੇ। ਰੌਸ਼ਨੀ, ਹਨੇਰੇ ਵਿਰੁੱਧ ਹੈ, ਵਾਸਨਾਵਾਂ ਦੀ ਗਿਆਨ ਨਾਲ ਟੱਕਰ ਹੈ। ਜਦੋਂ ਤਕ ਗਿਆਨ ਦੇ ਪ੍ਰਕਾਸ਼ ਰਾਹੀਂ ਇਹ ਦੁਬਿਧਾਵਾਂ ਖਤਮ ਨਹੀਂ ਹੁੰਦੀਆਂ ਤਦ ਤਕ ਧਰਮ ਦਾ ਪਤਾ ਨਹੀਂ ਲੱਗੇਗਾ। ਤੁਸੀਂ ਪੁਲ ਦੇ ਇਕ ਕਿਨਾਰੇ ਤੇ ਖਲੋਤੇ ਰਹੋਗੇ, ਦਰਿਆ ਪਾਰ ਕਿਵੇਂ ਕਰੋਗੇ ? ਚਾਹੇ ਬੁੱਧ ਹੈ ਚਾਹੇ ਆਮ ਆਦਮੀ, ਨਾ ਕੋਈ ਵੱਧ ਹੈ ਨਾ ਘੱਟ। ਵਾਸਨਾਵਾਂ ਨਾਲ ਧਰਮ ਦੂਸ਼ਿਤ ਨਹੀਂ ਹੁੰਦਾ, ਧਿਆਨ ਲਾਉਣ ਨਾਲ ਪਵਿੱਤਰ ਨਹੀਂ ਹੁੰਦਾ, ਨਾ ਇਹ ਵਸ ਵਿਚ ਕਰਦਾ ਹੈ ਨਾ ਵਸ ਵਿਚ ਰਹਿੰਦਾ ਹੈ, ਨਾ ਆਉਂਦਾ ਹੈ ਨਾ ਜਾਂਦਾ ਹੈ, ਨਾ ਵਿਚਕਾਰ ਹੈ ਨਾ ਕਿਨਾਰੇ ਤੇ, ਨਾ ਮਰਦਾ ਹੈ ਨਾ ਜੰਮਦਾ ਹੈ, ਇਹ ਹਰ ਵਕਤ ਹਰ ਪਰਿਵਰਤਨ ਵਿਚ ਥਿਰ ਹੈ। ਅਸੀਂ ਮੌਤ ਨੂੰ ਪਰੇ ਹਟਾ ਕੇ ਜੀਵਨ ਪੈਦਾ ਨਹੀਂ ਕਰ ਸਕਦੇ, ਕਹਿਣਾ ਇਹ ਹੈ ਕਿ ਧਰਮ, ਜੀਵਨ ਅਤੇ ਮੌਤ ਦੋਵਾਂ ਤੋਂ ਪਾਰ ਹੈ। ਬੁਰੇ ਭਲੇ ਦੀ ਪਰਵਾਹ ਕੀਤੇ ਬਗੈਰ ਆਤਮ ਨੂੰ ਤੁਰਦਾ ਰਹਿਣ ਦਿਉ। ਇਹੋ ਗਿਆਨ ਹੈ ਇਹੋ ਧਿਆਨ।

ਚੌਂਕੜੀ ਮਾਰ ਕੇ ਮਾਤਸੂ ਧਿਆਨ ਮਗਨ ਬੈਠਾ ਰਹਿੰਦਾ। ਇਕ ਦਿਨ ਉਸਦੇ ਸਾਥੀ ਨੇ ਪੁੱਛਿਆ- ਭੰਤੇ ਤੁਸੀਂ ਧਿਆਨ ਕਿਉਂ ਲਗਾਉਂਦੇ ਹੋ ?

-ਮੈਂ ਬੁੱਧਤਵ ਹਾਸਲ ਕਰਨਾ ਹੈ।

ਇਹ ਸੁਣ ਕੇ ਸਾਥੀ ਇੱਟ ਲੈ ਆਇਆ ਅਤੇ ਉਸਨੂੰ ਰਗੜਨ ਲੱਗਾ। ਮਾਤਸੂ ਨੇ ਪੁੱਛਿਆ- ਇਹ ਕੀ ਕਰ ਰਹੇ ਹੋ ? ਸਾਥੀ ਨੇ ਕਿਹਾ- ਇਸ ਦਾ ਸ਼ੀਸ਼ਾ ਬਣਾਵਾਂਗਾ। ਮਾਤਸੂ ਨੇ ਕਿਹਾ- ਜਿੰਨੀ ਮਰਜ਼ੀ ਘਸਾਈ ਚੱਲ, ਇੱਟ ਦਾ ਸ਼ੀਸ਼ਾ ਨਹੀਂ ਬਣਨਾ। ਸਾਥੀ ਨੇ ਕਿਹਾ- ਤੈਨੂੰ ਇਹੀ ਦੱਸਣਾ ਸੀ। ਜੋ ਤੂੰ ਕਰ ਰਿਹਾ ਹੈਂ ਉਸ ਨਾਲ ਗਿਆਨ ਪ੍ਰਾਪਤ ਨਹੀਂ ਹੋਵੇਗਾ।

ਫਿਰ ਮੈਂ ਕੀ ਕਰਿਆ ਕਰਾਂ ? ਮਾਤਸੂ ਨੇ ਪੁੱਛਿਆ। ਸਾਥੀ ਨੇ ਕਿਹਾ- ਤੂੰ ਗੱਡਾ ਲਈ ਜਾ ਰਿਹਾ ਹੈਂ। ਗੱਡਾ ਰੁਕ ਗਿਆ। ਤੂੰ ਗੱਡੇ ਨੂੰ ਛਾਂਟਾ ਮਾਰੇਂਗਾ ਜਾਂ ਬਲਦਾਂ ਨੂੰ ? ਬੈਠਣ ਲੇਟਣ ਨਾਲ ਗਿਆਨ ਹਾਸਲ ਨਹੀਂ ਹੁੰਦਾ ਕਿਉਂਕਿ ਗਿਆਨ ਨਿਰਾਕਾਰ ਹੋਂਦ ਹੈ। ਚੌਂਕੜੀ ਮਾਰ ਕੇ ਘੰਟਿਆਂ ਬੱਧੀ ਬੈਠਣ ਨਾਲ ਅਗਿਆਨਤਾ ਪ੍ਰਾਪਤ ਹੋ ਸਕਦੀ ਹੈ ਗਿਆਨ ਨਹੀਂ। ਮਾਤਸੂ ਨੇ ਪੁੱਛਿਆ-

ਫਿਰ ਮੈਂ ਕੀ ਕਰਾਂ ? ਸਾਥੀ ਨੇ ਦੱਸਿਆ– ਮਨ ਨੂੰ ਕਾਬੂ ਕਰਨਾ ਮਿੱਟੀ ਵਿਚ ਬੀਜ ਬੀਜਣ ਵਾਂਗ ਹੈ। ਧਰਮ ਦੀਆਂ ਸਿਖਿਆਵਾਂ ਮੀਂਹ ਵਾਂਗ ਅਸਮਾਨੋਂ ਡਿਗਦੀਆਂ ਹਨ। ਸਹੀ ਰੁੱਤ ਆਉਣ ਤੇ ਬੀਜ ਪੁੰਗਰਦਾ ਹੈ ਯਾਨੀ ਕਿ ਗਿਆਨ ਪ੍ਰਾਪਤ ਹੁੰਦਾ ਹੈ।

ਮਾਤਸੂ ਨੇ ਫਿਰ ਪੁੱਛਿਆ– ਪ੍ਰਾਪਤ ਹੋਇਆ ਗਿਆਨ ਸਥਾਈ ਹੁੰਦਾ ਹੈ ਕਿ ਅਸਥਾਈ ?

ਸਾਥੀ ਨੇ ਕਿਹਾ– ਜਦੋਂ ਤਕ ਤੂੰ ਸਥਾਈ ਅਸਥਾਈ ਦੇ ਵਹਿਮ ਵਿਚੋਂ ਨਹੀਂ ਨਿਕਲਦਾ ਤੈਨੂੰ ਧਰਮ ਦਾ ਪਤਾ ਨਹੀਂ ਲੱਗਣਾ। ਹੋਂਦ, ਦ੍ਰਿਸ਼ਟੀ ਅਤੇ ਕਰਮ ਇਕੋ ਚੀਜ਼ ਦੇ ਨਾਮ ਹਨ ਜਿਵੇਂ ਧਿਆਨ ਅਤੇ ਗਿਆਨ ਇਕੋ ਹਨ। ਗਿਆਨ ਦਾ ਸਰੀਰ ਧਿਆਨ ਹੈ ਤੇ ਧਿਆਨ ਦੀ ਵਰਤੋਂ ਗਿਆਨ ਹੈ। ਜਿਹੜੇ ਇਨ੍ਹਾਂ ਦੋਵਾਂ ਨੂੰ ਵਖ ਵਖ ਮੰਨਦੇ ਹਨ ਉਹ ਇਸ ਤਰ੍ਹਾਂ ਹਨ ਜਿਵੇਂ ਮੂੰਹ ਅਤੇ ਦਿਲ ਨੂੰ ਵਖ ਵਖ ਕਰਨ। ਦਿਲ ਨੂੰ ਅੰਦਰ ਸਮਝਣਾ ਅਤੇ ਮੂੰਹ ਨੂੰ ਬਾਹਰ, ਅਗਿਆਨਤਾ ਹੈ। ਦੀਵਾ ਹੈ ਤਾਂ ਰੌਸ਼ਨੀ ਹੈ। ਦੀਵਾ ਰੌਸ਼ਨੀ ਦਾ ਸਰੀਰ ਹੈ ਤੇ ਰੌਸ਼ਨੀ ਦੀਵੇ ਦਾ ਕਰਮ ਹੈ, ਤੱਤ ਰੂਪ ਵਿਚ ਦੋਵੇਂ ਇਕੋ ਹਨ। ਇਹੀ ਸਤਿ ਧਿਆਨ ਅਤੇ ਗਿਆਨ ਵਿਚਕਾਰ ਜਾਣੋ।

ਸਾਫ਼ ਲਿਸ਼ਕਦਾ ਸ਼ੀਸ਼ਾ ਤੁਹਾਨੂੰ ਸਾਹਮਣੇ ਪਈਆਂ ਵਸਤਾਂ ਦੀ ਝਲਕ ਦਿਖਾਉਂਦਾ ਹੈ। ਜੇ ਸ਼ੀਸ਼ੇ ਸਾਹਮਣੇ ਵਸਤਾਂ ਨਹੀਂ ਹਨ ਤਦ ਉਹ ਪ੍ਰਤੀਬਿੰਬ ਨਹੀਂ ਦਿਖਾਵੇਗਾ ਪਰ ਅਜਿਹੇ ਵਕਤ ਕੀ ਸ਼ੀਸ਼ੇ ਦੀ ਸ਼ਕਤੀ ਖਤਮ ਹੋ ਗਈ ਹੈ ਜਾਂ ਕਮਜ਼ੋਰ ਹੋ ਗਈ ਹੈ ? ਅਜਿਹਾ ਕਿਉਂ ਹੈ ? ਕਿਉਂਕਿ ਸ਼ੀਸ਼ੇ ਨੇ ਬਾਹਰਲੀਆਂ ਵਸਤਾਂ ਨਾਲ ਕੋਈ ਰਿਸ਼ਤਾ ਹੀ ਨਹੀਂ ਜੋੜਿਆ। ਪ੍ਰਤੀਬਿੰਬਤ ਹੋਣ ਵਾਲੀਆਂ ਵਸਤਾਂ ਹਨ ਜਾਂ ਨਹੀਂ ਹਨ, ਸ਼ੀਸ਼ੇ ਉਪਰ ਕੋਈ ਅਸਰ ਨਹੀਂ। ਵਸਤਾਂ ਦੀ ਹਾਜ਼ਰੀ ਜਾਂ ਗੈਰਹਾਜ਼ਰੀ ਦਾ ਸ਼ੀਸ਼ੇ ਨੂੰ ਪਤਾ ਹੀ ਨਹੀਂ। ਇਥੇ ਰੌਸ਼ਨੀ ਗਿਆਨ ਹੈ, ਰੌਸ਼ਨੀ ਦੀ ਸਥਿਰਤਾ ਧਿਆਨ। ਗਿਆਨ ਅਤੇ ਧਿਆਨ ਜਿਸ ਬਿੰਦੂ ਉਤੇ ਇਕ ਹੁੰਦੇ ਹਨ ਉਸਨੂੰ ਮੁਕਤੀ ਕਹਿੰਦੇ ਹਨ। ਮੂਲ ਰੂਪ ਵਿਚ ਸ਼ੀਸ਼ਾ ਸਾਫ਼ ਸੀ, ਲਿਸ਼ਕਦਾ ਸੀ, ਇਸ ਉਪਰ ਗਰਦ ਜਮੀ ਤਾਂ ਸਾਫ ਕਰ ਦਿੱਤੀ। ਸਾਫ ਕਰਨ

ਨਾਲ ਸ਼ੀਸ਼ੇ ਨੂੰ ਕੋਈ ਨਵੀਂ ਸ਼ਕਤੀ ਨਹੀਂ ਮਿਲੀ, ਉਸ ਦੀ ਉਹ ਸ਼ਕਤੀ ਜਿਹੜੀ ਧੁੰਦਲੀ ਹੋਈ ਸੀ ਵਾਪਸ ਪਰਤ ਆਈ। ਗਰਦ ਸ਼ੀਸ਼ੇ ਦੀ ਉਪਜ ਨਹੀਂ ਹੈ, ਇਹ ਬਾਹਰੋਂ ਆਇਆ ਵਿਕਾਰ ਹੈ ਜੋ ਸ਼ੀਸ਼ੇ ਨੂੰ ਮੱਧਮ ਕਰਦਾ ਹੈ। ਅਸੀਂ ਸ਼ੀਸ਼ਾ ਸਾਫ਼ ਕਰਕੇ ਉਸਨੂੰ ਠੀਕ ਕੀਤਾ। ਜਦੋਂ ਕੋਈ ਆਖਦਾ ਹੈ– ਮੈਨੂੰ ਗਿਆਨ ਪ੍ਰਾਪਤ ਹੋ ਗਿਆ ਹੈ, ਉਹ ਅਗਿਆਨਤਾ ਪ੍ਰਗਟ ਕਰ ਰਿਹਾ ਹੈ। ਗਿਆਨ ਤੁਹਾਡੇ ਵਿਚ ਮੌਜੂਦ ਸੀ ਜਿਸ ਉਪਰ ਗਰਦ ਪੈ ਗਈ। ਗਰਦ ਹਟਾਉਣਾ ਕੋਈ ਪ੍ਰਾਪਤੀ ਨਹੀਂ ਹੁੰਦੀ। ਜਿਹੜਾ ਖੁਦ ਨੂੰ ਗਿਆਨੀ ਕਹਿੰਦਾ ਹੈ ਉਹ ਭਟਕਣ ਵਿਚ ਹੈ, ਅਜੇ ਉਸਨੂੰ ਰਸਤਾ ਨਹੀਂ ਲੱਭਾ। ਇਸ ਖੰਡ ਵਿਚ ਕੁੱਝ ਨਾ ਕੁੱਝ ਹੋਣਾ ਹੀ ਹੋਣਾ ਹੈ, ਖਾਮੋਸ਼ੀ ਗਰਜ ਹੈ, ਅਗਿਆਨਤਾ ਜਾਗਰਣ ਹੈ। ਇਹ ਜ਼ੇਨ ਦਾ ਸਾਰ ਤੱਤ ਹੈ।

ਕੰਨਖਜੂਰੇ ਨੂੰ ਪੁੱਛਿਆ– ਤੁਰਨ ਵੇਲੇ ਸਭ ਤੋਂ ਪਹਿਲਾਂ ਤੂੰ ਕਿਹੜੀ ਲੱਤ ਉਪਰ ਚੁਕਦੈਂ ਭਾਈ?

ਉਤਰ– ਜੇ ਤੇਰੇ ਸਵਾਲ ਦਾ ਜਵਾਬ ਲੱਭਣ ਲਗਾਂ, ਮੈਂ ਤੋਰ ਈ ਭੁੱਲ ਜਾਵਾਂ।

ਵਿਸਮਾਦ ਤੱਕ ਸਹਿਜੇ ਸਹਿਜੇ ਪੁੱਜਣ ਲਈ ਕੋਈ ਪੌੜੀ ਨਹੀਂ ਬਣੀ। ਸੂਖਮ ਅਨੁਭਵ ਅਚਾਨਕ ਵਾਪਰਦਾ ਹੈ, ਇਕੋ ਛਲਾਂਗ ਵਿਚ ਜਗਿਆਸੂ ਉਥੇ ਪੁਜਦਾ ਹੈ ਜਿਸਦਾ ਉਸਨੂੰ ਪਤਾ ਨਹੀਂ ਕਿਥੇ ਆ ਗਿਆ ਹਾਂ। ਨਾ ਇਹ ਬੇਹੋਸ਼ੀ ਹੈ ਨਾ ਹੋਸ਼, ਵਰਣਨ ਤੋਂ ਪਾਰ। ਹਰੇਕ ਮਨੁੱਖ ਅੰਦਰ ਉਹ ਸ਼ਕਤੀ ਹੈ ਜਿਸਨੂੰ ਰਸਤਾ ਦਿੱਸ ਜਾਂਦਾ ਹੈ, ਬਿਨਾਂ ਕਿਸੇ ਗੁਰੂ ਦੀ ਸਹਾਇਤਾ ਦੇ ਕਿਉਂਕਿ ਇਸ ਮੰਜ਼ਲ ਦੀ ਪ੍ਰਾਪਤੀ ਵਾਸਤੇ ਕੋਈ ਨਿਯਮਾਵਲੀ ਨਹੀਂ ਹੈ। ਗਿਆਨ ਦਾ ਸ੍ਵੈ ਪ੍ਰਕਾਸ਼ ਹੋਣ ਨਾਲ ਹਰ ਵਸਤੂ ਪਾਰਦਰਸ਼ੀ ਹੋ ਜਾਂਦੀ ਹੈ, ਆਲਾ ਦੁਆਲਾ ਧੂੜ ਮੁਕਤ ਹੋਕੇ ਨਿੱਖਰ ਜਾਂਦਾ ਹੈ। ਇਹੀ ਸਮਾਧੀ ਹੈ, ਇਹੀ ਗਿਆਨ, ਇਹੀ ਮੁਕਤੀ ਜਿਥੇ ਬੁੱਧੀ, ਤਰਕ, ਵਿਵਾਦ, ਸੰਵਾਦ ਸਭ ਸਮਾਪਤ ਹਨ, ਵਸਤਾਂ ਦੀ ਥਾਂ ਸੁੰਨਤਾ ਲੈ ਲੈਂਦੀ ਹੈ।

ਹਰੇਕ ਧਰਮ ਵਿਚ ਅਨੇਕ ਵਿਰੋਧਾਭਾਸ ਮਿਲਦੇ ਹਨ, ਇਕ ਕਥਨ ਦੂਜੇ ਕਥਨ ਨੂੰ ਕਟਦਾ ਹੈ। ਕਾਲੀਨ ਨੂੰ ਪੁੱਠੇ ਪਾਸਿਉਂ ਦੇਖੋ, ਗੰਢਾਂ, ਉਲਝਣ ਭਰਪੂਰ ਖਿਲਰਿਆ ਤਾਣਾ ਬਾਣਾ, ਸਿੱਧਾ ਕਰੋ ਅੱਖਾਂ ਚੁੰਧਿਆਂ ਦੇਣ ਵਾਲੀ ਸੁੰਦਰਤਾ ਪ੍ਰਗਟ ਹੋ ਜਾਏਗੀ। ਚੀਨੀ ਕਥਨ ਹੈ, "ਸਾਡੇ ਸਨਾਤਨੀ ਬਜ਼ੁਰਗ ਆਪਾ-ਵਿਰੋਧੀ ਕਥਨ ਕਰਿਆ ਕਰਦੇ ਸਨ ਕਿਉਂਕਿ ਉਨ੍ਹਾਂ ਨੇ ਸਾਨੂੰ ਅਧੂਰਾ ਸੱਚ ਨਹੀਂ ਦਿਖਾਉਂਣਾ ਸੀ।"

ਇਹੋ ਗੱਲ ਈਸਾਈ ਧਰਮ ਸ਼ਾਸਤ੍ਰੀ ਜ਼ਬਾਨ ਰਾਹੀਂ ਸਮਝਾਉਣੀ ਹੋਵੇ ਤਦ ਵਿਲੀਅਮ ਜੇਮਜ਼ ਦਾ ਹਵਾਲਾ ਦੇਣਾ ਯੋਗ ਹੈ, "ਗਰੀਬੀ ਰਾਹੀਂ ਜਗਿਆਸੂ ਅਪਣੀਆਂ ਵਾਸਨਾਵਾਂ ਤਿਆਗਦਾ ਹੈ, ਸ਼ੁੱਧ ਆਚਰਣ ਰਾਹੀਂ ਅਪਣੇ ਸਰੀਰ ਦੀ ਕੁਰਬਾਨੀ ਦਿੰਦਾ ਹੈ, ਆਤਮ ਸਮਰਪਣ ਉਸਦਾ ਬਲੀਦਾਨ ਹੈ, ਜੋ ਜੋ ਉਸਨੂੰ ਅਪਣਾ ਲੱਗਾ ਸੋ ਪ੍ਰਭੂ ਦੇ ਸਪੁਰਦ ਕਰ ਦਿੱਤਾ, ਇਉਂ ਲੱਕੜ ਦੀ ਗੇਲੀ ਵਰਗਾ ਹੋ ਗਿਆ, ਨਹੀਂ ਲੱਕੜ ਨੂੰ ਬਾਲ ਕੇ ਕੋਇਲਾ ਅਤੇ ਠੰਢੀ ਸੁਆਹ ਹੋ ਗਿਆ, ਚੇਤਨ ਤੋਂ ਅਚੇਤ ਹੋ ਗਿਆ। ਜ਼ੇਨ ਉਸਤਾਦ 'ਰੱਬ' ਸ਼ਬਦ ਨੂੰ ਛੱਡ ਕੇ ਬਾਕੀ ਸਭ ਕੁਝ ਉਹੀ ਕਹਿੰਦੇ ਹਨ ਜੋ ਦੂਜੇ ਧਰਮ ਰੱਬ ਸ਼ਬਦ ਵਰਤਦਿਆਂ ਕਹਿੰਦੇ ਹਨ।

ਇਗਨੇਸ਼ੀਆ ਦਾ ਕਥਨ ਹੈ, "ਮੈਂ ਮ੍ਰਿਤਕ ਦੀ ਲਾਸ਼ ਵਰਗਾ ਹਾਂ ਜਿਸ ਵਿਚ ਨਾ ਚੇਤਨਾ ਹੈ ਨਾ ਇੱਛਾ, ਮਿੱਟੀ ਵਾਂਗ ਹਾਂ ਜਿਸਨੂੰ ਜਿਥੇ ਮਰਜ਼ੀ ਟਿਕਾ ਦਿਉ ਉਜ਼ਰ ਨਹੀਂ ਕਰਦੀ, ਬੁੱਢੇ ਦੇ ਹੱਥ ਵਿਚ ਸੋਟੀ ਵਾਂਗ, ਜਿਹੜਾ ਅਪਣੀ ਲੋੜ ਅਨੁਸਾਰ ਇਸਤਮਾਲ ਕਰਕੇ ਜਿਥੇ ਜੀ ਕਰਦਾ ਹੈ ਰੱਖ ਦਿੰਦਾ ਹੈ।"

ਡੀ.ਟੀ. ਸੁਜ਼ੂਕੀ ਜਦੋਂ ਚੀਨੀ ਜ਼ਬਾਨ ਦੇ ਕਥਨ ਅੰਗਰੇਜ਼ੀ ਵਿਚ ਉਲਥਾਉਂਦਾ ਹੈ ਤਦ ਆਪਣੀ ਲਾਚਾਰੀ ਇਨ੍ਹਾਂ ਸ਼ਬਦਾਂ ਨਾਲ ਪ੍ਰਗਟ ਕਰਦਾ ਹੈ, "ਅਨੁਵਾਦ ਕਰਨ ਵੇਲੇ ਮੈਂ ਬੇਵਸ ਹੋ ਜਾਂਦਾ ਹਾਂ। ਚੀਨੀ ਬੋਲੀ ਦੇ ਵਾਕ ਇਕ ਦੂਜੇ ਨਾਲ ਜੁੜੇ ਹੋਏ ਨਹੀਂ ਹੁੰਦੇ ਤੇ ਇਕ ਸ਼ਬਦ ਦਾ ਇਕ ਅਰਥ ਵੀ ਨਹੀਂ ਹੁੰਦਾ। ਜਦੋਂ ਮੈਂ ਮੂਲ ਦਾ ਪਾਠ ਕਰਦਾ ਹਾਂ, ਗੱਲ ਸਪਸ਼ਟ ਦਿਸਦੀ ਹੈ, ਅਨੁਵਾਦ ਹੋਰ ਦੀ ਹੋਰ ਗੱਲ ਕਰਨ ਲੱਗਦਾ ਹੈ। ਇਹ ਸਮਝੋ ਕਿ ਮੈਂ ਮੂਲ ਪਾਠ

ਉਪਰ ਹਿੰਸਾ ਕਰਦਾ ਹਾਂ। ਅਨੁਵਾਦ ਕਰਨ ਵੇਲੇ ਅਰਥ ਦੀ ਥਾਂ ਭਾਵ ਦੂਜੀ ਬੋਲੀ ਵਿਚ ਜਾ ਸਕਦਾ ਹੈ। ਮੂਲ ਪਾਠ ਦੇ ਧਾਗੇ ਸਾਬਤ ਬਚਦੇ ਹੀ ਨਹੀਂ, ਮੂਲ ਪਾਠ ਦੀ ਭਾਵਨਾ ਅਤੇ ਖੂਬਸੂਰਤੀ ਵਿਚ ਜਿਹੜੀ ਵਾਸਤਵਿਕ ਕਲਾ ਸੀ, ਖੁਰਦ ਬੁਰਦ ਹੋ ਜਾਂਦੀ ਹੈ।"ਓਕਾਕੁਰਾ ਦੀ ਕਿਤਾਬ ਨੂੰ ਅਨੁਵਾਦਦਿਆਂ ਜੋ ਮੇਰੇ ਨਾਲ ਬੀਤੀ ਉਹ ਸੁਜ਼ੂਕੀ ਨੇ ਦੱਸ ਦਿੱਤੀ।

ਸ਼ੀਕੁੰਗ ਨੇ ਅਪਣੇ ਚੇਲੇ ਨੂੰ ਕਿਹਾ– ਕੀ ਖਾਲੀ ਥਾਂ ਨੂੰ ਫੜ ਸਕਦੇ ਹੋ ? ਚੇਲੇ ਨੇ ਕਿਹਾ– ਹਾਂ, ਇਹ ਕਹਿਕੇ ਜੱਫੀ ਪਾਣ ਵਾਂਗ ਦੋਵੇਂ ਬਾਹਵਾਂ ਹਵਾ ਵਿਚ ਫੈਲਾਅ ਦਿੱਤੀਆਂ ਤੇ ਕਿਹਾ– ਫੜ ਲਈ ਖਾਲੀ ਥਾਂ। ਉਸਤਾਦ ਨੇ ਕਿਹਾ– ਇਉਂ ਨਹੀਂ ਫੜੀ ਜਾਂਦੀ ਖਾਲੀ ਥਾਂ, ਆਹ ਦੇਖ, ਇਉਂ ਫੜੀਦੀ ਹੈ, ਇਹ ਕਹਿਕੇ ਉਸਨੇ ਚੇਲੇ ਦਾ ਘੁੱਟ ਕੇ ਨੱਕ ਫੜਿਆ ਤੇ ਖਿੱਚਿਆ। ਚੇਲਾ ਚੀਕਿਆ– ਤੁਸੀਂ ਤਾਂ ਤੋੜਨ ਹੀ ਲੱਗੇ ਸੀ ਨੱਕ ਮੇਰਾ। ਉਸਤਾਦ ਨੇ ਕਿਹਾ– ਖਾਲੀ ਥਾਂ ਫੜਨ ਦਾ ਹੋਰ ਕੋਈ ਤਰੀਕਾ ਈ ਨਹੀਂ। ਤੈਥੋਂ ਇਕ ਖਾਲੀ ਥਾਂ ਨਹੀਂ ਫੜੀ ਗਈ ਮੈਂ ਦੋ ਫੜ ਲਈਆਂ ਇਕੋ ਹੱਥ ਨਾਲ।

ਸਾਰੇ ਭਿੱਖੂ ਖਾਣ ਵਾਸਤੇ ਜੰਗਲੀ ਬੂਟੀਆਂ ਚੁਗ ਰਹੇ ਸਨ। ਇਕ ਬੂਟੀ ਪੁੱਟ ਕੇ ਭਿੱਖੂ ਨੇ ਦੂਜੇ ਨੂੰ ਕਿਹਾ– ਬੜੀ ਸੁਆਦ ਹੈ। ਲੈ, ਖਾ ਲੈ। ਦੂਜੇ ਨੇ ਕਿਹਾ– ਹੋਵੇ ਸੁਆਦ, ਮੈਂ ਨਹੀਂ ਖਾਣੀ। ਪਹਿਲੇ ਨੇ ਕਿਹਾ– ਕਦੀ ਖਾਧੀ ਹੈ ? ਦੂਜੇ ਨੇ ਕਿਹਾ– ਖਾਣੀ ਤਾਂ ਕੀ ਮੈਂ ਇਹ ਪਹਿਲੋਂ ਕਦੀ ਦੇਖੀ ਵੀ ਨਹੀਂ। ਪਹਿਲੇ ਨੇ ਕਿਹਾ– ਫਿਰ ਤੂੰ ਇਹ ਕਿਵੇਂ ਜਾਣੇਗਾ ਕਿ ਜੋ ਤੂੰ ਤਿਆਗਿਆ, ਉਹ ਕੀ ਸੀ ?

ਭਿੱਖੂ ਨੇ ਕੂਯਾਂ ਨੂੰ ਪੁੱਛਿਆ– ਤਾਓ ਕਿਥੇ ਹੈ ?

ਕੂਯਾਂ– ਐਨ ਸਾਹਮਣੇ।

ਭਿੱਖੂ– ਮੈਨੂੰ ਦਿਸਦਾ ਕਿਉਂ ਨਹੀਂ ?

ਕੂਯਾਂ– ਤੇਰਾ ਅੰਤ ਤੈਨੂੰ ਦਿਖਾਣੋ ਰੋਕਦਾ ਹੈ।

ਭਿੱਖੂ– ਤੁਹਾਨੂੰ ਦਿਸਦਾ ਹੈ ?

ਕੂਯਾਂ– ਜਦੋਂ ਤੱਕ 'ਤੈਨੂੰ', 'ਮੈਨੂੰ' ਕਰਦਾ ਰਹੇਗਾ ਨਹੀਂ ਦਿਸੇਗਾ। ਤੇਰ ਮੇਰ ਬੰਦ ਕਰ, ਦਿਸੇਗਾ।

ਬਾਦਸ਼ਾਹ ਸ਼ੁਨਸੁੰਗ ਨੇ ਬੋਧ ਸਾਧੂ ਇਉਤਾਈ (735–818) ਨੂੰ ਪੁੱਛਿਆ:

–ਬੋਧ ਗਿਆਨ ਕਿੱਥੇ ਹੈ ?

ਭਿੱਖੂ– ਜਿਸ ਥਾਂ ਤੋਂ ਇਹ ਸਵਾਲ ਆਇਆ ਹੈ ਉੱਥੇ ਨੇੜੇ ਹੀ ਹੈ।

***

ਯਾਓਸ਼ਾਂ ਚੌਕੜੀ ਮਾਰੀ ਸ਼ਾਂਤ ਬੈਠਾ ਸੀ ਕਿ ਭਿਖੂ ਆਇਆ ਤੇ ਪੁੱਛਿਆ:

–ਸ਼ਾਂਤ ਚਿਤ ਅਹਿਲ ਬੈਠੇ ਤੁਸੀਂ ਕੀ ਸੋਚ ਰਹੇ ਹੋ ?

ਯਾਓਸ਼ਾਂ– ਉਸ ਬਾਰੇ ਸੋਚ ਰਿਹਾਂ ਜੋ ਸੋਚਾਂ ਤੋਂ ਪਾਰ ਹੈ।

–ਜੋ ਸੋਚਾਂ ਤੋਂ ਪਾਰ ਹੈ, ਉਸ ਬਾਰੇ ਕਿਵੇਂ ਸੋਚਦੇ ਹੋ ?

ਯਾਓਸ਼ਾਂ– ਕੁਝ ਵੀ ਨਾ ਸੋਚਣ ਦੇ ਜ਼ਰੀਏ।

***

ਸ਼ੀਹ ਲੂ ਕੋਲ ਇੱਕ ਸਾਧੂ ਆਇਆ ਤੇ ਪੁੱਛਿਆ– ਮੈਨੂੰ ਇਹ ਨਹੀਂ ਪਤਾ ਮੇਰਾ ਜਨਮ ਕਿੱਥੇ ਹੋਇਆ ਸੀ। ਕਿਰਪਾ ਕਰਕੇ ਦੱਸੋਗੇ ?

ਸ਼ੀਹ ਲੂ– ਮੇਰੇ ਪਾਸ ਕੰਨ ਨਹੀਂ ਹਨ।

ਸਾਧੂ– ਖਿਮਾ ਮੰਗਦਾ ਹਾਂ। ਮੈਥੋਂ ਗਲਤੀ ਹੋ ਗਈ।

ਸ਼ੀਹ ਲੂ– ਨਹੀਂ, ਗਲਤੀ ਮੇਰੀ ਹੈ।

ਸਾਧੂ– ਤੁਹਾਡੀ ਗਲਤੀ ਕਿਵੇਂ ਹੋਈ ਸੁਆਮੀ ?

ਸ਼ੀਹ ਲੂ– ਜਦੋਂ ਤੁਸੀਂ ਕਿਹਾ, "ਮੇਰੀ ਗਲਤੀ ਹੈ", ਉਦੀਂ ਮੈਂ ਗਲਤ ਸਿਧ ਹੋ ਗਿਆ। ਸਾਧੂ ਸ਼ੀਹ ਲੂ ਤੋਂ ਥਾਪੜਾ ਲੈ ਕੇ ਝੁਕਿਆ, ਚਲਾ ਗਿਆ।

***

ਯਾਤਰੀ ਨੇ ਭਿੱਖੂ ਨੂੰ ਪੁੱਛਿਆ– ਧਰਮ ਸਿੱਖਣ ਦੀ ਕੋਈ ਵਿਧੀ ਹੈ ?

ਭਿੱਖੂ– ਹਾਂ ਹੈ।

–ਕੀ ਹੈ ?

ਭਿੱਖੂ– ਜਦ ਭੁੱਖ ਲੱਗਦੀ ਹੈ, ਖਾ ਲੈਂਦਾ ਹਾਂ, ਥਕ ਜਾਵਾਂ, ਸੌਂ ਜਾਂਦਾ ਹਾਂ।

–ਸਾਰੇ ਇਹੋ ਕਰਦੇ ਹਨ, ਤੁਹਾਡੀ ਕਰਨੀ ਵੱਖਰੀ ਕਿਵੇਂ ਹੈ ?

ਭਿੱਖੂ– ਹਾਂ ਬਿਲਕੁਲ ਵੱਖ।

–ਕੀ ਫਰਕ ਹੈ ?

ਭਿੱਖੂ– ਬਾਕੀ ਲੋਕ ਜਦੋਂ ਭੋਜਨ ਕਰਦੇ ਹਨ, ਉਹ ਕੇਵਲ ਖਾਣਾ ਨਹੀਂ ਖਾਂਦੇ, ਬਹੁਤ ਕੁਝ ਹੋਰ ਵੀ ਸੋਚੀ ਜਾਂਦੇ ਹਨ। ਜਦੋਂ ਸੌਣ ਲਗਦੇ ਹਨ, ਉਦੋਂ ਸੌਂਦੇ ਨਹੀਂ, ਦੇਰ ਤੱਕ ਊਟ ਪਟਾਂਗ ਗੱਲਾਂ ਸੋਚੀ ਜਾਂਦੇ ਹਨ।

ਇਸ ਪਿੱਛੋਂ ਜਗਿਆਸੂ ਨੇ ਕੋਈ ਸਵਾਲ ਨਹੀਂ ਪੁੱਛਿਆ।

ਮਾਜ਼ੂ ਦਾ ਇਹ ਕਥਨ ਬੜਾ ਪ੍ਰਸਿੱਧ ਹੋਇਆ,"ਮਨ, ਬੁੱਧ ਹੈ, ਹਰ ਰੋਜ਼ ਦਾ ਕਾਰ ਵਿਹਾਰ ਤਾਓ ਹੈ। ਅਸੀਂ ਸੂਰਜ ਵਾਂਗ ਰਹਿਣਾ ਹੈ ਜੋ ਨੇਕ ਅਤੇ ਬਦ ਉੱਪਰ ਇਕਸਾਰ ਲਿਸ਼ਕਦਾ ਹੈ, ਫੁੱਲਾਂ ਵਾਂਗ ਰਹਿਣਾ ਹੈ ਜਿਹੜੇ ਖਿੜਦੇ ਹੋਏ ਪਰਵਾਹ ਨਹੀਂ ਕਰਦੇ ਸਾਡੀ ਕੋਈ ਪ੍ਰਸ਼ੰਸਾ ਕਰਦਾ ਹੈ ਕਿ ਨਾ।"

ਜਦੋਂ ਤੁਸੀਂ ਆਪਣੇ ਮੂੰਹੋਂ 'ਬੁੱਧ' ਸ਼ਬਦ ਉਚਾਰਿਆ, ਸਾਰਾ ਦਿਨ ਕੁਰਲੀਆਂ ਕਰਦੇ ਰਹੋ। ਕੀ ਤੁਹਾਡਾ ਮੂੰਹ ਇਸ ਯੋਗ ਸੀ ? ਕੀ ਇਹ ਉਚਾਰਣ ਕਰਨ ਵਾਲਾ ਕੋਈ 'ਸ਼ਬਦ' ਹੈ ? ਤੁਹਾਡੇ ਘਰ ਦੇ ਵਿਹੜੇ ਵਿੱਚ ਵੱਡਾ ਸਾਰਾ ਚੌਰਸ ਪੱਥਰ ਪਿਆ ਸੀ ਜਿਸ ਉੱਤੇ ਬੈਠ ਕੇ ਤੁਸੀਂ ਖਾਣਾ ਖਾ ਲੈਂਦੇ, ਆਰਾਮ ਕਰ ਲੈਂਦੇ, ਸੌਂ ਜਾਂਦੇ। ਤੁਹਾਡੇ ਲਈ ਸੁਖਦਾਈ ਵਸਤੂ ਸੀ। ਇਕ ਦਿਨ ਤੁਹਾਡੇ ਘਰ ਚਿੱਤਰਕਾਰ ਆਇਆ, ਤੁਹਾਡੀ ਆਗਿਆ ਲੈ ਕੇ ਉਸਨੇ ਇਸ ਪੱਥਰ ਉੱਪਰ ਬੁੱਧ ਦੀ ਤਸਵੀਰ ਪੇਂਟ ਕਰ ਦਿੱਤੀ। ਹੁਣ ਤੁਸੀਂ ਇਸ ਪੱਥਰ ਉੱਪਰ ਬੈਠ ਨਹੀਂ ਸਕਦੇ, ਸੌਂ ਨਹੀਂ ਸਕਦੇ। ਲਾਗਿਓਂ ਲੰਘਣ ਵਕਤ ਸਿਰ ਝੁਕਾ ਲਿਆ ਕਰੋਗੇ। ਪੱਥਰ ਉਹੀ ਰਿਹਾ, ਪਹਿਲਾਂ ਤੁਹਾਡੇ ਲਈ ਸੁਖਦਾਇਕ ਸੀ, ਹੁਣ ਬੇਚੈਨੀ ਦਾ ਸਬੱਬ ਬਣਨ ਲੱਗਾ। ਮਨੁੱਖ ਨੇ ਪੱਥਰ ਉੱਪਰ ਆਪ ਚਿੱਤਰਕਾਰੀ

ਕਰਕੇ ਆਪਣੇ ਆਪ ਨੂੰ ਦੁਖੀ ਕਰ ਲਿਆ। ਜ਼ੇਨ ਇਸ ਤਰ੍ਹਾਂ ਦੀ ਮਾਨਸਿਕਤਾ ਦਾ ਵਿਰੋਧ ਕਰਦਾ ਹੈ। ਜਦੋਂ ਤੁਸੀਂ ਬੁੱਧ ਦਾ ਨਾਮ ਲੈਂਦੇ ਹੋ, ਬੁੱਧ ਨੂੰ ਅਤੇ ਆਪਣੀ ਜ਼ਬਾਨ ਨੂੰ ਜੂਠੀ ਕਰਦੇ ਹੋ। ਪੱਥਰ ਵਿੱਚ ਨਾ ਨੇਕੀ ਸੀ ਨਾ ਬਦੀ। ਮਨੁੱਖ ਦੇ ਇਕ ਕਰਤੱਵ ਨੇ ਉਸਨੂੰ ਪੂਜਨੀਕ ਕਰ ਦਿੱਤਾ। ਸੰਸਾਰ 'ਸੁੰਨ' ਹੈ, ਸੁੰਨ ਵਿੱਚੋਂ ਮਨੁੱਖ ਆਪਣੇ ਦੁੱਖ-ਸੁੱਖ ਆਪ ਘੜਦਾ ਹੈ। ਸੁਰਗ ਦੀਆਂ ਤਸਵੀਰਾਂ ਬਣਾ ਕੇ ਉਨ੍ਹਾਂ ਵਿੱਚ ਖੁਦ ਦਾ ਅਕਸ ਦੇਖ ਕੇ ਖ਼ੁਸ਼ ਹੁੰਦਾ ਹੈ, ਨਰਕ ਵਿਚਲੇ ਦੈਂਤ, ਅਜਗਰ ਬਣਾਉਂਦਾ ਹੈ, ਫਿਰ ਡਰ ਜਾਂਦਾ ਹੈ। ਜਦ ਅਨੁਭਵ ਹੋ ਜਾਵੇ, ਆਦਿ ਵਿੱਚ ਸੁੰਨ ਸੀ ਤੇ ਆਖ਼ਰ ਸੁੰਨ ਵਰਤੇਗੀ ਤਦ ਨਾ ਦੁੱਖ ਰਹਿੰਦੇ ਹਨ ਨਾ ਸੁੱਖ ਕਿਉਂਕਿ ਦੁੱਖਾਂ ਸੁੱਖਾਂ ਦੀ ਆਪਣੀ ਕਲਪਨਾ ਰਾਹੀਂ ਲੰਮੀ ਸੂਚੀ ਅਸੀਂ ਆਪ ਤਿਆਰ ਕੀਤੀ ਹੈ।

ਇਕ ਬੰਦਾ ਪਹਾੜੀ ਦੀ ਉੱਚੀ ਚੋਟੀ ਤੇ ਖਲੋਤਾ ਦਿਸਿਆ। ਜ਼ਮੀਨ ਤੇ ਖਲੋਤੇ ਇਕ ਬੰਦੇ ਨੇ ਕਿਹਾ- ਇਉਂ ਲਗਦੈ ਜਿਵੇਂ ਇਸ ਦਾ ਕੋਈ ਪਸ਼ੂ ਗੁਆਚ ਗਿਆ ਹੋਵੇ। ਦੂਜੇ ਨੇ ਕਿਹਾ- ਨਹੀਂ, ਆਪਣੇ ਦੋਸਤ ਦੀ ਉਡੀਕ ਕਰ ਰਿਹਾ ਹੈ। ਤੀਜਾ ਬੋਲਿਆ- ਨਹੀਂ ਨਹੀਂ, ਠੰਢੀ ਤਾਜ਼ੀ ਹਵਾ ਦਾ ਅਨੰਦ ਮਾਣ ਰਿਹੈ। ਤਿੰਨਾਂ ਦੀ ਆਪਸ ਵਿੱਚ ਸਹਿਮਤੀ ਤਾਂ ਨਾ ਹੋਈ ਪਰ ਚੜ੍ਹਾਈ ਚੜ੍ਹਦੇ ਅਜਨਬੀ ਕੋਲ ਪੁੱਜ ਗਏ। ਪਹਿਲੇ ਨੇ ਪੁੱਛਿਆ- ਕੋਈ ਪਸ਼ੂ ਗੁੰਮ ਗਿਆ? ਬੰਦੇ ਨੇ ਕਿਹਾ- ਨਹੀਂ। ਦੂਜੇ ਨੇ ਪੁੱਛਿਆ- ਕਿਸੇ ਦੋਸਤ ਦੀ ਉਡੀਕ ਵਿੱਚ ਹੈਂ? ਉਸ ਬੰਦੇ ਨੇ ਕਿਹਾ- ਨਹੀਂ, ਕਿਸੇ ਨੂੰ ਨਹੀਂ ਉਡੀਕ ਰਿਹਾ। ਤੀਜੇ ਨੇ ਪੁੱਛਿਆ- ਫਿਰ ਰੁਮਕਦੀ ਹਵਾ ਦਾ ਆਨੰਦ ਮਾਣਦਾ ਹੋਣੈ? ਬੰਦੇ ਨੇ ਕਿਹਾ- ਨਾ, ਕਿਸੇ ਹਵਾ ਹੁਵਾ ਦਾ ਆਨੰਦ ਨਹੀਂ ਮਾਣਿਆ। ਤਿੰਨਾਂ ਨੇ ਪੁੱਛਿਆ- ਫਿਰ ਖਲੋਤਾ ਕਿਉਂ ਹੈਂ ਇੱਥੇ? ਅਜਨਬੀ ਨੇ ਕਿਹਾ- ਖਲੋਤਾ ਹਾਂ ਬਸ, ਖਲੋਤਾ ਹਾਂ ਮੇਰੀ ਮਰਜ਼ੀ।

ਉਕਤ ਜ਼ੇਨ ਸਾਖੀ ਦਾ ਮਤਲਬ ਹੈ ਅਸੀਂ ਆਪੇ ਮਨਮਰਜ਼ੀ ਦੀ ਕਲਪਨਾ ਕਰਕੇ ਉਸ ਵਿੱਚ ਉਲਝਦੇ ਫਿਰਦੇ ਹਾਂ ਜਦੋਂ ਕਿ ਉਲਝਣ ਕਿਧਰੇ ਹੈ ਨਹੀਂ ਸੀ।

ਵਗਦੀ ਗਰਮ ਲੂਅ ਵਿੱਚ ਭਿੱਖੂ ਨੇ ਆਪਣੇ ਸਾਥੀ ਨੂੰ ਪੁੱਛਿਆ– ਗਰਮੀ ਤੋਂ ਰਾਹਤ ਕਿਵੇਂ ਮਿਲੇ ? ਦੂਜੇ ਨੇ ਉੱਤਰ ਦਿੱਤਾ– ਉਬਲਦੇ ਪਾਣੀ ਦੇ ਕੜਾਹੇ ਵਿੱਚ ਛਾਲ ਮਾਰਕੇ। ਪਹਿਲੇ ਨੇ ਪੁੱਛਿਆ– ਜੇ ਉੱਥੇ ਵੀ ਗਰਮੀ ਤੋਂ ਰਾਹਤ ਨਾ ਮਿਲੀ ? ਦੂਜੇ ਨੇ ਕਿਹਾ– ਉੱਥੇ ਸਾਰੀ ਰਾਹਤ ਹੀ ਰਾਹਤ ਹੈ, ਦੁੱਖ ਸੁੱਖ ਦੇ ਬੰਧਨ ਤੋਂ ਸਦੈਵ ਮੁਕਤੀ। ਭਿੱਖੂ ਦੁਬਿਧਾ ਮੁਕਤ ਹੋ ਗਿਆ।

ਸਾਧੂ ਨੇ ਭਿੱਖੂ ਨੂੰ ਪੁੱਛਿਆ– ਲੋ ਸ਼ਨ ਆਪਣਾ ਭਾਰੇ ਪੱਥਰ ਦਾ ਦਰਵਾਜ਼ਾ ਕਦੀ ਖੋਲ੍ਹਦਾ ਕਿਉਂ ਨਹੀਂ ? ਭਿੱਖੂ ਨੇ ਕਿਹਾ– ਓ ਮੂਰਖ, ਕੋਈ ਸਿਆਣਾ ਪੁਰਖ ਆਏ ਤਾਂ ਹੀ ਦਰਵਾਜ਼ਾ ਖੋਲ੍ਹੇ। ਸਾਧੂ ਨੇ ਫਿਰ ਪੁੱਛਿਆ– ਇਸਦਾ ਮਤਲਬ ਕੋਈ ਸਿਆਣਾ ਬੰਦਾ ਇੱਥੇ ਕਦੀ ਆਇਆ ਨਹੀਂ ? ਭਿੱਖੂ ਨੇ ਕਿਹਾ– ਆਜਾ ਚਾਹ ਪੀ ਲੈ।

ਪ੍ਰੋ. ਪੂਰਨ ਸਿੰਘ ਨੇ ਘਰ ਅਖੰਡ ਪਾਠ ਰਖਵਾਇਆ ਹੋਇਆ ਸੀ। ਸੁੱਤੇ ਪੂਰਨ ਸਿੰਘ ਨੂੰ ਜਗਾ ਕੇ ਅੰਮ੍ਰਿਤ ਵੇਲੇ ਇਕ ਪਾਠੀ ਨੇ ਪੁੱਛਿਆ– ਜੀ ਮੈਂ ਇਸ਼ਨਾਨ ਕਰਨਾ ਹੈ, ਗੁਸਲਖਾਨਾ ਕਿੱਧਰ ਹੈ ? ਪੂਰਨ ਸਿੰਘ ਨੇ ਖਿਝ ਕੇ ਗੁੱਸੇ ਵਿੱਚ ਕਿਹਾ– ਪਹਿਲਾਂ ਅੰਦਰਲਾ ਇਸ਼ਨਾਨ ਕਰ। ਫੇਰ ਅਗਲੀ ਗੱਲ ਕਰੀਂ। ਪਾਠੀ ਚੁੱਪ ਕਰਕੇ ਚਲਾ ਗਿਆ, ਕਿਸੇ ਹੋਰ ਨੂੰ ਪੁੱਛ ਕੇ ਇਸ਼ਨਾਨ ਕਰ ਲਿਆ। ਦਿਨ ਚੜ੍ਹਿਆ, ਉਹ ਤਿੰਨ ਚਾਰ ਹੋਰ ਸਿੱਖਾਂ ਸਮੇਤ ਪੂਰਨ ਸਿੰਘ ਕੋਲ ਆਇਆ, ਹੱਥ ਜੋੜ ਕੇ ਨਿਮਰਤਾ ਨਾਲ ਪੁੱਛਿਆ– ਜੀ ਸੁਵਖਤੇ ਆਪਜੀ ਨੇ ਅੰਦਰਲਾ ਇਸ਼ਨਾਨ ਕਰਨ ਦਾ ਹੁਕਮ ਦਿੱਤਾ ਸੀ। ਸਾਨੂੰ ਪਤਾ ਨਹੀਂ ਅੰਦਰਲਾ ਇਸ਼ਨਾਨ ਕਿਵੇਂ ਕਰੀਦਾ ਹੈ। ਕਿਰਪਾ ਕਰਕੇ ਦੱਸਣਾ ਕਰੋ ਹਜ਼ੂਰ। ਪੂਰਨ ਸਿੰਘ ਨੇ ਕਿਹਾ– ਚਾਹ ਪੀਣ ਨਾਲ। ਮੈਂ ਕਿਹਾ ਸੀ ਪਹਿਲਾਂ ਚਾਹ ਪਾਣੀ ਪੀਉ।

ਪਾਠੀਆਂ ਨੂੰ ਪੂਰਨ ਸਿੰਘ ਦੇ ਕਥਨ ਦੀ ਸਮਝ ਨਹੀਂ ਲੱਗੀ। ਜੇ ਮੈਂ 'ਦ ਬੁੱਕ ਆਫ ਟੀ' ਨਾ ਪੜ੍ਹਦਾ, ਮੈਨੂੰ ਕਿਹੜਾ ਪਤਾ ਲੱਗਣਾ ਸੀ ? ਪੂਰਨ ਸਿੰਘ ਜਾਪਾਨ ਨਾ ਜਾਂਦਾ ਤਦ ਉਸ ਨੇ ਇਹ ਵਾਕ ਨਹੀਂ ਬੋਲਣਾ ਸੀ। ਮੁਨਸ਼ੀ ਪ੍ਰੇਮਚੰਦ ਨੇ ਮੀਰ ਦਾ ਸ਼ਿਅਰ ਸੁਣਾ ਕੇ ਕਿਹਾ ਸੀ ਇਹ ਉਸਨੇ ਚਾਹ ਬਾਰੇ ਲਿਖਿਆ ਹੋਣਾ :

ਹਮ ਹੁਏ, ਤੁਮ ਹੁਏ, ਕਿ ਮੀਰ ਹੁਏ॥

ਉਨਕੀ ਜ਼ੁਲਫੋਂ ਕੇ ਸਬ ਅਸੀਰ* ਹੁਏ॥

ਬੁੱਧਮਤਿ ਦੇ ਅਨੇਕ ਫਿਰਕੇ ਹਨ, ਸਾਰੇ ਤਥਾਗਤ ਦੇ ਰਿਕਾਰਡਿਡ ਕਥਨਾਂ, ਧਰਮ ਗ੍ਰੰਥਾਂ ਉੱਪਰ ਆਧਾਰਿਤ ਹਨ ਜਦੋਂ ਕਿ ਜ਼ੇਨ ਇਸ ਪੱਖੋਂ ਸਾਰਿਆਂ ਤੋਂ ਵੱਖਰਾ ਅਤੇ ਵਚਿਤ੍ਰ ਹੈ। ਜ਼ੇਨ ਚਿੰਤਕ ਸਿਧਾਰਥ ਦੇ ਇਨ੍ਹਾਂ ਕਥਨਾਂ ਵੱਲ ਧਿਆਨ ਦਿਵਾਉਂਦੇ ਹਨ, "ਜੋ ਮੈਂ ਕਿਹਾ, ਉਸਨੂੰ ਇਸ ਕਰਕੇ ਨਾ ਮੰਨੀ ਜਾਇਉ ਕਿ ਇਹ ਇਕ ਸਤਿਕਾਰਯੋਗ ਸਾਧੂ ਦੇ ਬੋਲ ਹਨ। ਮੇਰੇ ਕਥਨਾਂ ਨੂੰ ਆਪਣੀ ਜ਼ਿੰਦਗੀ ਉੱਪਰ ਅਜਮਾਉ, ਜੇ ਖਰੇ ਨਾ ਉਤਰਨ, ਉਸੇ ਤਰ੍ਹਾਂ ਬੇਫਿਕਰ ਹੋਕੇ ਸੁੱਟ ਦੇਵੇ ਜਿਵੇਂ ਪਤਝੜ ਦੇ ਦਿਨੀ ਰੁੱਖ ਆਪਣੇ ਹਜ਼ਾਰਾਂ ਪੱਤੇ ਸੁੱਟ ਦਿੰਦੇ ਹਨ। ਅੰਧਕਾਰ ਵਿੱਚ ਆਪਣੇ ਰਸਤਿਆਂ ਦੇ ਚਰਾਗ ਆਪ ਬਣਨਾ। ਬੇੜੀ ਦਾ ਚੱਪੂ ਤੇ ਘੋੜੇ ਦੀ ਲਗਾਮ ਆਪਣੇ ਹੱਥ ਵਿੱਚ ਰੱਖਣੀ। ਕਿਸੇ ਦੀ ਸ਼ਰਨ ਵਿੱਚ ਜਾਣ ਦਾ ਮਨ ਕਰੇ, ਆਪਣੇ ਸ਼ਰਣਦਾਤੇ ਆਪ ਬਣਨਾ।" ਇਨ੍ਹਾਂ ਕਥਨਾਂ ਸਦਕਾ ਜ਼ੇਨ ਸਾਧੂ ਬਾਕੀ ਬੋਧ ਸੰਪਰਦਾਵਾਂ ਵਾਂਗ ਗੌਤਮ ਅਤੇ ਬੋਧ ਧਰਮ ਗ੍ਰੰਥਾਂ ਨੂੰ ਨਹੀਂ ਮੰਨਦੇ। ਉਹ ਗੌਤਮ ਅਤੇ ਧਰਮ ਗ੍ਰੰਥਾਂ ਦਾ ਨਿਰਾਦਰ ਨਹੀਂ ਕਰਦੇ, ਇਨ੍ਹਾਂ ਵਿੱਚੋਂ ਸੂਖਮ ਤੱਤ ਲਭਦੇ ਹਨ। ਉਹ ਆਪਣੇ ਚਿੰਤਨ ਨੂੰ ਆਤਮ (Self) ਉੱਪਰ ਕੇਂਦ੍ਰਿਤ ਕਰਦੇ ਹਨ। ਧਿਆਨ ਰਹੇ, ਆਤਮ ਦਾ ਆਤਮਾ (Soul, Spirit) ਨਾਲ ਕੋਈ ਸੰਬੰਧ ਨਹੀਂ, ਆਤਮ ਮਾਇਨੇ ਅੰਤਹਕਰਨ, ਸ੍ਵੈ, ਮਨ, ਉਹ ਚੇਤਨ ਕੇਂਦਰ ਜਿਸ ਦਾ ਸਰੀਰ ਹੁਕਮ ਮੰਨਦਾ ਹੈ। ਜ਼ੇਨ ਸਾਧੂ ਅਕਸਰ ਇਹ ਕਹਿੰਦੇ ਸੁਣੀਂਦੇ ਹਨ- ਜੇ ਅੱਜ ਤਥਾਗਤ ਹੁੰਦੇ ਤਦ ਉਹ ਇਸ ਸਮੱਸਿਆ ਦਾ ਸਮਾਧਾਨ ਇਸ ਤਰ੍ਹਾਂ ਕਰਦੇ। ਜ਼ੇਨ ਸਾਧੂ ਮੂਰਤੀਆਂ ਤੋੜਦੇ ਨਹੀਂ ਫਿਰਦੇ ਪਰ ਉਹ ਮੂਰਤੀ ਪੂਜਕ ਵੀ ਨਹੀਂ ਹਨ। ਜੋ ਸਤਿ ਤਥਾਗਤ ਨੇ ਪ੍ਰਗਟ ਕੀਤਾ ਉਹ ਉਨ੍ਹਾਂ ਤੋਂ ਪਹਿਲਾਂ ਵੀ ਸੀ, ਬਾਅਦ ਵਿੱਚ ਵੀ ਕਾਇਮ ਹੈ।

---

* ਕੈਦੀ

ਜ਼ੇਨ ਸਾਧੂ ਆਪਣੇ ਆਪ ਨੂੰ ਸਿਧਾਰਥ ਦੇ ਸਮਕਾਲੀ ਆਖਦੇ ਹਨ। ਸਮਕਾਲ ਦਾ ਅਰਥ ਉਹੋ ਸਦੀ, ਉਹ ਦੇਸ਼ ਨਹੀਂ ਜਿਥੇ ਸਿਧਾਰਥ ਨੇ ਜਨਮ ਲਿਆ ਸੀ, ਚਿੰਤਨ ਰਾਹੀਂ ਜੋ ਬੁੱਧ ਤੱਕ ਪੁੱਜ ਗਿਆ ਉਹ ਬੋਧੀ ਨਹੀਂ, ਬੁੱਧ ਹੋ ਗਿਆ। ਹਰੇਕ ਜਾਗ੍ਰਿਤ ਆਤਮ, ਬੁੱਧ ਹੈ। ਜਦੋਂ ਸਾਧੂ ਬੁੱਧ ਹੋ ਜਾਂਦਾ ਹੈ ਸਾਰੇ ਬੁੱਧਾਂ ਦੇ ਹੱਥਾਂ ਵਿੱਚ ਹੱਥ ਅਤੇ ਅੱਖਾਂ ਵਿੱਚ ਅੱਖਾਂ ਪਾ ਕੇ ਤੁਰਦਾ ਹੈ। ਆਪਣੇ ਸ੍ਵੈ ਤੋਂ ਪਰੇ ਹੋਰ ਕੋਈ ਬੁੱਧ ਨਹੀਂ ਹੈ। ਉਸਨੂੰ ਨਾ ਅਪਣਾਇਆ ਜਾ ਸਕਦਾ ਹੈ ਨਾ ਤ੍ਰਿਸਕਾਰਿਆ, ਨਾ ਉਹ ਬੋਲਾਂ ਵਿੱਚ ਹੈ ਨਾ ਖ਼ਾਮੋਸ਼ੀ ਵਿੱਚ। ਇਨ੍ਹਾਂ ਸਾਰੀਆਂ ਵਰਗ-ਵੰਡਾਂ ਤੋਂ ਉੱਪਰ ਉਸਦਾ ਟਿਕਾਣਾ ਹੈ। ਕਿਸੇ ਨੇ ਪੁੱਛਿਆ- ਚੰਦ ਕਿੱਥੇ ਹੈ ? ਭਿੱਖੂ ਨੇ ਉਂਗਲ ਅਸਮਾਨ ਵੱਲ ਕਰਕੇ ਕਿਹਾ- ਉੱਥੇ। ਭਿੱਖੂ ਦੀ ਉਂਗਲ ਚੰਦ ਨਹੀਂ ਪਰ ਚੰਦ ਵੱਲ ਇਸ਼ਾਰਾ ਕਰ ਸਕਦੀ ਹੈ। ਮੂਮੋ ਦੀ ਕਵਿਤਾ ਦਾ ਬੰਦ ਹੈ :

ਬਸੰਤ ਰੁੱਤ ਵਿੱਚ ਅਨੇਕ ਫੁੱਲ, ਪਤਝੜ ਵਿੱਚ ਚੰਦ।
ਗਰਮੀ ਵਿੱਚ ਰੁਮਕਦੀ ਠੰਢੀ ਪੌਣ, ਸਰਦੀ ਵਿੱਚ ਬਰਫ।
ਤੁਹਾਡੇ ਮਨ ਵਿੱਚ ਜੇ ਬੱਦਲਵਾਈ ਨਹੀਂ
ਤਦ ਹਰ ਮੌਸਮ ਸੁਹਾਵਣਾ ਮੌਸਮ ਹੈ।

ਜਿਸ ਦਿਨ ਠੇਕੇਦਾਰ ਇਮਾਰਤ ਪੂਰੀ ਕਰਕੇ ਮਾਲਕ ਨੂੰ ਸੌਂਪਦਾ ਹੈ, ਉਸੇ ਦਿਨ ਇਮਾਰਤ ਢਹਿਣੀ ਸ਼ੁਰੂ ਹੋ ਜਾਂਦੀ ਹੈ। ਬੱਚਾ ਜਨਮ ਦੇ ਪਲ ਤੋਂ ਬਾਦ ਮੌਤ ਵੱਲ ਵਧਣਾ ਸ਼ੁਰੂ ਕਰ ਦਿੰਦਾ ਹੈ। ਜੀਵ, ਜੀਵਨ ਤੋਂ ਮੌਤ ਵੱਲ ਨਹੀਂ ਵਧਦੇ, ਉਹ ਹਰ ਪਲ ਜੀ ਰਹੇ ਹਨ ਤੇ ਹਰ ਪਲ ਮਰ ਰਹੇ ਹਨ। ਜੀਵਨ ਨਹੀਂ ਤਾਂ ਮੌਤ ਨਹੀਂ, ਮੌਤ ਨਹੀਂ ਤਾਂ ਜੀਵਨ ਨਹੀਂ। ਦੋਵੇਂ ਇੱਕੋ ਸਿੱਕੇ ਦੇ ਦੋ ਪਾਸੇ ਹਨ। ਬੁੱਧ ਮੱਤ ਜਨਮ ਅਤੇ ਮੌਤ ਨੂੰ ਸੰਸਾਰ ਆਖਦਾ ਹੈ, ਦੋਹਾਂ ਤੋਂ ਮੁਕਤ ਹੋਣ ਨੂੰ ਨਿਰਵਾਣ।

ਜ਼ੇਨ ਕਿਸੇ ਤੇ ਨਿਰਭਰ ਨਹੀਂ, ਨਾ ਬੁੱਧ ਤੇ, ਨਾ ਗ੍ਰੰਥਾਂ ਤੇ। ਵੂ ਸੂ ਨੇ ਕਿਹਾ- ਜਦੋਂ ਤੁਹਾਡੇ ਮੁਖੋਂ 'ਬੁੱਧ' ਸ਼ਬਦ ਨਿਕਲੇ, ਤੁਰੰਤ ਕੁਰਲੀ ਕਰੋ। ਬੁੱਧ

ਅਤੇ ਬਾਕੀ ਧਰਮ ਗੁਰੂ ਤੁਹਾਡੇ ਖ਼ਤਰਨਾਕ ਦੁਸ਼ਮਣ ਹਨ। ਧਰਮ ਮਾਰਗ ਤੁਹਾਡੀ ਬੁੱਧੀ ਉੱਪਰ ਪਈ ਗਰਦ ਹੈ। ਰੰਗਾਂ ਆਵਾਜ਼ਾਂ ਦੇ ਸੰਸਾਰ ਵਿੱਚ ਅੰਨ੍ਹੇ ਬੋਲੇ ਹੋ ਕੇ ਸ਼ੂਨਯ ਵਿੱਚ ਪ੍ਰਵੇਸ਼ ਕਰੋ। ਦਾਇਤੋ (1282–1338) ਨੇ ਮਰਨ ਤੋਂ ਕੁਝ ਸਮਾਂ ਪਹਿਲਾਂ ਕਵਿਤਾ ਲਿਖੀ :

ਬੁੱਧਾਂ ਅਤੇ ਧਰਮ ਗੁਰੂਆਂ ਨੂੰ ਮਾਰ ਦਿਉ।
ਮੈਂ ਆਪਣੀ ਤਲਵਾਰ ਨਿਰੰਤਰ ਤਿੱਖੀ ਕਰਦਾ ਰਿਹਾ
ਜਦੋਂ ਕਾਲਚੱਕ੍ਰ ਘੁੰਮੇਗਾ
ਸੁੰਨਯਤਾ ਆਪਣੇ ਦੰਦ ਕ੍ਰੀਚੇਗੀ।

ਚਾਊਚੂ (778–897) ਬੋਧ ਮੰਦਰ ਲਾਗਿਓਂ ਲੰਘ ਰਿਹਾ ਸੀ ਤਾਂ ਇਕ ਭਿੱਖੂ ਨੂੰ ਬੁੱਧ ਮੂਰਤੀ ਅਗੇ ਸਤਿਕਾਰ ਨਾਲ ਝੁਕਦਿਆਂ ਦੇਖ ਕੇ ਭਿੱਖੂ ਦੇ ਜ਼ੋਰ ਦੀ ਚਪੇੜ ਮਾਰ ਕੇ ਕਿਹਾ– ਬੁੱਧ ਅੱਗੇ ਝੁਕਣਾ ਸਤਿਕਾਰਯੋਗ ਕੰਮ ਨਹੀਂ। ਭਿੱਖੂ ਨੇ ਕਿਹਾ– ਤੁਹਾਡੇ ਵਾਲੇ ਸਤਿਕਾਰਯੋਗ ਕੰਮਾਂ ਤੋਂ ਬਿਨਾਂ ਵੀ ਸਰ ਸਕਦਾ ਹੈ ਭੰਤੇ।

ਉਕਤ ਵਾਕ ਪੜ੍ਹਦਿਆਂ ਨੀਤਸ਼ੇ ਦਾ ਪਾਗਲ ਬੰਦਾ ਯਾਦ ਆ ਜਾਂਦਾ ਹੈ ਜਿਹੜਾ ਚਿਲਾ ਚਿਲਾ ਕਹਿ ਰਿਹਾ ਹੈ– ਰੱਬ ਮਰ ਗਿਆ ਹੈ। ਰੱਬ ਮਰ ਚੁੱਕਾ ਹੈ। ਅਸੀਂ ਮਾਰਿਆ ਹੈ ਉਸਨੂੰ।

ਜ਼ੇਨ ਸਾਧੂ ਆਖਦੇ ਹਨ– ਜੇ ਮੁਕਤੀ ਦੀ ਇੱਛਾ ਨਾਲ ਤਪੱਸਿਆ ਕੀਤੀ ਫਿਰ ਮੁਕਤੀ ਦੀ ਇੱਛਾ ਵੀ ਤ੍ਰਿਸ਼ਨਾ ਹੈ। ਸੰਸਾਰਕ ਇੱਛਾਵਾਂ ਮਾੜੀਆਂ ਹਨ ਤਦ ਮੁਕਤੀ ਦੀ ਇੱਛਾ ਸਵਾਰਥ-ਸਿਧੀ ਹੈ। ਸੰਸਾਰ ਅਤੇ ਮੁਕਤੀ ਦੋਵਾਂ ਦਾ ਤਿਆਗ ਕਰੋ ਕਿਉਂਕਿ ਜਦੋਂ ਤੱਕ ਮੁਕਤੀ ਦੀ ਇੱਛਾ ਖ਼ਤਮ ਨਹੀਂ ਹੁੰਦੀ ਦਵੈਤ ਤੋਂ ਛੁਟਕਾਰਾ ਸੰਭਵ ਨਹੀਂ। ਹਰੇਕ ਬੰਧਨ ਤੋਂ ਮੁਕਤ ਹੋਵੋ।

ਬਾਦਸ਼ਾਹ ਵੂ ਨੇ ਸਾਧੂ ਨੂੰ ਪੁੱਛਿਆ– ਪਵਿੱਤਰ ਸੱਚ ਕੀ ਹੁੰਦਾ ਹੈ?
ਸਾਧੂ ਨੇ ਕਿਹਾ– ਸ਼ੂਨਯਤਾ। ਪਵਿੱਤਰਤਾ ਬਿਲਕੁਲ ਨਹੀਂ।

ਯੁੰਗ ਚੀ ਦੀਆਂ ਪੰਕਤੀਆਂ ਦਾ ਅਕਸਰ ਹਵਾਲਾ ਦਿੱਤਾ ਜਾਂਦਾ ਹੈ–

ਦ੍ਰਿਸ਼ਟੀ ਸਾਫ਼ ਹੋਵੇ, ਕੋਈ ਵਸਤ ਦਿਖਾਈ ਨਹੀਂ ਦੇਵੇਗੀ।
ਨਾ ਮਨੁੱਖ ਦਿਸੇਗਾ, ਨਾ ਕਿਧਰੇ ਬੁੱਧ ਨਜ਼ਰ ਆਏਗਾ।

ਸਾਧੂ ਨੇ ਚਾਓ ਨੂੰ ਪੁੱਛਿਆ– ਮੈਂ ਖਾਲੀ ਹੱਥ ਤੁਹਾਨੂੰ ਮਿਲਣ ਆਵਾਂ, ਤੁਸੀਂ ਕੀ ਕਹੋਗੇ ? ਚਾਓ ਨੇ ਕਿਹਾ– ਮੈਂ ਕਹਾਂਗਾ– ਇਸ ਨੂੰ ਸੁੱਟ ਦੇਹ। ਸਾਧੂ ਨੇ ਕਿਹਾ– ਤੁਸੀਂ ਮੇਰੀ ਗੱਲ ਧਿਆਨ ਨਾਲ ਨਹੀਂ ਸੁਣੀ। ਮੈਂ ਕਿਹਾ ਕਿ ਮੈਂ ਤੁਹਾਨੂੰ ਮਿਲਣ ਆਵਾਂ, ਮੇਰੇ ਕੋਲ ਕੁਝ ਵੀ ਨਾ ਹੋਵੇ, ਫਿਰ ਤੁਸੀਂ ਕੀ ਕਹੋਗੇ ? ਚਾਓ ਨੇ ਕਿਹਾ– ਮੈਂ ਕਹਿ ਦਿਆਂਗਾ ਇਸ ਨੂੰ ਆਪਣੇ ਨਾਲ ਵਾਪਸ ਈ ਲੈ ਜਾਹ।

ਬੁੱਧ ਦੇ ਬੁੱਤ ਕੋਲੋਂ ਲੰਘਦਿਆਂ ਹਾਂਗ ਪੋ ਝੁਕ ਗਿਆ। ਭਿੱਖੂ ਨੇ ਪੁੱਛਿਆ– ਤੁਸੀਂ ਬੁੱਧ ਤੋਂ ਕੀ ਮੰਗਿਆ ? ਹਾਂਗ ਪੋ ਨੇ ਕਿਹਾ– ਮੈਂ ਕਿਹਾ ਸੀ ਹੇ ਸਾਕਯਮੁਨੀ ਮੈਨੂੰ ਕੁਝ ਨਹੀਂ ਚਾਹੀਦਾ, ਕੁਝ ਨਾ ਦੇਹ। ਭਿੱਖੂ ਨੇ ਕਿਹਾ– ਪਰ ਝੁਕਣ ਦਾ ਮਤਲਬ ਕੁਝ ਮੰਗਣਾ ਹੁੰਦਾ ਹੈ। ਹਾਂਗ ਪੋ ਨੇ ਭਿੱਖੂ ਦੇ ਚਪੇੜ ਜੜ ਦਿੱਤੀ। ਭਿੱਖੂ ਨੇ ਕਿਹਾ– ਇਹ ਦਾਦਾਗਿਰੀ ਠੀਕ ਨਹੀਂ। ਹਾਂਗ ਪੋ ਬੋਲਿਆ– ਨਾ ਦਾਦਾਗਿਰੀ ਨਾ ਸਾਧੂਗਿਰੀ, ਇੱਥੇ ਅਜਿਹਾ ਕੁਝ ਵੀ ਨਹੀਂ। ਇਹ ਗਿਰੀਆਂ ਤੂੰ ਆਪਣੇ ਨਾਲ ਚੁਕੀ ਫਿਰ। ਜੇ ਤੂੰ ਫਿਰ ਇਹੋ ਜਿਹੀ ਗੱਲ ਦੁਹਰਾਈ, ਮੈਂ ਵੀ ਇੰਨਾ ਦਿਆਲੂ, ਇੰਨਾ ਨਰਮ ਦਿਲ ਹਾਂ ਕਿ ਮੁੜ ਥੱਪੜ ਜੜ ਦਿਆਂਗਾ।

ਜ਼ੇਨ ਅਨੁਸਾਰ ਰੱਬ ਨੇ ਸ਼ੂਨਯਤਾ ਪੈਦਾ ਨਹੀਂ ਕੀਤੀ, ਸ਼ੂਨਯਤਾ ਵਿੱਚੋਂ ਮਨੁੱਖ ਨੇ ਰੱਬ ਪੈਦਾ ਕੀਤਾ ਹੈ।

ਗਿਆਨਦੱਤ ਸੁਣੱਖਾ ਜੁਆਨ ਸੀ। ਹਰ ਸਵੇਰ ਉਹ ਸ਼ੀਸ਼ੇ ਅੱਗੇ ਖਲੋ ਕੇ ਆਪਣੀ ਸ਼ਕਲ ਦੇਖਦਾ, ਖ਼ੁਸ਼ ਹੁੰਦਾ, ਮੁਸਕਾਂਦਾ। ਪਤਾ ਨਹੀਂ ਕੀ ਹੋਇਆ, ਸਵੇਰ ਹੋਈ, ਇਕ ਦਿਨ ਸ਼ੀਸ਼ੇ ਅੱਗੇ ਖਲੋਤਾ ਤਾਂ ਉਸਨੂੰ ਆਪਣਾ ਸਿਰ ਦਿਸਿਆ ਈ ਨਾ। ਸੋਚਣ ਲੱਗਾ, ਸਿਰ ਕਿਵੇਂ ਗੁੰਮ ਹੋ ਗਿਆ ? ਕਿੱਥੇ ਗੁੰਮ

ਹੋ ਗਿਆ? ਘਰ ਵਿੱਚ ਸਾਰੇ ਕਿਤੇ ਢੂੰਡਣ ਤੇ ਵੀ ਨਾ ਲੱਭਾ। ਲੱਭਦਿਆਂ ਲੱਭਦਿਆਂ ਉਸ ਨੂੰ ਖ਼ਿਆਲ ਆਇਆ- ਜੇ ਮੇਰਾ ਸਿਰ ਮੇਰੇ ਕੋਲ ਨਾ ਹੁੰਦਾ, ਫਿਰ ਮੈਂ ਸਿਰ ਲੱਭਣ ਵਾਸਤੇ ਬੇਚੈਨ ਕਿਉਂ ਹੁੰਦਾ? ਇਹ ਕੌਣ ਹੈ ਫਿਰ ਜਿਹੜਾ ਸਿਰ ਲੱਭਦਾ ਫਿਰਦਾ ਹੈ? ਉਹੋ, ਧਿਆਨ ਨਾਲ ਦੇਖਿਆ ਕਿਸੇ ਨੇ ਸ਼ੀਸ਼ਾ ਪੁੱਠਾ ਕਰਕੇ ਟੰਗ ਦਿੱਤਾ ਸੀ। ਤਦ ਗਿਆਨਦੱਤ ਨੇ ਜਾਣਿਆ- ਜਿੰਨਾ ਲੱਭੋਗੇ ਉਨਾ ਗੁਆਚੋਗੇ। ਸਿਰ ਹੁੰਦਿਆਂ ਸੁੰਦਿਆਂ ਸਿਰ ਲੱਭਦੇ ਫਿਰੋਗੇ ਤਾਂ ਨਹੀਂ ਲੱਭੇਗਾ। ਜੋ ਹੈ, ਜਦੋਂ ਜੋ ਨਹੀਂ ਹੈ ਦੀ ਖੋਜ ਕਰਨ ਲੱਗੇਗਾ ਤਦ ਉਲਝੇਗਾ। ਸਿਰ ਜੇ ਜਿਉਂਦਾ ਹੈ, ਚੇਤੰਨ ਹੈ ਤਦ ਇਹ ਖ਼ੁਦ ਨੂੰ ਨਹੀਂ ਹੋਰਾਂ ਨੂੰ ਦੇਖੇਗਾ। ਹੋਰ ਲੋਕ ਜਿਨ੍ਹਾਂ ਸਿਰਾਂ ਨੂੰ ਦੇਖਦੇ ਹਨ ਉਹ ਸਿਰ ਹੋਇਆ ਨਹੀਂ ਕਰਦੇ। ਇਹ ਸ੍ਵੈਪ੍ਰਕਾਸ਼ ਜਾਂ ਆਤਮ ਜਾਗ੍ਰਣ ਹੈ। ਜਿਹੜੇ ਸ਼ੀਸ਼ਾ ਸਿੱਧਾ ਨਹੀਂ ਕਰਨਗੇ ਉਹ ਸਾਰੀ ਉਮਰ ਸਿਰ ਲਭਦੇ ਫਿਰਨਗੇ।

ਦੇਖਣ ਵਾਲੇ ਨੂੰ ਦੋ ਪੰਜਾਬੀ ਜੁਆਨਾ ਦੀ ਗੁਫਤਗੂ ਵਿਚੋਂ ਜ਼ੇਨ-ਦਰਸ਼ਨ ਦਿੱਸ ਸਕਦਾ ਹੈ:

ਪਹਿਲਾ-ਮਾਂ ਦੀ ਗੱਲ ਸੁਣੀ ਹੁੰਦੀ ਆਹ ਦਿਨ ਨਾ ਦੇਖਣੇ ਪੈਂਦੇ...।

ਦੂਜਾ- ਕੀ ਕਹਿੰਦੀ ਹੁੰਦੀ ਸੀ ਮਾਂ?

ਪਹਿਲਾ- ਜਦ ਸੁਣੀਓ ਨੀਂ ਮੈਨੂੰ ਕੀ ਪਤਾ ਕੀ ਕਹਿੰਦੀ ਸੀ...।

ਇਕਯੂ ਛੱਬੀ ਸਾਲ ਦਾ ਸੀ ਜਦੋਂ ਨਦੀ ਕਿਨਾਰੇ ਕਿਸ਼ਤੀ ਵਿੱਚ ਬੈਠਾ ਧਿਆਨ ਮਗਨ ਸੀ। ਉਸਨੇ ਪੰਛੀ ਦੀ ਆਵਾਜ਼ ਸੁਣੀ, ਵਿਸਮਾਦ ਵਿੱਚ ਆ ਗਿਆ। ਆਨੰਦ ਵਿਭੋਰ ਹੋ ਕੇ ਆਸ਼ਰਮ ਦੇ ਮੰਦਰ ਵਿੱਚ ਪੂਜਾ ਕਰਦੇ ਗੁਰੂ ਕਾਸੋ ਨੂੰ ਮਿਲਿਆ। ਕਾਸੋ ਨੂੰ ਆਪਣੇ ਅਨੁਭਵ ਦੀ ਸਾਰੀ ਗੱਲ ਸੁਣਾਈ। ਕਾਸੋ ਨੇ ਕਿਹਾ- ਬਹੁਤਾ ਪ੍ਰਸੰਨ ਨਾ ਹੋ। ਅਜੇ ਤੂੰ ਅਰਹਤ ਦੀ ਅਵਸਥਾ ਤੱਕ ਪੁੱਜਾ ਹੈਂ। ਬੁੱਧ ਹੋਣ ਦੀ ਅਵਸਥਾ ਬਹੁਤ ਉੱਚੀ ਹੈ ਜਿਸ ਤੋਂ ਤੂੰ ਅਜੇ ਦੂਰ ਹੈਂ। ਬੁੱਧ ਹੋਣ ਲਈ ਸਮਾਂ ਲੱਗੇਗਾ। ਇਹ ਸੁਣਕੇ ਇਕਯੂ ਨੱਚਣ ਲੱਗ ਪਿਆ, ਕਹਿਣ ਲੱਗਾ- ਅਰਹਤ ਦੀ ਅਵਸਥਾ ਪਾ ਕੇ ਮੈਨੂੰ ਇੰਨਾ ਆਨੰਦ ਮਿਲਿਆ,

ਮੈਨੂੰ ਹੋਰ ਕਿਸੇ ਪ੍ਰਾਪਤੀ ਦੀ ਲੋੜ ਹੀ ਨਹੀਂ। ਮੈਂ ਅਰਹਤ ਠੀਕ ਹਾਂ। ਅਰਹਤ ਨੀਵਾਂ ਹੈ ਤਾਂ ਨੀਵਾਂ ਸਹੀ। ਮੈਂ ਨੀਵਾਂ ਠੀਕ ਹਾਂ। ਇਹ ਸੁਣ ਕੇ ਕਾਸੋ ਹੱਸ ਪਿਆ, ਕਿਹਾ- ਵਧਾਈ ਹੋਵੇ। ਤੂੰ ਬੁੱਧ ਹੋ ਚੁੱਕਾ ਹੈਂ। ਜਿਸਨੂੰ ਹੋਰ ਕਿਸੇ ਪ੍ਰਾਪਤੀ ਦੀ ਤਮੰਨਾ ਨਾ ਰਹੇ ਉਹ ਬੁੱਧ ਹੁੰਦਾ ਹੈ। ਤੈਨੂੰ ਸ੍ਵੈਪ੍ਰਕਾਸ਼ ਮਿਲ ਗਿਆ ਹੈ।

ਗੁਰੂ ਦੇ ਅਨੁਭਵ ਨਾਲ ਚੇਲਾ ਜੇ ਸਿੱਧ ਹੋ ਗਿਆ ਤਾਂ ਜ਼ੇਨ ਆਖਦੇ ਹਨ- ਇਹ ਅੱਧਾ ਅਧੂਰਾ ਹੈ। ਗੁਰੂ ਦਾ ਅਨੁਭਵ ਨਹੀਂ ਚਾਹੀਦਾ, ਆਪਣਾ ਅਨੁਭਵ ਸੁਤੰਤਰ ਪ੍ਰਾਪਤ ਕਰੋ। ਗੁਰੂ ਦਾਈ ਹੈ। ਦਾਈ ਗਰਭਵਤੀ ਔਰਤ ਦੀ ਸਹਾਇਤਾ ਕਰਦੀ ਹੈ ਕਿ ਬੱਚਾ ਜੰਮ ਸਕੇ। ਦਾਈ, ਗਰਭਵਤੀ ਔਰਤ ਨੂੰ ਆਪਣਾ ਜੰਮਿਆ ਬੱਚਾ ਨਹੀਂ ਦਿਆ ਕਰਦੀ। ਜ਼ੇਨ ਸਾਧੂ ਉਮੀਦ ਕਰਦੇ ਹਨ ਉਨ੍ਹਾਂ ਦੇ ਵਿਦਿਆਰਥੀ ਗੁਰੂਆਂ ਤੋਂ ਅੱਗੇ ਲੰਘਣ।

ਨਾਗਾਰਜੁਨ ਦਾ ਮੱਤ ਹੈ ਕਿ ਸ਼ੂਨਯ, ਧਰਮ ਹੈ, ਇਸ ਨੂੰ ਅਜਨਮਾ ਜਾਂ ਅਜੂਨੀ ਕਹਿ ਸਕਦੇ ਹਾਂ ਜਿੱਥੇ ਕਿਸੇ ਠੋਸ ਵਸਤ ਨੇ ਤਾਂ ਕੀ ਪੈਦਾ ਹੋਣਾ ਸੀ ਵਿਚਾਰ ਪੈਦਾ ਨਹੀਂ ਹੁੰਦਾ। ਜਾਗ੍ਰਿਤ ਮਨ ਅਜੂਨੀ ਹੈ, ਜਿਸਨੂੰ ਇਹ ਅਨੁਭਵ ਹੋ ਗਿਆ ਉਹ ਆਵਾਗੌਣ ਤੋਂ ਮੁਕਤ ਹੋ ਕੇ ਸ਼ੂਨਯ ਨੂੰ ਪ੍ਰਾਪਤ ਹੁੰਦਾ ਹੈ। ਅਜੂਨੀ ਦਾ ਜਨਮ, ਮਤਲਬ ਬੋਧ ਪ੍ਰਕਾਸ਼, ਉਚਤਮ ਪ੍ਰਾਪਤੀ ਹੈ। ਹਰੇਕ ਪ੍ਰਾਣੀ ਵਿੱਚ ਉਹ ਨੈਣ ਨਕਸ਼ ਮੌਜੂਦ ਹਨ ਜਿਹੜੇ ਉਸਦੇ ਮਾਪਿਆਂ ਦੇ ਜਨਮ ਤੋਂ ਪਹਿਲੋਂ ਘੜੇ ਜਾ ਚੁੱਕੇ ਸਨ। ਇਨ੍ਹਾਂ ਨਿਰਮਲ ਨੈਣ ਨਕਸ਼ਾਂ ਨੂੰ ਮੈਲੇ ਨਾ ਕਰੋਗੇ ਤਦ ਨਾ ਜਨਮ ਹੋਵੇਗਾ ਨਾ ਮੌਤ। ਸਾਰੀ ਤਲਾਸ਼ ਮੁਕ ਜਾਵੇਗੀ, ਸਾਰੀ ਉਲਝਣ, ਦੁਬਿਧਾ ਖ਼ਤਮ ਹੋ ਜਾਵੇਗੀ। ਮਨ ਵਿੱਚ ਕਦੀ ਬੋਧੀਸਤਵ ਪ੍ਰਾਪਤ ਕਰਨ ਦਾ ਖ਼ਿਆਲ ਆਏ ਤਾਂ ਸਮਝਣਾ ਅਜੇ ਤੁਹਾਡੀ ਮੰਜ਼ਲ ਦੂਰ ਹੈ। ਪ੍ਰਾਪਤੀ ਦਾ ਇਛੁਕ ਉਹ ਹੋਵੇ ਜੋ ਅਧੂਰਾ ਹੈ। ਕਲਪ ਵਿਕਲਪ ਸਮਾਪਤ ਹੋਣ ਦੀ ਉਡੀਕ ਕਰੋ। ਨਿਰਵਾਣ ਵਿੱਚ ਨਾ ਜਨਮ ਹੈ ਨਾ ਮੌਤ। ਵਿਆਪਕ ਸ਼ਾਂਤੀ ਦਾ ਨਾਮ ਸ਼ੂਨਯ ਹੈ। ਸੰਸਾਰ ਦਾ ਕੋਈ ਇਤਿਹਾਸ ਨਹੀਂ, ਸ਼ੂਨਯ ਵਲ ਯਾਤ੍ਰਾ ਦਾ ਇਤਿਹਾਸ ਹੈ। ਵਿਸ਼ਵ ਪਲ ਪਲ ਘੁਲ ਰਿਹਾ ਹੈ, ਵਿਸ਼ਵ ਪਲ ਪਲ ਮਿਟ ਰਿਹਾ ਹੈ।

ਮਾਤੂਰੀ ਸ਼ਾਇਰ ਦਾ ਕਥਨ ਹੈ :

ਕੋਈ ਪੁੱਛੇ ਮੈਨੂੰ
ਕਿ ਕੀ ਹੈ ਜਾਪਾਨੀ ਮਨ
ਕਹਾਂਗਾ ਪਹਾੜੀਆਂ ਉੱਪਰ
ਖਿੜਦੀ ਚੈਰੀ
ਚੜ੍ਹਦੇ ਸੂਰਜ ਦੀ ਮਹਿਕ।

ਜ਼ੇਨ ਮਾਸਟਰ ਇਹ ਵੀ ਕਹਿੰਦਾ ਹੈ, "ਜਦੋਂ ਮੈਨੂੰ ਜ਼ੇਨ ਦਾ ਪਤਾ ਨਹੀਂ ਸੀ, ਮੈਂ ਪਹਾੜ ਨੂੰ ਪਹਾੜ ਸਮਝਦਾ ਸਾਂ ਤੇ ਪਾਣੀ ਨੂੰ ਪਾਣੀ। ਧਿਆਨ ਲਾਇਆ ਤਾਂ ਪਤਾ ਲੱਗਾ, ਪਹਾੜ ਪਹਾੜ ਨਹੀਂ ਤੇ ਪਾਣੀ ਪਾਣੀ ਨਹੀਂ। ਹੁਣ ਜਦੋਂ ਧਰਮ ਦਾ ਪ੍ਰਕਾਸ਼ ਹੋ ਗਿਆ ਤਾਂ ਜਾਣ ਗਿਆ ਹਾਂ ਪਹਾੜ ਇਕਦਮ ਪਹਾੜ ਹੀ ਹੈ ਤੇ ਪਾਣੀ ਬਿਲਕੁਲ ਪਾਣੀ।" ਯਾਨੀ ਕਿ- ਪਰਦਾ ਉਠਾ ਕੇ ਮਾਰਾ, ਪਰਦਾ ਗਿਰਾ ਕੇ ਮਾਰਾ।

ਜ਼ੇਨ ਨੇ ਜਾਪਾਨੀ ਯੁੱਧ ਕਲਾ ਨੂੰ ਬਹੁਤ ਪ੍ਰਭਾਵਿਤ ਕੀਤਾ। ਜ਼ੇਨ ਸਿਧਮ ਸਿੱਧਾ, ਸਾਦਾ, ਸ੍ਵੈ-ਪ੍ਰਕਾਸ਼ਿਤ ਸਾਧਮਤਿ ਹੈ। ਕਿਧਰੋਂ ਹਮਲਾ ਹੋ ਜਾਏ, ਪਤਾ ਨਹੀਂ ਇਸ ਲਈ ਸਾਰੀਆਂ ਦਿਸ਼ਾਵਾਂ ਵੱਲ ਘਾਤ ਲਾ ਕੇ ਰੱਖਣੀ, ਆਤਮਾ ਨੂੰ ਜਾਗ੍ਰਿਤ ਅਤੇ ਪ੍ਰਚੰਡ ਰੱਖਣਾ ਸਮੁਦਾਇ ਦਾ ਵਿਧਾਨ ਹੈ, ਪ੍ਰਣ ਹੈ। ਜ਼ੇਨ ਅਤੇ ਯੋਧਾ ਲੋਹ-ਪੁਰਸ਼ ਹਨ ਜਿਨ੍ਹਾਂ ਦਾ ਇਕੋ ਇਕ ਮਨੋਰਥ ਵਿਜੇ ਹਾਸਲ ਕਰਨਾ ਹੈ। ਜ਼ੇਨ ਨੇ ਜਾਪਾਨੀ ਸੈਨਿਕਾਂ ਨੂੰ ਇਕਾਗਰਤਾ ਨਾਲ ਹਮਲਾ ਕਰਨ ਦੀ ਕਲਾ ਬਖ਼ਸ਼ੀ। ਇਸ ਪ੍ਰਥਾਇ ਗੁਰੂ ਗੋਬਿੰਦ ਸਿੰਘ ਦਾ ਇਹ ਸ਼ਬਦ ਪ੍ਰਸੰਗ ਅਨੁਕੂਲ ਹੈ:

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈਂ ਜੁਧੁ ਬਿਚਾਰੈ॥
ਦੇਹ ਅਨਿਤ ਨ ਤਿਨ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ॥
ਧੀਰਜ ਧਾਮ ਬਨਾਇ ਇਹੈ ਤਨ, ਬੁਧ ਸੁ ਦੀਪਕ ਜਿਉ ਉਜਿਆਰੈ॥
ਗਿਆਨਹਿ ਕੀ ਬਢਨੀ ਮਨੋ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥

(ਇਸ ਜਗਤ ਵਿੱਚ ਧੰਨ ਹੈ ਉਹ ਜੀਵ ਜੋ ਮੁੱਖ ਵਿੱਚ ਪਰਮੇਸਰ ਦਾ ਨਾਮ ਉਚਾਰਦਾ ਹੈ ਤੇ ਚਿਤ ਵਿੱਚ ਜੁੱਧ ਵਿਚਾਰਦਾ ਹੈ। ਇਹ ਸਰੀਰ ਸਥਾਈ ਨਹੀਂ ਹੈ, ਇਉਂ ਸਮਝੋ ਜਿਵੇਂ ਕਿਸ਼ਤੀ ਵਿੱਚ ਬੈਠ ਕੇ ਭਵ-ਸਾਗਰ ਤਰ ਲਿਆ। ਇਸ ਕਾਇਆ ਨੂੰ ਉਹ ਧੀਰਜ ਦਾ ਘਰ ਬਣਾਉਂਦਾ ਹੈ ਤੇ ਜਿਵੇਂ ਦੀਵਾ ਰੌਸ਼ਨੀ ਕਰਦਾ ਹੈ, ਬੁੱਧੀ ਉਸੇ ਤਰ੍ਹਾਂ ਚਾਨਣ ਕਰਦੀ ਹੈ। ਗਿਆਨ ਦਾ ਝਾੜੂ ਹੱਥ ਵਿੱਚ ਲੈ ਕੇ ਅੰਦਰਲੀ ਮੈਲ, ਡਰ ਹੂੰਝਕੇ ਬਾਹਰ ਸੁੱਟ ਦਿੰਦਾ ਹੈ।)

-ਕ੍ਰਿਸ਼ਨਾਵਤਾਰ, ਦਸਮ ਗ੍ਰੰਥ

ਇੱਥੇ ਇਕਾਗਰਤਾ ਵਿੱਚ ਗਤੀ ਅਤੇ ਗਤੀ ਵਿੱਚ ਇਕਾਗਰਤਾ ਹੈ। ਸਾਧੂ ਅਤੇ ਸੈਨਿਕ ਦਾ ਚਿੱਤ ਇਕਾਗਰਤਾ ਮੰਗਦਾ ਹੈ। ਨਿਸ਼ਾਨਾ ਸਾਫ਼ ਹੈ, ਤੀਰ ਸਿੱਧਾ ਤੇ ਬਿਰਤੀ ਇਕਾਗਰ, ਤਦ ਮੰਜ਼ਿਲ ਸਰ ਹੋਣੀ ਯਕੀਨੀ ਹੈ। ਗੁਰੂ ਗੋਬਿੰਦ ਸਿੰਘ ਨੇ ਜਦੋਂ ਕਿਰਪਾਨ ਨੂੰ ਧਰਮ ਦਾ ਪਵਿੱਤਰ ਅੰਗ ਐਲਾਨਿਆ, ਉਨ੍ਹਾਂ ਦਾ ਮਨੋਰਥ ਇਹੋ ਦੱਸਣਾ ਸੀ ਕਿ ਸੰਤ ਅਤੇ ਸਿਪਾਹੀ ਇਕੋ ਸ਼ਕਤੀ ਦੇ ਦੋ ਨਾਮ ਹਨ।

ਜਾਪਾਨ ਵਿੱਚ ਰਾਜਨੀਤਕ ਸ਼ਕਤੀ ਅਤੇ ਨੀਤੀ ਨੂੰ ਵੀ ਧਰਮ ਕਿਹਾ ਜਾਂਦਾ ਸੀ ਤੇ ਜ਼ੇਨ, ਪਰਜਾ ਦਾ ਧਰਮ ਸੁਤੰਤਰ ਵਿਚਰ ਰਿਹਾ ਸੀ। ਇਹ ਦੋਵੇਂ ਧਰਮ ਆਪੋ ਵਿੱਚ ਟਕਰਾਉ ਦੀ ਸਥਿਤੀ ਵਿੱਚ ਨਹੀਂ ਰਹੇ, ਇਕ ਦੂਜੇ ਦੇ ਸਹਾਇਕ ਰੂਪ ਵਜੋਂ ਵਿਚਰੇ। ਇਹੀ ਰੁਝਾਣ ਚੀਨ ਵਿੱਚ ਪ੍ਰਚਲਿਤ ਰਿਹਾ। ਚੀਨ ਦੇ ਲੋਕਾਂ ਦਾ ਰੁਝਾਣ ਸੀ ਕਿ ਧਰਮ ਗੁਰੂ, ਬਾਦਸ਼ਾਹਾਂ ਨਾਲੋਂ ਵਿੱਥ ਬਣਾਕੇ ਰੱਖਣ। ਬਾਦਸ਼ਾਹ ਸੂ ਸੁੰਗ (756-762 ਰਾਜਭਾਗ) ਦੇ ਬਾਰ ਬਾਰ ਬੇਨਤੀਆਂ ਕਰਨ ਤੇ ਭਿੱਖੂ ਹੁਈ ਚੁੰਗ ਜਦੋਂ ਮਹਿਲ ਵਿੱਚ ਆਉਣਾ ਮੰਨ ਗਿਆ ਤਦ ਜਿਨ੍ਹਾਂ ਨੇ ਪਾਲਕੀ ਚੁੱਕੀ, ਉਨ੍ਹਾਂ ਵਿੱਚੋਂ ਇਹ ਬਾਦਸ਼ਾਹ ਵੀ ਮੋਢਾ ਦੇਣ ਵਾਲਾ ਸੀ। ਭਿੱਖੂ ਨੇ ਵੀ ਇਸ ਤੇ ਕੋਈ ਇਤਰਾਜ਼ ਨਾ ਕੀਤਾ। ਦੂਜੇ ਪਾਸੇ ਲਾਉ ਸਾਂ ਵੀ ਸੀ ਜਿਸਨੂੰ ਬਾਦਸ਼ਾਹ ਤੇਸੁੰਗ (779-805 ਰਾਜਭਾਗ) ਨੇ ਕਈ ਵਾਰ ਸੱਦਾ ਭੇਜਿਆ ਪਰ ਭਿੱਖੂ ਨੇ ਆਪਣੀ ਕੁਟੀਆ ਵਿੱਚੋਂ ਬਾਹਰ ਆਉਣਾ ਮੁਨਾਸਬ ਨਹੀਂ ਜਾਣਿਆ।

ਬਾਦਸ਼ਾਹ ਦੇ ਸੱਦੇ ਤੇ ਇਕ ਵਾਰ ਭਿੱਖੂ ਮੋ ਚੋ ਦਰਬਾਰ ਵਿੱਚ ਚਲਾ ਗਿਆ। ਬਾਦਸ਼ਾਹ ਅਤੇ ਭਿੱਖੂ ਦੇ ਸਿੰਘਾਸਨ ਬਰਾਬਰ ਸੁਸ਼ੋਭਿਤ ਸਨ। ਬਾਦਸ਼ਾਹ ਨੇ ਕਿਹਾ– ਕੀ ਇਹ ਅਸਚਰਜ ਨਹੀਂ ਲਗਦਾ ਭੰਤੇ ਕਿ ਧਰਮ ਗੁਰੂ ਬਾਦਸ਼ਾਹ ਜਿੰਨੇ ਉੱਚੇ ਸਿੰਘਾਸਨ ਤੇ ਬਿਰਾਜਮਾਨ ਹੋਵੇ ? ਭਿੱਖੂ ਨੇ ਕਿਹਾ– ਕੀ ਇਹ ਅਸਚਰਜ ਨਹੀਂ ਲਗਦਾ ਮਹਾਰਾਜ ਕਿ ਨੀਵੀਂ ਥਾਂ ਤੇ ਬੈਠੇ ਭਿੱਖੂ ਬਰਾਬਰ ਨਿਮਰ ਹੋਕੇ ਬਾਦਸ਼ਾਹ ਬੈਠੇ ?

ਇੱਥੇ ਸੰਕੇਤਕ ਭਾਸ਼ਾ ਰਾਹੀਂ ਕਿਹਾ ਗਿਆ ਹੈ ਕਿ ਧਰਮ ਦਾ ਦਰਜਾ ਹਕੂਮਤ ਜਿਡਾ ਉਚਾ ਰਹੇ ਤੇ ਹਕੂਮਤ ਧਰਮੀ ਹੋਵੇ, ਨਿਮਰ ਹੋਵੇ, ਨੀਵੀਂ ਹੋਵੇ। ਤਾੜੀ ਵਜਾਉਣ ਵਾਸਤੇ ਦੋ ਹੱਥ ਚਾਹੀਦੇ ਹਨ ਪਰ ਧਰਮੀ ਬੰਦਾ ਇਕ ਹੱਥ ਨਾਲ ਵੀ ਤਾੜੀ ਵਜਾ ਸਕਦਾ ਹੈ। ਸੁੰਗ ਰਾਜ ਵੇਲੇ ਦੇ ਭਿੱਖੂ ਕੋਆਂ ਚੀਆਂ ਦਾ ਬੰਦ ਹੈ :

ਸੰਸਾਰਕ ਖਾਹਸ਼ਾਂ ਝੜ ਗਈਆਂ
ਧਰਮ ਸੰਸਕਾਰਾਂ ਤੋਂ ਪੱਲਾ ਛੁਟ ਗਿਆ
ਮੈਨੂੰ ਕੀ ਲੋੜ ਪਤਾ ਕਰਾਂ ਬੁੱਧ ਕਿੱਥੇ ਹੈ।
ਤੇਜ਼ ਕਦਮ ਉਧਰ ਜਾਂਦੇ ਹਨ ਜਿੱਥੇ ਬੁੱਧ ਗੈਰਹਾਜ਼ਰ ਹੈ।

ਇਹ ਅਵਸਥਾ 'ਸ਼ੂਨਯ' ਹੈ ਜੋ ਜ਼ੇਨ ਦੀ ਮਹਾਨਤਮ ਪ੍ਰਾਪਤੀ ਹੈ। ਗੁਰਬਾਣੀ ਦਾ ਫੁਰਮਾਨ ਹੈ :

ਰਾਜੁ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ॥

ਜ਼ੇਨ ਭਿੱਖੂ ਕਿਹਾ ਕਰਦੇ– ਸੰਪੂਰਨਤਾ ਨਾਲੋਂ ਅਪੂਰਨਤਾ ਚੰਗੀ ਹੈ ਕਿਉਂਕਿ ਕੋਈ ਭਿੱਖੂ ਅਪੂਰਨਤਾ ਨੂੰ ਸੰਪੂਰਨਤਾ ਕਰਦਾ ਕਰਦਾ ਸੰਪੂਰਨ ਹੋ ਜਾਏਗਾ। ਜਿੱਥੋਂ ਤੱਕ ਸ਼ੂਨਯਤਾ ਦਾ ਸਰੋਕਾਰ ਹੈ, ਇਹ ਸੰਪੂਰਨਤਾ ਤੋਂ ਪਾਰ ਹੈ। ਇਹ ਨਾ ਕਹੋ ਕਿ ਬ੍ਰਹਿਮੰਡ ਸ਼ੂਨਯਤਾ ਵਿੱਚ ਘਿਰਿਆ ਹੋਇਆ ਹੈ, ਸੱਚ

ਇਹ ਹੈ ਕਿ ਸ਼ੂਨਯਤਾ ਬ੍ਰਹਿਮੰਡ ਹੈ। ਸੱਚ ਕੋਈ ਅਜਿਹੀ ਵਸਤੂ ਨਹੀਂ ਜੋ ਅਸੀਂ ਪ੍ਰਾਪਤ ਕਰਨੀ ਹੈ, ਸੱਚ ਉਹ ਭੂਮੀ ਹੈ ਜਿੱਥੇ ਅਸੀਂ ਕਰਮਸ਼ੀਲ ਹੋਣਾ ਹੈ। ਨਿਆਂ ਲੈਣ ਅਤੇ ਨਿਆਂ ਦੁਆਉਣ ਵਾਸਤੇ ਯੁੱਧ ਕਰਨਾ ਧਰਮੀ ਬੰਦੇ ਦੀ ਮੰਜ਼ਿਲ ਹੈ। ਬੌਧਿਕਤਾ ਬਿਨਾਂ ਅਨੁਭਵ ਕਮਜ਼ੋਰ ਹੈ ਤੇ ਅਨੁਭਵ ਨਹੀਂ ਤਾਂ ਬੌਧਿਕਤਾ ਉਲਝਣ ਦਾ ਦੂਜਾ ਨਾਮ ਹੈ। ਦੋਵਾਂ ਦਾ ਸਮਤੋਲ ਧਰਮ ਦੀ ਸੋਝੀ ਦਏਗਾ।

ਸ਼ੁਕਰਾਨਾ

ਵੀਹਵੀਂ ਸਦੀ ਵਿੱਚ ਜ਼ੇਨ ਬੋਧਮਤਿ ਦੇ ਦੋ ਵੱਡੇ ਬੁੱਧੀਵਾਨ ਹੋਏ ਹਨ, ਪਹਿਲਾ ਦੇਸੇਜ਼ ਤੇਤ੍ਰੋ ਸੁਜ਼ੁਕੀ ਜਿਸ ਨੂੰ ਡੀ.ਟੀ. ਸੁਜ਼ੁਕੀ ਦੇ ਨਾਮ ਨਾਲ ਆਮ ਜਾਣਿਆ ਜਾਂਦਾ ਹੈ। ਇਸ ਦੀਆਂ ਲਿਖਤਾਂ ਮੁਸਾਫਰਾਂ ਵਾਸਤੇ ਚਰਾਗ ਹਨ। ਇਸ ਅਨੁਵਾਦਕੀ ਵਿੱਚ ਮੈਂ ਉਸ ਦੀ ਕਿਤਾਬ The Zen Doctrine of No- Mind, Rider Company, N.Y. 1970 ਦਾ ਸਹਾਰਾ ਲਿਆ। ਦੂਜਾ ਵਿਦਵਾਨ ਹੈ ਮਸਾਓ ਐਬੀ। ਐਬੀ ਆਪਣੇ ਆਪ ਨੂੰ ਸੁਜ਼ੁਕੀ ਦਾ ਵਿਦਿਆਰਥੀ ਦਸਦਾ ਹੈ, ਉਸਦੀਆਂ ਲਿਖਤਾਂ ਦੇ ਹਵਾਲੇ ਦਿੰਦਾ ਹੈ ਪਰ ਉਸਦਾ ਆਪਣਾ ਰੁਤਬਾ ਸੁਜ਼ੁਕੀ ਤੋਂ ਛੋਟਾ ਨਹੀਂ। ਅਸੀਂ ਉਸਦੀ ਕਿਤਾਬ Zen and Comparative Studies ਦਾ ਸਹਾਰਾ ਲਿਆ ਹੈ ਜੋ MacMillan Press Ltd London ਨੇ 1997 ਵਿੱਚ ਛਾਪੀ। ਇਨ੍ਹਾਂ ਦੋਵਾਂ ਵਿਦਵਾਨਾਂ ਨੇ ਗਾਹੇ ਬਗਾਹੇ ਸਾਡੇ ਨਾਇਕ ਕਾਕੂਜ਼ੋ ਓਕਾਕੁਰਾ ਦਾ ਜ਼ਿਕਰ ਆਪਣੀਆਂ ਲਿਖਤਾਂ ਵਿੱਚ ਕਰਨਾ ਹੀ ਸੀ, ਕੀਤਾ ਹੈ। ਇਨ੍ਹਾਂ ਵਡੇਰਿਆਂ ਨੂੰ ਪ੍ਰਣਾਮ ਅਤੇ ਸ਼ੁਕਰਾਨਾ।

ਗ੍ਰੰਥ ਦਾ ਨਾਮ ਜ਼ਫਰਨਾਮਾ, ਫਤਿਹਨਾਮਾ, ਰਹਿਤਨਾਮਾ, ਜੰਗਨਾਮਾ ਹੋ ਸਕਦਾ ਹੈ ਤਾਂ ਚਾਹਨਾਮਾ ਕਿਉਂ ਨਹੀਂ ?

ਪਟਿਆਲਾ | **ਹਰਪਾਲ ਸਿੰਘ ਪੰਨੂ**

20 ਜੂਨ 2021 | ਪ੍ਰੋਫ਼ੈਸਰ

ਜਾਣ ਪਛਾਣ

ਕਵੀ ਬਾਸ਼ੋ ਨੇ ਅਪਣੀ ਕਿਤਾਬ *ਮੇਰਾ ਬਸਤਾ* ਦੇ ਮੁੱਢ ਵਿਚ ਇਕ ਪੈਰਾ ਲਿਖਿਆ ਹੈ ਜਿਸਦਾ ਹਵਾਲਾ ਜਾਪਾਨੀ ਸਾਹਿਤ ਵਿਚ ਆਮ ਦਿੱਤਾ ਜਾਂਦਾ ਹੈ:

ਸ਼ਾਇਰੀ ਵਿਚ ਸੇਗੋ, ਟੱਪਿਆਂ ਵਿਚ ਸੋਗੀ, ਚਿਤਰਕਾਰੀ ਵਿਚ ਸੇਸ਼ੂ, ਚਾਹ ਮੇਜ਼ਬਾਨ ਵਜੋਂ ਰਿਕਿਯੂ, ਇਨ੍ਹਾ ਸਾਰਿਆਂ ਵਿਚ ਇਕੋ ਰੂਹ ਸਮਾਈ ਹੋਈ ਹੈ। ਕਲਾ ਦੇ ਖੇਤਰ ਵਿਚ ਉਚਕੋਟੀ ਦੀਆਂ ਮੰਜਲਾਂ ਮਾਰਨ ਵਾਲੇ ਉਕਤ ਹਰੇਕ ਜੀਨੀਅਸ ਵਿਚ ਇਕ ਗੁਣ ਸਾਂਝਾ ਹੈ: ਇਹ ਚਾਰੇ ਜਣੇ ਕੁਦਰਤ ਦੀਆਂ ਰੁੱਤਾਂ ਨਾਲ ਨਿਰੰਤਰ ਇਕਸੁਰ ਹਨ। ਇਨ੍ਹਾਂ ਦੇ ਦਿਲ ਅਤੇ ਮਨ ਨੇ ਜੋ ਕੁੱਝ ਵੀ ਦੇਖਿਆ ਆਖਰ ਫੁੱਲ ਨਿਕਲਿਆ, ਜਿਸ ਕਾਸੇ ਦਾ ਸੁਫਨਾ ਲਿਆ ਉਹ ਚੰਦ ਨਿਕਲਿਆ। ਕੋਈ ਵੀਰਾਨ ਮਨ, ਫੁੱਲ ਨੂੰ ਨਜ਼ਰੰਦਾਜ਼ ਕਰੇਗਾ, ਕੋਈ ਪਸ਼ੂ ਬਿਰਤੀ ਵਾਲਾ ਮਨ, ਚੰਦ ਦਾ ਸੁਫਨਾ ਨਹੀਂ ਲਵੇਗਾ। ਆਰਟਿਸਟ ਦਾ ਪਹਿਲਾ ਕੰਮ ਜਾਂਗਲੀ, ਪਸ਼ੂ ਬਿਰਤੀ ਵਾਲੇ ਦਿਲ ਅਤੇ ਮਨ ਉਪਰ ਕਾਬੂ ਪਾਉਣਾ ਹੈ, ਕੁਦਰਤ ਨਾਲ ਇਕਸੁਰ ਹੋਣਾ ਹੈ।

ਪਹਿਲੀ ਨਜ਼ਰੇ ਦੇਖਿਆਂ ਪੱਛਮੀ ਮਨ ਨੂੰ ਅਜੀਬ ਲੱਗੇਗਾ ਕਿ ਮਾਮੂਲੀ ਚਾਹ ਪੀਣ ਦੀ ਰਸਮ ਨੂੰ ਜਾਪਾਨ ਦਾ ਮਹਾਨਤਮ ਕਵੀ ਬਿਹਤਰੀਨ ਸ਼ਾਇਰੀ ਅਤੇ ਪੇਂਟਿੰਗ ਦੇ ਬਰਾਬਰ ਰਖ ਸਕਦਾ ਹੈ। ਗੱਲ ਇਸ ਤਰ੍ਹਾਂ ਨਹੀਂ ਕਿ ਵਧੀਆ

ਕਾਫੀ ਦੀ ਤੁਲਨਾ ਮਾੱਰਿਸ ਗ੍ਰੇਵਜ਼, ਜਾਂ ਵਾਂ ਗਾਗ ਦੀ ਪੇਂਟਿੰਗ ਨਾਲ ਕਰੀਏ ਪਰ ਜ਼ੇਨ ਮਾਨਸਿਕਤਾ ਵਾਸਤੇ ਇਹ ਉਦਾਹਰਣਾ, ਤੁਲਨਾਵਾਂ, ਪੂਰਨ ਸਹੀ ਹਨ। ਕੋਈ ਬੰਦਾ ਕਿਸੇ ਕ੍ਰਿਤ ਬਾਰੇ ਕਹਿ ਸਕਦਾ ਹੈ, "ਸਹੀ ਦ੍ਰਿਸ਼ਟੀਕੋਣ", "ਸਹੀ ਰਿਆਜ਼", ਇਹ ਸ਼ਬਦ ਆਰਟ ਦੇ ਖੇਤਰ ਵਿਚ ਅਹਿਮ ਹਨ। ਇਉਂ ਚਾਹ ਬਣਾਉਣ ਦੀ ਕਲਾ ਤੇ ਚਿਤਰਕਾਰੀ ਦੀ ਕਲਾ, ਧਿਆਨ ਅਤੇ ਅਭਿਆਸ ਤਾਂ ਮੰਗਦੀਆਂ ਹੀ ਹਨ। ਚਾਹ ਪੀਣ ਦੀ ਸਾਦਗੀ ਉਤਮ ਪੇਂਟਿੰਗ ਅਤੇ ਕਵਿਤਾ ਵਰਗੀ ਹੀ ਹੈ ਤੇ ਪੇਂਟਿੰਗ ਅਤੇ ਸ਼ਾਇਰੀ ਵਾਂਗ ਅੱਜ ਦਾ ਸੰਪੂਰਨ ਰੂਪ ਪ੍ਰਾਪਤ ਕਰਨ ਵਾਸਤੇ ਚਾਹ ਨੂੰ ਵੀ ਸਦੀਆਂ ਲੱਗੀਆਂ ਹਨ। ਤਕਰੀਬਨ ਇਕ ਸਦੀ ਪਹਿਲਾਂ ਓਕਾਕੁਰਾ ਕਾਕੂਜ਼ੋ ਨੇ ਲਿਖਿਆ ਸੀ:

ਹੋਂਦ ਦੀਆਂ ਪਾਗਲ ਉਲਝਣਾ ਦਾ ਮੰਝਦਾਰ ਜਿਸਨੂੰ ਅਸੀਂ ਜੀਵਨ ਕਹਿੰਦੇ ਹਾਂ, ਵਿੱਚ ਸਥਿਰਤਾ ਕਿਵੇਂ ਲਿਆਈਏ, ਅਸੀਂ ਜਾਣਦੇ ਨਹੀਂ। ਦੇਖਣ ਨੂੰ ਸੁਖੀ ਅਤੇ ਸੰਤੁਸ਼ਟ ਲਗਦੇ ਹਾਂ ਪਰ ਨਿਰੰਤਰ ਦੁੱਖ ਨਾਲ ਮੁਕਾਬਲਾ ਕਰਦੇ ਰਹਿੰਦੇ ਹਾਂ। ਆਪਣਾ ਨੈਤਿਕ ਸੰਤੁਲਨ ਬਣਾਉਣ ਦੀ ਕੋਸ਼ਿਸ਼ ਵਿੱਚ ਲੜਖੜਾਉਂਦੇ ਹਾਂ ਤੇ ਦੁਮੇਲ ਉੱਪਰ ਖਲੋਤੇ ਹਰੇਕ ਬੱਦਲ ਵਿੱਚ ਸਾਨੂੰ ਤੂਫ਼ਾਨ ਨਜ਼ਰ ਆਉਂਦੇ ਹਨ। ਤੂਫ਼ਾਨ ਵਿੱਚ ਕਿਉਂ ਨਾ ਵੜ ਜਾਈਏ ਜਾਂ ਫਿਰ ਲਿਚਜ਼ੂ ਵਾਂਗ ਤੂਫ਼ਾਨ ਉੱਪਰ ਸਵਾਰ ਕਿਉਂ ਨਾ ਹੋਈਏ ਤੇ ਲਗਾਮ ਕਸੀਏ? ਜਿਸ ਨੇ ਸੁੰਦਰ ਜੀਵਨ ਜੀਵਿਆ ਉਸੇ ਨੂੰ ਸੁੰਦਰ ਮੌਤ ਨਸੀਬ ਹੋਏਗੀ।

ਸੁਹਣੀ ਮੌਤ ਮਰਨਾ, ਜੀਵਨ ਨੂੰ ਆਰਟ ਦੇ ਮਹਾਨ ਕੰਮ ਦਾ ਹਿੱਸਾ ਬਣਾਉਣਾ ਹੁੰਦਾ ਹੈ। ਲਾਉਜ਼ੂ ਚਿਤਾਵਨੀ ਦਿੰਦਾ ਹੈ– ਖੂਬਸੂਰਤੀ ਅਤੇ ਬਦਸੂਰਤੀ ਦੇ ਬੀਜ ਹੁੰਦੇ ਹਨ। ਇਹ ਕਿਤੋਂ ਚੱਲ ਕੇ ਨਹੀਂ ਆਉਂਦੀਆਂ, ਸਾਡੇ ਅੰਦਰ ਜੋ ਕੁੱਝ ਮੌਜੂਦ ਹੈ ਉਸੇ ਦਾ ਪ੍ਰਗਟ ਰੂਪ ਹਨ। ਪੱਛਮ ਦਾ ਪਦਾਰਥਵਾਦੀ ਕਲਚਰ ਕਿਸੇ ਪੇਂਟਿੰਗ ਬਾਰੇ ਕਹੇਗਾ– ਇਹ ਤਾਂ ਲੱਖ ਡਾਲਰ ਕੀਮਤ ਦੀ ਹੈ।

ਜ਼ੇਨ ਚੇਤੇ ਕਰਾਉਂਦਾ ਹੈ ਕਿ ਸ਼ਾਹਕਾਰ ਨਾਸ਼ਵਾਨ ਹੈ। ਛੇਵੇਂ ਉਸਤਾਦ ਹੁਈ ਨੇਂਗ (638–713) ਨੂੰ ਜਦੋਂ ਸੰਪੂਰਣਤਾ ਪ੍ਰਾਪਤ ਹੋ ਗਈ ਉਸਨੇ ਆਪਣਾ ਸ਼ਾਹਕਾਰ *ਜਾਗਰਣ* ਅਗਨ ਭੇਟ ਕਰ ਦਿੱਤਾ ਸੀ। ਜ਼ੇਨ ਮਨ ਖੇੜੇ ਵਿਚ ਰਮਿਆਂ ਹੱਸ ਕੇ ਕਹੇਗਾ, "ਚਾਹ ਦਾ ਪਿਆਲਾ ਲਵੋ," ਜਾਂ "ਚੀਲ ਦੇ ਰੁੱਖਾਂ ਵਿਚੋਂ ਲੰਘਦੀਆਂ ਸ਼ੂਕਦੀਆਂ ਹਵਾਵਾਂ ਦਾ ਸੰਗੀਤ ਪੇਂਟ ਕਰੋ।"

ਆਰਟ ਉੱਤੇ ਟਿੱਪਣੀ ਕਰਦਿਆਂ ਓਕਾਕੁਰਾ ਲਿਖਦਾ ਹੈ:

> **ਸਾਡਾ ਮਨ ਕੈਨਵਸ ਹੈ ਜਿਸ ਉੱਪਰ ਚਿਤ੍ਰਕਾਰ ਰੰਗ ਵਿਛਾਉਂਦਾ ਹੈ, ਰੰਗਾਂ ਦੀ ਆਭਾ ਸਾਡੇ ਜਜ਼ਬਾਤ ਹਨ, ਉਨ੍ਹਾਂ ਦੀਆਂ ਧੁੱਪਾਂ ਛਾਵਾਂ ਸਾਡੀਆਂ ਖ਼ੁਸ਼ੀਆਂ ਗਮੀਆਂ। ਅਸੀਂ ਆਪ ਸ਼ਾਹਕਾਰ ਹਾਂ ਤੇ ਸ਼ਾਹਕਾਰ ਸਾਡਾ ਆਪਾ, ਸਾਡਾ ਵਜੂਦ ਹੈ। ਆਰਟ ਦਾ ਸੁਹਜ ਸੁਆਦ ਮਾਣਨ ਵਾਸਤੇ ਆਪਸੀ ਇਕਸੁਰਤਾ ਉੱਪਰ ਆਧਾਰਿਤ ਮਨਾਂ ਦਾ ਮਰਮ ਸੰਚਾਰ ਜ਼ਰੂਰੀ ਹੈ। ਸੰਦੇਸ਼ ਪ੍ਰਾਪਤ ਕਿਵੇਂ ਕਰਨਾ ਹੈ, ਦਰਸ਼ਕ ਉਡੀਕਵਾਨ ਹੋਵੇ ਅਤੇ ਕਲਾਕਾਰ ਨੂੰ ਪਤਾ ਹੋਵੇ ਸੁਨੇਹਾ ਦੇਣਾ ਕਿਵੇਂ ਹੈ। ਆਰਟਿਸਟ, ਪੇਂਟਿੰਗ ਅਤੇ ਦਰਸ਼ਕ ਤਿੰਨ ਵਸਤਾਂ ਨਹੀਂ, ਇਕ ਹਨ।**

ਸ਼ਿੰਗੋ ਬੋਧ ਸੰਪਰਦਾ ਦੇ ਮੋਢੀ ਅਤੇ ਚੀਨ ਵਿਚੋਂ ਚਾਹ ਦੇ ਬੀਜ ਜਾਪਾਨ ਵਿਚ ਲਿਆਉਣ ਵਾਲੇ ਪੁਰਾਣੇ ਸਾਧੂਆਂ ਵਿਚੋਂ ਇਕ, ਕੂਕਾਈ (774–835) ਨੇ ਪੜ੍ਹਾਇਆ ਕਿ ਬੋਧਮਤਿ ਵਿਚ ਤਾਓਵਾਦ ਅਤੇ ਕਨਫਿਉਸ਼ਿਆਵਾਦ ਦੇ ਸਾਰੇ ਜ਼ਰੂਰੀ ਤੱਤ ਮੌਜੂਦ ਹਨ। ਉਸਨੇ ਚਾਹਵਾਦ ਰਾਹੀਂ ਦੱਸਿਆ ਕਿ ਪ੍ਰਤੱਖ ਕੁਦਰਤ ਦਾ ਗੁਹਜ ਕੀ ਹੈ। ਉਸ ਦੀ ਦਿਲਚਸਪੀ ਦੇ ਬਾਵਜੂਦ ਕਈ ਸੌ ਸਾਲ ਤੱਕ ਬੋਧ ਰਸਮਾਂ ਦੌਰਾਨ ਚਾਹ ਦੀ ਰਸਮ ਉਲਝਣ ਵਿਚ ਪਈ ਰਹੀ। ਪ੍ਰਸਿੱਧ ਆਰਟਿਸਟ ਕੂਕਾਈ, ਲਿੱਪੀ ਮਾਹਿਰ ਅਤੇ ਸੰਸਕ੍ਰਿਤ ਦਾ ਵਿਦਵਾਨ ਸੀ ਜਿਸਦਾ ਬੋਧਮਤਿ ਪ੍ਰਤੀ ਦ੍ਰਿਸ਼ਟੀਕਣ ਬੌਧਿਕ ਅਤੇ ਧਾਰਮਿਕ ਦੋਵੇਂ ਤਰਾਂ

ਦਾ ਸੀ। ਉਸਨੇ ਜ਼ੋਰ ਦਿੱਤਾ ਕਿ ਸਹੀ ਗਿਆਨ ਪ੍ਰਾਪਤ ਕਰਨਾ ਹੈ ਤਾਂ ਸਿੱਧਾ ਸੰਸਕ੍ਰਿਤ ਤੋਂ ਪ੍ਰਾਪਤ ਕਰੋ ਜਿਸ ਵਿਚ ਅਨੰਤ ਸਤਿ ਹੈ। ਉਸਦਾ ਵਿਸ਼ਵਾਸ ਸੀ ਕਿ ਬੋਧਮਤਿ ਦੇ ਬਾਕੀ ਰੂਪ ਮਾਨਸਿਕ ਬਿਮਾਰੀਆਂ ਹਨ। ਕੂਕਾਈ ਦਾ ਮੰਨਣਾ ਸੀ ਕਿ ਚਾਹ ਸਿਹਤ ਵਾਸਤੇ ਚੰਗੀ ਹੈ ਤੇ ਧਾਰਮਿਕ ਰਸਮ ਨਿਭਾਉਣ ਵਾਸਤੇ ਚੰਗਾ ਦ੍ਰਵ ਹੈ ਪਰ ਉਸਦਾ ਧਾਰਮਿਕ ਅਭਿਆਸ ਕੇਵਲ ਰਸਮ ਵਿਚ ਨਹੀਂ ਅਧਿਐਨ ਵਿਚ ਸੀ।

ਸੋਲ੍ਹਵੀਂ ਸਦੀ ਦੌਰਾਨ ਚੀਨ ਵਿਚ ਬੋਧਮਤਿ ਦਾ ਸੰਵਾਦ ਜਦੋਂ ਤਾਓਵਾਦ ਨਾਲ ਹੋਇਆ ਤਦ ਕਿਹਾ ਜਾਂਦਾ ਹੈ ਜ਼ੇਨ ਪੈਦਾ ਹੋਇਆ। ਧਰਮ, ਬਾਣੀ, ਗ੍ਰੰਥ ਤੋਂ ਬਾਹਰਲਾ ਅਨਭਉ ਪ੍ਰਕਾਸ਼, ਲਿਖਤੀ ਧਰਮ ਗ੍ਰੰਥ ਉੱਪਰ ਆਸਰਿਤ ਨਹੀਂ, ਕੇਵਲ ਅਪਣੀ ਅੰਤਰਾਤਮਾ ਵਲ ਸੇਧਿਤ, ਆਪਣੇ ਆਪ ਨੂੰ ਪਛਾਣਕੇ ਬੋਧਤਵ ਦੀ ਪ੍ਰਾਪਤੀ ਹੈ। ਬੈਠ ਕੇ ਧਿਆਨ ਅਭਿਆਸ ਕਰਨ ਨਾਲ ਦਵੈਤ, ਜਿਹਾ ਕਿ ਆਤਮਪਰਕ, ਵਸਤੂਪਰਕ ਜਾਂ ਸਤਿ, ਮਿਥਿਆ ਆਦਿਕ ਸਭ ਖਤਮ ਹੋ ਜਾਂਦੀ ਹੈ। ਹੁਈ ਨੇਂਗ ਨੇ ਖਾਮੋਸ਼, ਇਕਾਂਤ ਆਤਮਪ੍ਰਕਾਸ਼ ਉਪਰ ਜ਼ੋਰ ਦਿੱਤਾ ਤੇ ਸ਼ਿਕੰਜਾ ਕਸੋ, ਯਾਨੀ ਕਿ ਇਕਾਗਰ ਚਿੱਤ ਬੈਠੋ ਦੀ ਵਕਾਲਤ ਕੀਤੀ। ਤਦ ਜ਼ੇਨ ਪਰੰਪਰਾਗਤ ਧਰਮ ਦੀ ਥਾਂ ਫਿਲਾਸਫੀ ਦੀ ਟਕਸਾਲ ਵਧੀਕ ਬਣ ਗਿਆ। ਪੱਛਮ ਵਿਚ ਇਸਦੀ ਇਹੋ ਅਪੀਲ ਹੈ: ਪੱਕਾ ਯਹੂਦੀ, ਈਸਾਈ ਜਾਂ ਨਾਸਤਿਕ ਹੁੰਦਿਆਂ ਵੀ ਕੋਈ ਜ਼ੇਨ ਦਾ ਅਭਿਆਸੀ ਹੋ ਸਕਦਾ ਹੈ। ਜ਼ੇਨ ਦੇ ਅਭਿਆਸ ਕਰਨ ਵਿਚ ਕੋਈ ਧਾਰਮਿਕ ਬਖੇੜਾ ਨਹੀਂ ਕਿਉਂਕਿ ਜ਼ੇਨ ਦਾ ਇਸ ਗੱਲ ਨਾਲ ਕੋਈ ਵਾਸਤਾ ਨਹੀਂ ਕਿ ਰੱਬ ਹੈ ਕਿ ਨਾ, ਨਾ ਹੀ ਇਹ ਧਰਮ ਗ੍ਰੰਥ ਬਾਰੇ ਫਤਵੇ ਦਿੰਦਾ ਹੈ। ਜ਼ੇਨ ਮਨ ਸਾਧਾਰਨ ਰੋਜ਼ਮੱਰਾ ਵਾਲਾ ਮਨ ਹੈ ਅਤੇ ਚਾਹ ਦੀ ਰਸਮ ਉਸੇ ਤਰਾਂ ਹੈ ਜਿਵੇਂ ਬਾਗ ਵਿਚ ਝਾੜੂ ਮਾਰਨਾ, ਝੋਨਾ ਲਾਉਣਾ ਜਾਂ ਮੇਜ਼ ਕੁਰਸੀ ਤੇ ਪੜ੍ਹਨ ਲਿਖਣ ਦਾ ਕੰਮ ਕਾਜ ਕਰਨਾ, ਸੁੱਚਜਾ ਪਰ ਆਮ, ਧਰਮ ਦੀ ਰਸਮ ਪਰ ਮਕਾਨਕੀ ਨਹੀਂ ਸਗੋਂ ਹਿਤਕਾਰੀ, ਸ੍ਵੈ ਸੰਪੰਨ। ਜ਼ੇਨ ਮਾਨਸਿਕਤਾ ਓੜ੍ਹ ਲੈਣ ਨਾਲ ਕੰਮ ਦੀ ਹਰ ਵੰਨਗੀ ਸਾਦਗੀ-ਪੂਰਨ ਅਤੇ ਰੌਸ਼ਨ ਹੋ ਜਾਂਦੀ ਹੈ। ਚਾਹ ਦੀ ਰਸਮ ਆਰਟ ਬਣ ਜਾਂਦੀ ਹੈ, ਕੋਈ ਚਿੰਨ੍ਹ

ਜਾਂ ਰੂਪਕ ਨਹੀਂ ਸਗੋਂ ਇਥੇ, ਹੁਣੇ, ਇਹੀ..., ਜ਼ੇਨ ਅਭਿਆਸ ਦੀ ਜੜ੍ਹ ਹੈ। ਬਾਸ਼ੋ ਨੇ ਕਵੀਆਂ ਨੂੰ ਜਿਹੜੀ ਸਲਾਹ ਦਿੱਤੀ ਉਹ ਚਾਹਵਾਦ ਨਾਲ ਮਿਲਦੀ ਜੁਲਦੀ ਹੈ,"ਪਿੰਗਲ ਦੇ ਸਾਰੇ ਨਿਯਮ ਸਿਖੋ, ਫਿਰ ਭੁੱਲ ਜਾਉ।" ਉਹ ਪਿੰਗਲ ਦੇ ਦਸਤੂਰ ਨੂੰ ਸੁੱਟਦਾ ਨਹੀਂ ਸਗੋਂ ਕਹਿੰਦਾ ਹੈ ਪਰੰਪਰਾ ਤੋਂ ਇਉਂ ਵਾਕਫ ਹੋਵੋ ਕਿ ਅਭੇਦ ਹੋ ਜਾਉ। ਹਾਈਕੂ, ਚਾਹ ਅਤੇ ਚਿਤਰਕਾਰੀ ਬਾਸ਼ੂ ਲਈ ਸਾਰਾ ਕੁੱਝ ਜ਼ੇਨ ਦੀਆਂ ਪਰਛਾਈਆਂ ਹਨ। ਸਾਲਾਂ ਬੱਧੀ ਬੈਠ ਕੇ, ਹਰ ਰੋਜ਼ ਧਿਆਨ ਲਾਉਣ ਨਾਲ ਕਲਾਕਾਰ ਦੀ ਚੇਤਨਾ ਜਾਗ੍ਰਿਤ ਹੁੰਦੀ ਹੈ।

ਲਿਨਜ਼ੇ ਸੰਪਰਦਾ (ਲਿਨ ਚੀ, ਮੌਤ 866ਈ, ਦੇ ਨਾਮ ਤੇ ਨਾਮਕਰਣ ਹੋਇਆ) ਦਾ ਮੋਢੀ ਜ਼ੇਨ ਸਾਧੂ ਅਈਸੇ ਬਾਰ੍ਹਵੀਂ ਸਦੀ ਵਿਚ ਬੋਧ ਧਰਮ ਦਾ ਅਧਿਐਨ ਕਰਕੇ ਚੀਨ ਵਿਚੋਂ ਅਪਣੇ ਨਾਲ ਚਾਹ ਦੇ ਬੀਜ ਲਿਆਇਆ ਅਤੇ ਮੰਦਰ ਦੇ ਬਗੀਚੇ ਵਿਚ ਬੀਜ ਦਿੱਤੇ। ਉਸਨੇ ਜਾਪਾਨ ਦੀ ਪਹਿਲੀ ਚਾਹ ਕਿਤਾਬ, ਕਿੱਸਾ ਯੋਜੀਕੀ (ਸਿਹਤਯਾਬੀ ਲਈ ਚਾਹ) ਲਿਖੀ ਤੇ ਕਿਹਾ ਜਾਂਦਾ ਹੈ ਕਿ ਚਾਹ ਉਦਯੋਗ ਦਾ ਮੋਢੀ ਇਹੋ ਮਹਾਂਪੁਰਖ ਹੈ। ਅਈਸੇ ਨੇ ਚਾਹ ਦੀ ਰਸਮ ਪ੍ਰਫੁੱਲਤ ਕਰਨ ਵਾਸਤੇ ਬਹੁਤ ਯਤਨ ਕੀਤੇ ਪਰ ਲਿਨਜ਼ੇ ਸਲਤਨਤ ਦੇ ਆਗਮਨ ਤਕ ਇਸਦਾ ਬੋਲਬਾਲਾ ਨਾ ਹੋ ਸਕਿਆ। ਹੁਣ ਅਸੀਂ ਜਾਣ ਸਕੇ ਹਾਂ ਕਿ ਅਈਸੇ ਦੇ ਦਾਅਵੇ ਅਨੁਸਾਰ ਗਰੀਨ ਚਾਹ ਸਿਹਤ ਲਈ ਵਧੀਆ ਹੈ, ਕਥਨ ਸਹੀ ਸਾਬਤ ਹੋਇਆ। ਆਧੁਨਿਕ ਖੋਜ ਅਨੁਸਾਰ ਇਹ ਕੈਂਸਰ ਤੋਂ ਬਚਾਅ ਕਰਦੀ ਹੈ, ਕੋਲੈਸਟ੍ਰੋਲ ਅਤੇ ਵੱਧ ਬਲੱਡ ਪ੍ਰੈਸ਼ਰ ਨੂੰ ਕਾਬੂ ਵਿਚ ਰਖਦੀ ਹੈ।

ਤਾਂ ਵੀ ਜਦੋਂ ਤਕ ਜ਼ੇਨ ਉਸਤਾਦ ਰਿਕਯੂ ਨੇ ਚਾਹ ਦੀ ਰਸਮ ਨੂੰ ਨੇਮਬਧ ਨਹੀਂ ਕੀਤਾ ਉਦੋਂ ਚੌਧਵੀਂ ਸਦੀ ਤਕ ਜ਼ੇਨ ਨਾਲ ਇਸ ਦਾ ਰਿਸ਼ਤਾ ਅਟੁੱਟ ਨਹੀਂ ਬਣਿਆਂ। ਪਿਛਲੀਆਂ ਪੰਜ ਸਦੀਆਂ ਤੋਂ ਚਾਹ ਦੀ ਪਰੰਪਰਾ ਵਿਚ ਕੋਈ ਖਾਸ ਤਬਦੀਲੀ ਨਹੀਂ ਆਈ। ਹਰ ਹਾਲਤ ਵਿਚ ਸਾਦਗੀ ਜਰੂਰੀ ਹੈ, ਸਾਦੇ ਬਰਤਣ, ਸ਼ੋਰ-ਮੁਕਤ ਸਾਦਾ ਆਲਾ ਦੁਆਲਾ, ਬੇਮਤਲਬੀ ਚੁੰਝ ਚਰਚਾ ਨਹੀਂ, ਕੋਈ ਟਣ ਟਣਾ ਟਣ ਨਹੀਂ। ਹਰ ਕਾਰਜ ਲਈ ਨਿਰਮਲ, ਸਾਵਧਾਨ

ਮਨ। ਚਾਹਖਾਨੇ ਵਿਚ ਦਿਖਾਵੇ ਦਾ ਨਾਮੋ ਨਿਸ਼ਾਨ ਨਾ ਹੋਵੇ, ਆਮ ਜਿਹੀ ਬੈਠਕ ਹੋਵੇ। ਮੇਜ਼, ਭਾਂਡਾ ਟੀਂਡਾ, ਕੇਤਲੀ, ਪਿਆਲੀਆਂ, ਸਜਾਵਟ, ਨਿਮਰ ਅਤੇ ਸਹਿਜ ਵਿਚ ਹੋਵੇ। ਪਤੀਲੀ ਲੋਹੇ ਦੀ, ਕੜਛੀ ਬਾਂਸ ਦੀ, ਚਾਹ ਦੀ ਰਸਮ ਦਾ ਹਰ ਹਿੱਸਾ ਹੁਨਰੀ ਮਨ ਵਾਂਗ ਸ਼ੋਭਨੀਕ ਹੋਵੇ, ਮਹਾਨ ਜ਼ਹੀਨ ਸੰਪੂਰਣਤਾ ਦਾ ਇਕ ਨਿਕਾ ਹਿੱਸਾ। ਫੁੱਲ, ਟਾਹਣੀ, ਗੁਲਦਾਨ ਰੁੱਤਾਂ ਦੀ ਕਨਸੋਅ ਦਿੰਦੇ ਹੋਣ, ਰੰਗਦਾਰ ਪੇਂਟਿੰਗ ਵਿਚ ਹਾਈਕੂ ਚਾਹੇ ਹੋਵੇ, ਨਾ ਕੋਈ ਧਾਰਮਿਕ ਨੁਮਾਇਸ਼ ਨਾ ਫਿਲਾਸਫੀ। ਹਰੇਕ ਸੰਕੇਤ ਅਜਿਹਾ ਕਿ ਉਸ ਬਿਨ ਸਰਦਾ ਨਾ ਹੋਵੇ ਬੱਸ।

ਓਕਾਕੁਰਾ ਕਾਕੂਜ਼ੋ 1862 ਈਸਵੀ ਵਿਚ ਯੋਕੋਹਾਮਾ ਦੇ ਵਪਾਰੀ ਪਰਿਵਾਰ ਵਿਚ ਪੈਦਾ ਹੋਇਆ, ਬਚਪਨ ਵਿਚ ਅੰਗਰੇਜ਼ੀ ਲਿਖਣੀ ਪੜ੍ਹਨੀ ਸ਼ੁਰੂ ਕਰ ਦਿੱਤੀ। ਟੋਕੀਓ ਇੰਪੀਰੀਅਲ ਯੂਨੀਵਰਸਿਟੀ ਵਿਚ 1877ਈ. ਦੇ ਸਾਲ ਦਾਖਲਾ ਲੈ ਕੇ ਜਦੋਂ ਇਕਨਾਮਿਕਸ ਅਤੇ ਕਾਨੂੰਨ ਦੀ ਪੜ੍ਹਾਈ ਸ਼ੁਰੂ ਕੀਤੀ ਤਦ ਬੋਸਟਨ ਦੇ ਪ੍ਰੋਫੈਸਰ ਅਰਨੈਸਟ ਫਿਨੋਲੋਸਾ ਤੋਂ ਪ੍ਰਭਾਵਿਤ ਹੋਇਆ ਜੋ ਜਾਪਾਨ ਵਿਚ ਆਇਆ ਤਾਂ ਸਿਆਸੀ ਇਕਨਾਮਿਕਸ ਦੇ ਅਧਿਆਪਨ ਵਾਸਤੇ ਸੀ ਪਰ ਚੀਨੀ ਜਾਪਾਨੀ ਆਰਟ ਦਾ ਸ਼ੈਦਾਈ, ਮੁਰੀਦ ਹੋ ਗਿਆ। ਛੋਟੀ ਉਮਰ ਦੇ ਓਕਾਕੁਰਾ ਨੇ ਫਿਨੋਲੋਸਾ ਦੇ ਇਕ ਨਿਕੇ ਗਰੁੱਪ ਨਾਲ ਕੰਮ ਕਰਨਾ ਸ਼ੁਰੂ ਕੀਤਾ। ਉਦੋਂ ਪੱਛਮ ਦੇ ਅਸਰ ਅਧੀਨ ਹੋਕੂਸੀ ਅਤੇ ਹੀਰੋਸ਼ਿਗੇ ਜਿਹੇ ਕਲਾਕਾਰਾਂ ਦੇ ਸ਼ਾਹਕਾਰ ਬਰਬਾਦ ਕੀਤੇ ਜਾ ਰਹੇ ਸਨ। ਮੋਰੀ ਅਤੇ ਅਰਿਗਾ, ਦੋ ਜਾਪਾਨੀ ਪ੍ਰੋਫੈਸਰਾਂ ਦੀ ਸਹਾਇਤਾ ਨਾਲ ਫਿਨੋਲੋਸਾ ਨੇ ਚੀਨੀ ਸ਼ਾਇਰੀ ਦਾ ਜਿਹੜਾ ਮੁੱਲਾਂਕਣ ਕੀਤਾ, ਐਜ਼ਰਾ ਪਾਉਂਡ ਨੇ ਉਸੇ ਦੇ ਆਧਾਰ ਤੇ ਕੈਥੇ ਸਿਰਲੇਖ ਅਧੀਨ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਜੋ ਪਿਛਲੀ ਸਦੀ ਦੀ ਸ਼ਾਇਰੀ ਦਾ ਅਦਭੁਤ ਗ੍ਰੰਥ ਹੈ। ਫਿਨੋਲੋਸਾ ਅਤੇ ਓਕਾਕੁਰਾ ਕਲਾਸੀਕਲ ਏਸ਼ੀਅਨ ਕਾਵਿ ਅਤੇ ਆਰਟ ਵਿਚ ਲੀਨ ਹੋ ਗਏ, ਦੋਵੇਂ ਇਕ ਦੂਜੇ ਤੋਂ ਸਿਖ ਰਹੇ ਸਨ, ਸਿਖਾ ਰਹੇ ਸਨ।

1902 ਵਿਚ ਭਾਰਤ ਅਤੇ ਚੀਨ ਦੀ ਯਾਤਰਾ ਦੌਰਾਨ ਓਕਾਕੁਰਾ ਨੋਬਲ ਸ਼ਾਇਰ ਰਾਬਿੰਦਰਨਾਥ ਟੈਗੋਰ ਨੂੰ ਮਿਲਿਆ ਅਤੇ ਵਿਚਾਰ ਵਟਾਂਦਰਾ ਕੀਤਾ। ਟੈਗੋਰ ਤੋਂ ਓਕਾਕੁਰਾ ਨੂੰ ਪੁਸ਼ਟੀ ਮਿਲੀ ਕਿ ਪੱਛਮੀ ਪਦਾਰਥਵਾਦ ਦੇ ਮੁਕਾਬਲੇ ਏਸ਼ੀਅਨ ਫਲਸਫਾ ਬਰਾਬਰ ਖਰਾ ਉਤਰਦਾ ਹੈ। ਇਸ ਬਾਤਚੀਤ ਦੇ ਫਲਸਰੂਪ ਓਕਾਕੁਰਾ ਦੀ ਪਹਿਲੀ ਅੰਗ੍ਰਜ਼ੀ ਪ੍ਰਕਾਸ਼ਨਾ *The ideals of the East*, 1904 ਵਿਚ ਸਾਹਮਣੇ ਆਈ। ਇਸ ਤੋਂ ਛੇਤੀ ਪਿਛੋਂ *The Book of Tea* ਬੋਸਟਨ ਵਿਚ ਮੁਕੰਮਲ ਕੀਤੀ ਜਿਥੇ ਚੀਨੀ ਜਾਪਾਨੀ ਆਰਟ ਮਿਊਜਿਅਮ ਵਿਚ ਉਹ ਕਿਊਰੇਟਰ ਲਗ ਗਿਆ ਸੀ। ਆਪਣੇ ਜੀਵਨ ਦੇ ਅਖੀਰਲੇ ਸਾਲ ਉਸਨੇ ਏਸ਼ੀਆ ਦੇ ਭ੍ਰਮਣ ਵਿਚ ਬਿਤਾਏ, ਕਲਾ ਵਸਤਾਂ ਸੰਗ੍ਰਹਿਤ ਕਰਕੇ ਕੈਟਾਲਾਗਿੰਗ ਕੀਤੀ। ਸਾਲ 1913 ਵਿਚ ਜਾਪਾਨ ਦੇ ਆਕਾਕੁਰਾ ਹੌਟ ਸਪ੍ਰਿੰਗਜ਼ ਵਿਖੇ ਇਹੋ ਕੰਮ ਕਰਦਿਆਂ ਉਸਦਾ ਦੇਹਾਂਤ ਹੋਇਆ।

ਓਕਾਕੁਰਾ ਅਸੀਮ ਕਲਪਣਾ ਦਾ ਮਾਲਕ ਸੀ ਜਿਸਦਾ ਆਰਟ ਅਤੇ ਸਿਖਿਆ ਪ੍ਰਤੀ ਜਜ਼ਬਾ ਬੇਮਿਸਾਲ ਸੀ। ਇਕ ਸਦੀ, ਜਾਂ ਇਸਦੇ ਨੇੜੇ ਤੇੜੇ ਅਮਰੀਕਾ ਵਿਚ ਪਹਿਲਾ ਟੀ ਮੈਨੁਅਲ ਲਿਖਣ ਪਿਛੋਂ ਸਾਡੇ ਧਿਆਨ ਵਿਚ ਇਸਦੀਆਂ ਇਤਿਹਾਸਕ ਟਿੱਪਣੀਆਂ ਦਾ ਪਰਿਪੇਖ ਕਾਇਮ ਰਹਿਣਾ ਚਾਹੀਦਾ ਹੈ। *ਜਾਪਾਨੀ ਰਾਸ਼ਟਰਵਾਦ ਤੋਂ ਖਿਮਾ ਜਾਚਨਾ*, ਕਿਤਾਬ, ਮਿਸਾਲ ਵੱਜੋਂ ਦੱਸਿਆ ਜਾਂਦਾ ਹੈ, ਉਦੋਂ ਲਿਖੀ ਗਈ ਸੀ ਜਦੋਂ ਜਾਪਾਨ ਅਤੇ ਰੂਸ ਵਿਚਕਾਰ ਯੁੱਧ ਚੱਲ ਰਿਹਾ ਸੀ ਤੇ ਦੋ ਦਹਾਕਿਆਂ ਬਾਦ ਹੀਰੋਹਿਤੋ ਨੇ ਗੱਦੀਨਸ਼ੀਨ ਹੋਣਾ ਸੀ।

ਓਕਾਕੁਰਾ ਨੇ ਮਹਿਸੂਸ ਕੀਤਾ, ਚਾਹਖਾਨਾ, ਹੋਂਦ ਦੇ ਖੁਸ਼ਕ ਮਾਰੂਥਲ ਵਿਚ ਨਖਲਿਸਤਾਨ ਹੁੰਦਾ ਸੀ ਜਿੱਥੇ ਥੱਕੇ ਟੁੱਟੇ ਮੁਸਾਫਿਰ ਮਿਲਕੇ ਕਲਾ-ਰਸ ਦੇ ਸਾਂਝੇ ਝਰਨੇ ਦਾ ਅੰਮ੍ਰਿਤ ਪੀਂਦੇ। ਚਾਹ ਦੀ ਪਰੰਪਰਾ ਪਿਛੇ ਉਸਨੇ ਕਨਫਿਊਸ਼ਿਆਵਾਦ, ਤਾਓਵਾਦ ਅਤੇ ਜ਼ੇਨ ਇਕੋ ਗੁਲਦਸਤੇ ਵਿਚ ਖਿੜੇ ਦੇਖੇ ਜਿਨ੍ਹਾਂ ਵਿਚ ਸਾਕਯਮੁਨੀ ਦੀ ਦੈਵੀ ਸੂਖਮ ਸੁਗੰਧੀ ਵੀ ਜਲਵਾਨੁਮਾ ਹੈ। ਇਸ ਮਾਮੂਲੀ ਤੇ ਸਾਦੇ ਨਾਟਕ ਨੂੰ ਇੰਨੀ ਅਹਿਮੀਅਤ ਦੇਣ ਦੀ ਕੀ ਲੋੜ

ਪਈ ? ਓਕਾਕੁਰਾ ਬਿਲਕੁਲ ਕਨਫਿਊਸ਼ਿਅਸ ਦੀ ਸ਼ੈਲੀ ਵਿਚ ਕਹਿੰਦਾ ਹੈ– ਜਿਹੜੇ ਬੰਦੇ ਆਪਣੀਆਂ ਮਹਾਨਤਾਈਆਂ ਵਿਚ ਤੁੱਛਤਾ ਨਹੀਂ ਦੇਖ ਸਕਦੇ ਉਹ ਦੂਜਿਆਂ ਦੀਆਂ ਨਿਗੂਣੀਆਂ ਚੀਜ਼ਾਂ ਵਿਚਲੀ ਮਹਾਨਤਾ ਨਜਰੰਦਾਜ਼ ਕਰਨ ਦੇ ਆਦੀ ਹੁੰਦੇ ਹਨ।

'ਦ ਬੁੱਕ ਆਫ ਟੀ', ਸਨਾਤਨੀ ਗ੍ਰੰਥ ਹੈ। ਸੌ ਸਾਲ ਪਹਿਲਾਂ ਜਦੋਂ ਦਾ ਇਹ ਲਿਖਿਆ ਗਿਆ, ਇਸ ਵਿਸ਼ੇ ਉਪਰ ਅੰਗਰੇਜ਼ੀ ਜ਼ਬਾਨ ਦਾ ਇਹ ਇਕੋ ਇਕ ਮਾਸਟਰ ਪੀਸ ਹੈ। ਏਸ਼ੀਅਨ ਆਰਟ ਦੀ ਸਮਾਲੋਚਨਾ ਅਤੇ ਮੁਕਤੀ ਬਾਰੇ ਲੇਖਕ ਦੀ ਨਿੱਗਰ ਦੇਣ ਨੂੰ ਪੱਛਮ ਨੇ ਲਗਭਗ ਭੁਲਾ ਦਿਤਾ ਹੈ, ਚਾਹ ਦੇ ਵਿਧਾਨ ਅਤੇ ਇਤਿਹਾਸ ਉਪਰ ਉਸਦੀ ਲਿਖੀ ਨਿਕੀ ਜਿਹੀ ਕਿਤਾਬ ਇਕ ਪੀੜ੍ਹੀ ਤੋਂ ਬਾਦ ਦੂਜੀ ਪੀੜ੍ਹੀ ਨਿਰੰਤਰ ਪੜ੍ਹ ਰਹੀ ਹੈ। ਹਥਲੀ ਕਿਤਾਬ ਚਾਹ ਉਪਰ ਲਿਖਿਆ ਕੋਈ ਬਿਰਤਾਂਤ ਹੈ, ਇਹ ਸੋਚਣਾ ਮੂਰਖਤਾ ਹੋਵੇਗੀ। ਇਹ ਕਿਤਾਬ ਇਸ ਕਰਕੇ ਕਲਾਸਿਕ ਮੰਨੀ ਗਈ ਅਤੇ ਮੰਨੀ ਜਾਏਗੀ ਕਿਉਂਕਿ ਇਸ ਵਿਚੋਂ ਕਨਫਿਊਸ਼ਿਆਵਾਦ, ਤਾਓਵਾਦ ਅਤੇ ਜ਼ੇਨ ਦੀਆਂ ਰਮਜ਼ਾਂ ਲੇਖਕ ਰਾਹੀਂ ਦ੍ਰਿਸ਼ਟਮਾਨ ਹੁੰਦੀਆਂ ਹਨ। ਜਾਪਾਨ ਵਿਚ ਓਕਾਕੁਰਾ ਅੱਜ ਵੀ ਸਤਿਕਾਰਿਆ ਜਾਂਦਾ ਹੈ, ਉਸਦੇ ਪਰਿਵਾਰਿਕ ਨਾਮ ਨਾਲ ਨਹੀਂ, ਲੋਕ ਉਸਨੂੰ ਤੇਨਸ਼ਿਕ ਆਖਦੇ ਹਨ, ਮਤਲਬ ਕਿ, ਰੂਹਾਨੀ ਦਿਲ, ਸਾਹਿਬ ਦਿਮਾਗ, ਹੁਸਨਲ ਚਰਾਗ।

ਸਾਲ: 2000 **ਸੈਮ ਹੈਮਿਲ**

ਤਤਕਰਾ



— ਅਧਿਆਇ ਪਹਿਲਾ —

ਮਨੁੱਖਤਾ ਦਾ ਪਿਆਲਾ

ਬਿਮਾਰ ਲਈ ਦਵਾਈ ਵਜੋਂ ਤਿਆਰ ਹੋਈ ਚਾਹ ਆਖਰ ਸੁਆਦਲੀ ਪੀਣਯੋਗ ਡ੍ਰਿੰਕ ਬਣ ਗਈ। ਅੱਠਵੀਂ ਸਦੀ ਦੌਰਾਨ ਚੀਨ ਦੀ ਸ਼ਾਇਰੀ ਦੇ ਖੇਤਰ ਵਿੱਚ ਇਹ ਦਿਲਕਸ਼ ਨਿਮਰ ਦਿਲ ਬਹਿਲਾਵਾ ਹੋ ਗਈ। ਪੰਦਰਵੀਂ ਸਦੀ ਦੌਰਾਨ ਜਾਪਾਨ ਵਿੱਚ ਚਾਹਵਾਦ, ਸੌਂਦਰਯ ਸ਼ਾਸਤਰ ਦਾ ਧਰਮ ਹੋ ਗਿਆ। ਜੀਵਨ ਦੀਆਂ ਨਿਤਦਿਨ ਜ਼ਰੂਰਤਾਂ ਵਿਚਕਾਰ ਚਾਹਵਾਦ ਨੇ ਸੁੰਦਰਤਾ ਦੀ ਲਹਿਰ ਵਗਾ ਦਿੱਤੀ। ਨਿਰਮਲਤਾ, ਸਮਾਨਤਾ, ਦਇਆ, ਰੋਮਾਂਸ ਸਮਾਜ ਵਿੱਚ ਖੇੜਾ ਲੈ ਆਏ। ਅੱਧੇ ਅਧੂਰੇ ਲੋਕ ਇਕ ਤਰ੍ਹਾਂ ਪੂਜਨੀਕ ਹੋ ਗਏ, ਜੀਵਨ ਦੀ ਅਸੰਭਵਤਾ ਨੂੰ ਸੰਭਾਵਨਾ ਮਿਲਣ ਲੱਗੀ।

ਚਾਹ ਦਾ ਫਲਸਫਾ ਕੇਵਲ ਆਮ ਜਿਹਾ ਸੌਂਦਰਯ ਸ਼ਾਸਤਰ ਨਹੀਂ, ਨੇਕੀ ਅਤੇ ਧਰਮ ਦਾ ਇਹ ਤਾਂ ਆਦਮੀ ਅਤੇ ਕੁਦਰਤ ਪ੍ਰਤੀ ਦ੍ਰਿਸ਼ਟੀਕੋਣ ਬਣ ਕੇ ਪ੍ਰਗਟਿਆ। ਸਫ਼ਾਈ ਉਤਸ਼ਾਹਿਤ ਹੁੰਦੀ ਹੈ ਇਸ ਲਈ ਇਹ ਅਰੋਗਤਾ ਮਾਰਗ ਹੈ, ਗੁੰਝਲਦਾਰ ਨਹੀਂ, ਮਹਿੰਗੀ ਨਹੀਂ, ਸਾਦਗੀ ਦਾ ਅਰਥਸ਼ਾਸਤਰ ਹੈ। ਅਸੀਂ ਇਸ ਦੀ ਮਦਦ ਨਾਲ ਬ੍ਰਹਿਮੰਡ ਦਾ ਨਾਪਤੋਲ ਕਰਦੇ ਹਾਂ ਇਸ ਕਰਕੇ ਇਹ ਨੈਤਿਕ ਰੇਖਾ ਗਣਿਤ ਹੈ। ਇਹ ਪੂਰਬੀ ਗਣਤੰਤਰ ਦੀ ਰੂਹਾਨੀ ਨਿਸ਼ਾਨੀ ਹੈ ਕਿਉਂਕਿ ਆਪਣੇ ਮੁਰੀਦਾਂ ਨੂੰ ਸ਼ਾਹੀ ਜ਼ਾਇਕਾ ਦਿੰਦੀ ਹੈ।

ਲੰਮੇ ਅਰਸੇ ਤੱਕ ਬਾਕੀ ਦੁਨੀਆ ਨਾਲੋਂ ਜਾਪਾਨ ਦੀ ਅਲਹਿਦਗੀ ਨੇ ਇਸ ਨੂੰ ਅੰਤਰਮੁਖੀ ਬਣਾ ਦਿੱਤਾ ਜਿਸ ਨਾਲ ਚਾਹਵਾਦ ਵਿਕਸਿਤ ਹੋਣ ਲਈ ਅਨੁਕੂਲ ਮਾਹੌਲ ਮਿਲ ਗਿਆ। ਸਾਡੀਆਂ ਘਰੇਲੂ ਆਦਤਾਂ, ਲਿਬਾਸ, ਚੁੱਲ੍ਹਾ ਚੌਂਕਾ, ਮਿੱਟੀ ਅਤੇ ਲਾਖ ਉੱਪਰ ਚਿੱਤਰਕਾਰੀ, ਸਾਹਿਤ, ਕਲਾ, ਸਭ ਇਸ ਤੋਂ ਪ੍ਰਭਾਵਿਤ ਹੋਏ। ਜਾਪਾਨੀ ਕਲਚਰ ਦਾ ਕੋਈ ਵਿਦਿਆਰਥੀ ਇਸ ਦੀ ਹਾਜ਼ਰੀ

ਨਜ਼ਰਅੰਦਾਜ਼ ਨਹੀਂ ਕਰ ਸਕਿਆ। ਅਮੀਰਜ਼ਾਦਿਆਂ ਦੇ ਜ਼ਨਾਨਖਾਨਿਆਂ ਤੋਂ ਲੈ ਕੇ ਗਰੀਬਾਂ ਦੀਆਂ ਝੁੱਗੀਆਂ ਤੱਕ ਚਾਹ ਪੁੱਜ ਗਈ। ਸਾਡੇ ਕਿਸਾਨਾਂ ਨੂੰ ਗੁਲਦਸਤੇ ਗੁੰਦਣ ਦਾ ਸਲੀਕਾ ਆ ਗਿਆ, ਛੋਟੇ ਤੋਂ ਛੋਟੇ ਮਜ਼ਦੂਰ ਨੂੰ ਜਾਚ ਆ ਗਈ ਕਿ ਪਹਾੜਾਂ ਅਤੇ ਨਦੀਆਂ ਨੂੰ ਪ੍ਰਣਾਮ ਕਿਵੇਂ ਕਰੀਦਾ ਹੈ। ਜਿਹੜਾ ਬੰਦਾ ਆਲੇ ਦੁਆਲੇ ਦੀ ਖ਼ੁਸ਼ੀ ਗਮੀ ਤੋਂ ਬੇਅਸਰ ਰਹੇ ਅਸੀਂ ਆਖਦੇ ਹਾਂ ਇਸ ਨੂੰ ਤਾਂ ਚਾਹ ਪੀਣ ਦਾ ਦਸਤੂਰ ਨਹੀਂ ਆਉਂਦਾ। ਜਿਹੜਾ ਬੰਦਾ ਹੋਰਾਂ ਦੇ ਦੁੱਖ ਅਣਡਿਠ ਕਰਕੇ ਰੰਗਰਲੀਆਂ ਮਨਾਉਂਦਾ ਫਿਰੇ ਅਸੀਂ ਉਸ ਨੂੰ ਆਖਦੇ ਹਾਂ- ਇਸ ਨੂੰ ਚਾਹ ਦਾ ਨਸ਼ਾ ਕੁਝ ਵਧੀਕ ਚੜ੍ਹ ਗਿਆ ਹੈ।

ਜਾਪਾਨੀਆਂ ਦਾ ਇਹ ਵਿਹਾਰ ਦੇਖ ਕੇ ਕੋਈ ਅਜਨਬੀ ਹੈਰਾਨ ਹੋ ਕੇ ਸੋਚ ਸਕਦਾ ਹੈ ਕਿ ਇਹ ਖਾਹਮਖਾਹ ਦਾ ਰੌਲਾ ਹੈ ਕੀ! ਚਾਹ ਦੇ ਪਿਆਲੇ ਵਿੱਚ ਤੂਫ਼ਾਨ ? ਪਰ ਅਸੀਂ ਦੇਖਦੇ ਹਾਂ ਮਾਨਵਤਾ ਦੀ ਖ਼ੁਸ਼ੀ ਦਾ ਪਿਆਲਾ ਏਨਾ ਛੋਟਾ ਹੈ ਕਿ ਝੱਟ ਹੰਝੂਆਂ ਨਾਲ ਭਰ ਕੇ ਉੱਛਲ ਜਾਂਦਾ ਹੈ। ਅਨੰਤ ਤੱਕ ਪੁੱਜਣ ਦੀ ਲੋਚਾ ਵਿਸ਼ਾਲ ਹੈ ਪਰ ਚਾਹ ਦਾ ਕੱਪ ਕਿੰਨੀ ਛੇਤੀ ਮੁੱਕ ਜਾਂਦਾ ਹੈ, ਰਹਿੰਦ ਖੂੰਹਦ ਬਾਕੀ ਬਚੀ ਦਿਸਦੀ ਹੈ, ਇਸ ਕਰਕੇ ਚਾਹ ਬਾਰੇ ਬਹੁਤੀਆਂ ਗੱਲਾਂ ਕਰੀ ਜਾਈਏ, ਸਾਨੂੰ ਦੋਸ਼ ਨਾ ਦੇਇਓ। ਮਨੁੱਖਤਾ ਬੁਰੇ ਦੇ ਘਰ ਤੱਕ ਪੁੱਜ ਚੁੱਕੀ ਹੈ। ਸੋਮ ਦੇਵ ਦੀ ਪੂਜਾ ਦੌਰਾਨ ਅਸੀਂ ਬੜਾ ਕੁਝ ਕੁਰਬਾਨ ਕਰ ਲਿਆ, ਬਦਸੂਰਤ ਮੰਗਲ ਨੂੰ ਅਸੀਂ ਸ਼ਾਨਦਾਰ ਨੈਣ ਨਕਸ਼ ਬਖ਼ਸ਼ ਦਿੱਤੇ। ਚੰਗਾ ਨਾ ਹੋਵੇ ਜੇ ਅਸੀਂ ਕੈਮੀਲੀਆ ਮਹਾਰਾਣੀ ਅੱਗੇ ਮੱਥਾ ਟੇਕ ਦੇਈਏ ? ਉਸਦੀ ਵੇਦੀ ਤੋਂ ਜਿਹੜੀ ਹਮਦਰਦੀ ਦੀ ਨਿੱਘੀ ਧਾਰਾ ਵਗਦੀ ਹੈ, ਉਸ ਵਿੱਚ ਗੋਤਾ ਨਾ ਲਾ ਲਈਏ ? ਚੀਨੀ ਦੇ ਪਿਆਲੇ ਅੰਦਰਲੀ ਚਾਹ ਨਾਲ ਜਗਿਆਸੂ ਕਨਫਿਉਸ਼ਿਅਸ ਦੀ ਮਿੱਠੀ ਖ਼ਾਮੋਸ਼ੀ, ਲਾਉਜ਼ੇ ਦੀ ਪ੍ਰੇਰਨਾ ਅਤੇ ਸਾਕਯਮੁਨੀ ਦੀ ਮਹਿਕ ਪ੍ਰਤੀਤ ਕਰ ਸਕਦਾ ਹੈ।

ਜਿਨ੍ਹਾਂ ਨੂੰ ਆਪਣੀ ਮਹਾਨਤਾ ਵਿਚਲੀ ਤੁੱਛਤਾ ਦਾ ਅਹਿਸਾਸ ਨਹੀਂ, ਉਹ ਦੂਜਿਆਂ ਦੀ ਤੁੱਛਤਾ ਵਿਚਲੀ ਮਹਾਨਤਾ ਨਜ਼ਰਅੰਦਾਜ਼ ਕਰਨ ਦੀ ਆਦਤ ਦੇ ਸ਼ਿਕਾਰ ਹਨ। ਚਿਕਨੀ ਚੋਪੜੀ ਸ਼ਾਲੀਨਤਾ, ਦਰਮਿਆਨੀ ਜਿਹੀ

ਸ਼ਖ਼ਸੀਅਤ ਵਾਲਾ ਪੱਛਮਵਾਸੀ, ਚਾਹ ਦੀ ਰਸਮ ਵਿੱਚ ਪੂਰਬੀਆਂ ਦੀਆਂ ਹਜ਼ਾਰਾਂ ਅਜੀਬੋ ਗਰੀਬ ਤੇ ਸਨਕੀ, ਬਚਗਾਨਾ ਆਦਤਾਂ ਦੇਖੇਗਾ।

ਜਾਪਾਨ ਜਦੋਂ ਅਮਨ ਸ਼ਾਂਤੀ ਦੌਰਾਨ ਕੋਮਲ ਕਲਾਵਾਂ ਸਿਰਜਣ ਵਿੱਚ ਮਗਨ ਸੀ, ਪੱਛਮਵਾਸੀ ਨੂੰ ਉਦੋਂ ਇਹ ਦੇਸ, ਆਦਤਨ ਜੰਗਲੀ ਦਿਸ ਰਿਹਾ ਸੀ। ਜਦੋਂ ਮਨਚੂਰੀਅਨ ਜੰਗੀ ਮੈਦਾਨ ਵਿੱਚ ਜਾਪਾਨ ਥੋਕ ਵਿੱਚ ਕਤਲੇਆਮ ਕਰਨ ਲੱਗਾ, ਉਦੋਂ ਇਸ ਨੂੰ ਸਭਿਅਕ ਕਿਹਾ ਗਿਆ ਸੀ। ਪਿੱਛੋਂ ਜਾ ਕੇ ਸਮੁਰਾਇ ਬਾਰੇ, ਖ਼ੁਦਕੁਸ਼ੀ ਬਾਰੇ ਬੜਾ ਕੁਝ ਲਿਖਿਆ ਗਿਆ ਜੋ ਵਾਸਤਵ ਵਿੱਚ ਕਦੇ ਸਾਡੇ ਜੰਗਬਾਜ਼ਾਂ ਦਾ ਸ੍ਵੈਮਾਨ ਹੋਇਆ ਕਰਦੀ ਸੀ। ਚਾਹਵਾਦ ਵੱਲ ਉਨ੍ਹਾਂ ਦਾ ਧਿਆਨ ਗਿਆ ਹੀ ਨਹੀਂ ਜੋ ਸਾਡੀ ਤਰਜ਼ਿ-ਜ਼ਿੰਦਗੀ ਹੈ। ਜੇ ਜੰਗੀ ਕਤਲੇਆਮ ਨੂੰ ਸਭਿਅਕ ਕਹਿਣਾ ਹੈ, ਫਿਰ ਅਸੀਂ ਜੰਗਲੀ ਚੰਗੇ। ਉਡੀਕ ਹੈ ਉਸ ਘੜੀ ਦੀ ਜਦੋਂ ਸਾਡੇ ਹੁਨਰ, ਸਾਡੇ ਆਦਰਸ਼ ਦੀ ਕਦਰ ਪਏਗੀ।

ਪੂਰਬ ਨੂੰ ਸਮਝਣ ਜਾਂ ਸਮਝਣ ਦਾ ਯਤਨ ਪੱਛਮ ਕਦੋਂ ਸ਼ੁਰੂ ਕਰੇਗਾ ? ਅਸੀਂ ਏਸ਼ੀਅਨ ਆਪਣੇ ਆਲੇ ਦੁਆਲੇ ਬੁਣੇ ਤਾਣੇ ਪੇਟੇ ਵਿਚਲੇ ਤੱਥਾਂ ਅਤੇ ਭਰਮਾਂ ਵਿਚਕਾਰ ਉਲਝੇ ਰਹਿੰਦੇ ਹਾਂ। ਜੇ ਅਸੀਂ ਚੂਹੇਖਾਣੇ ਜਾਂ ਕਾਕਰੋਚਖਾਣੇ ਨਹੀਂ ਫਿਰ ਇਉਂ ਪੇਸ਼ ਕੀਤੇ ਜਾਵਾਂਗੇ ਜਿਵੇਂ ਕਮਲ ਫੁੱਲ ਦੀ ਸੁਗੰਧੀ ਖਾ ਕੇ ਜੀ ਰਹੇ ਹਾਂ। ਵਿਦੇਸੀਆਂ ਨੂੰ ਸਾਡੇ ਵਿਚ ਜਾਂ ਪੂਰਨ ਨਪੁੰਸਕਤਾ ਦਿਸੇਗੀ ਜਾਂ ਖਰੀ ਕਾਮੁਕਤਾ। ਭਾਰਤੀ ਰੂਹਾਨੀਅਤ ਨੂੰ ਅਗਿਆਨਤਾ ਕਿਹਾ ਗਿਆ, ਚੀਨੀ ਲਿਆਕਤ ਨੂੰ ਮੂਰਖਤਾ, ਜਾਪਾਨੀ ਦੇਸ਼ਭਗਤੀ ਨੂੰ ਭਾਗਵਾਦੀ ਐਲਾਨ ਦਿੱਤਾ। ਕਿਹਾ ਗਿਆ ਕਿ ਸਾਡੀ ਤੰਤੂ ਪ੍ਰਣਾਲੀ ਸੁੰਨ ਹੈ ਇਸ ਕਰਕੇ ਸਾਡੇ ਜ਼ਖ਼ਮ ਦੁਖਦੇ ਨਹੀਂ।

ਸਾਡੇ ਸਦਕਾ ਤੁਹਾਡਾ ਮਨੋਰੰਜਨ ਕਿਉਂ ਨਾ ਹੋਵੇ ? ਜੇ ਤੁਹਾਨੂੰ ਪਤਾ ਹੋਵੇ ਅਸੀਂ ਤੁਹਾਡੇ ਬਾਰੇ ਕੀ ਸੋਚਿਆ, ਕੀ ਲਿਖਿਆ ਤਾਂ ਮਨੋਰੰਜਨ ਵਾਸਤੇ ਮਸਾਲਾ ਹੋਰ ਵੀ ਮਿਲ ਜਾਵੇਗਾ। ਸਾਡੇ ਪਾਸਿਆਂ ਦਾ ਹੁਸਨ, ਵਿਸਮਾਦੀ ਅਬੋਧ ਚੇਤਨਾ ਦਾ ਅਨੁਭਵ, ਇੱਥੇ ਸਭ ਕੁਝ ਮੌਜੂਦ ਹੈ। ਤੁਸੀਂ ਸੂਖਮ

ਨੇਕੀਆਂ ਦੀ ਅਣਪਰਿਭਾਸ਼ਿਤ ਨਵੀਨਤਾ ਪ੍ਰਤੀ ਖ਼ਾਮੋਸ਼ ਉਦਾਸੀ, ਬੋਝ ਨਾਲ ਇੰਨੇ ਲੱਦੇ ਹੋਏ ਹੋ ਕਿ ਈਰਖਾ ਹੋਵੇ ਤੇ ਏਨੇ ਵੱਡੇ ਵਿਰਾਟ ਅਪਰਾਧਾਂ ਨਾਲ ਸਜੇ ਹੋਏ ਹੋ ਕਿ ਨਿਖੇਧੀ ਹੋਵੇ। ਸਾਡੇ ਪੁਰਾਤਨ ਲਿਖਾਰੀ ਜਿਹੜੇ ਤੁਹਾਨੂੰ ਜਾਣਦੇ ਸਨ ਨੇ ਸਾਨੂੰ ਦੱਸਿਆ ਕਿ ਤੁਹਾਡੀ ਪਿੱਠ ਪਿੱਛੇ ਕੰਡਿਆਲੀ ਪੂਛ ਹੈ ਜਿਹੜੀ ਤੁਸੀਂ ਕੱਪੜਿਆਂ ਹੇਠ ਲੁਕਾ ਰੱਖੀ ਹੈ, ਕਿ ਤੁਸੀਂ ਨਵਜੰਮੇ ਮਨੁੱਖੀ ਬੱਚੇ ਨੂੰ ਭੁੰਨ ਕੇ ਖਾ ਲੈਂਦੇ ਹੋ। ਨਹੀਂ ਨਹੀਂ, ਤੁਹਾਡੇ ਖਿਲਾਫ ਕਹਿਣ ਵਾਸਤੇ ਸਾਡੇ ਕੋਲ ਇਸ ਤੋਂ ਵਧੀਕ ਮਾੜੇ ਕਥਨ ਵੀ ਹਨ ਕਿ ਤੁਸੀਂ ਧਰਤੀ ਉੱਪਰ ਸਭ ਤੋਂ ਵੱਡੇ ਮੱਕਾਰ ਹੋ, ਜਿਸ ਕਾਸੇ ਦਾ ਤੁਸੀਂ ਪ੍ਰਚਾਰ ਕਰਦੇ ਹੋ ਉਸ ਉੱਪਰ ਖ਼ੁਦ ਕਦੀ ਅਮਲ ਨਹੀਂ ਕਰਦੇ।

ਗਲਤਫਹਿਮੀਆਂ ਸਾਡੇ ਵਿੱਚੋਂ ਤੇਜ਼ੀ ਨਾਲ ਖ਼ਤਮ ਹੋ ਰਹੀਆਂ ਹਨ। ਪੂਰਬੀ ਬੰਦਰਗਾਹਾਂ ਉੱਪਰ ਵਪਾਰ ਸਦਕਾ ਯੋਰਪੀਅਨ ਭਾਸ਼ਾਵਾਂ ਦਾ ਬੋਲਬਾਲਾ ਹੋ ਗਿਆ ਹੈ। ਆਧੁਨਿਕ ਵਿੱਦਿਆ ਪ੍ਰਾਪਤ ਕਰਨ ਵਾਸਤੇ ਏਸ਼ੀਅਨ ਜਵਾਨੀ ਪੱਛਮੀ ਕਾਲਜਾਂ ਵਿੱਚ ਦਾਖਲੇ ਲੈ ਰਹੀ ਹੈ। ਸਾਡੀ ਸੂਝ ਸਮਝ ਤੁਹਾਡੇ ਕਲਚਰ ਵਿੱਚ ਡੂੰਘੀ ਨਹੀਂ ਉਤਰਦੀ ਪਰ ਘੱਟੋ ਘੱਟ ਅਸੀਂ ਜਾਣਨ ਦਾ ਯਤਨ ਤਾਂ ਕਰ ਰਹੇ ਹਾਂ। ਮੇਰੇ ਕੁਝ ਸਮਕਾਲੀਆਂ ਨੇ ਤੁਹਾਡੇ ਰਸਮੋ ਰਿਵਾਜ, ਰਹਿਣ ਸਹਿਣ ਏਨੇ ਅਪਣਾ ਲਏ ਕਿ ਉਨ੍ਹਾਂ ਨੂੰ ਗਲਤ ਫਹਿਮੀ ਹੋ ਗਈ ਕਿ ਸ਼ਾਇਦ ਆਕੜੇ ਕਾਲਰਾਂ ਅਤੇ ਰੇਸ਼ਮੀ ਟੋਪਾਂ ਨਾਲ ਤੁਹਾਡੀ ਤਹਿਜ਼ੀਬ ਸਿਖ ਲਵਾਂਗੇ। ਅਫ਼ਸੋਸ, ਉਹ ਗੋਡਣੀਆਂ ਭਾਰ ਹੋ ਕੇ ਪੱਛਮ ਵੱਲ ਰਿੜ੍ਹਦੇ ਹਨ। ਬਦਕਿਸਮਤੀ ਹੈ ਕਿ ਪੂਰਬ ਨੂੰ ਸਮਝਣ ਵਾਸਤੇ ਪੱਛਮ ਦਾ ਰਵੱਈਆ ਸਹੀ ਨਹੀਂ। ਈਸਾਈ ਮਿਸ਼ਨਰੀ ਕੁਝ ਸਿਖਾਣ ਜਾਂਦੇ ਹਨ, ਸਿਖਣ ਲਈ ਨਹੀਂ। ਜੇ ਆਉਂਦੇ ਜਾਂਦੇ ਯਾਤਰੂਆਂ ਦੇ ਝੂਠੇ ਟੋਟਕਿਆਂ ਉੱਪਰ ਨਹੀਂ ਤਾਂ ਸਾਡੇ ਬਾਰੇ ਤੁਹਾਡੀ ਜਾਣਕਾਰੀ ਸਾਡੇ ਵਿਸ਼ਾਲ ਗ੍ਰੰਥਾਂ ਦੇ ਥੋੜ੍ਹੇ ਕੁ ਅਨੁਵਾਦਾਂ ਉੱਪਰ ਨਿਰਭਰ ਹੈ। ਕਦੀ ਕਦਾਈਂ ਹੀ ਅਜਿਹਾ ਵਾਪਰਦਾ ਹੈ ਜਦੋਂ ਲਫਕੇਦੀਓ ਹਰਨ ਜਾਂ 'ਦ ਵੈੱਬ ਆਫ ਇੰਡੀਅਨ ਲਾਈਫ ਦੇ ਕਰਤਾ ਦੀ ਸ਼ਾਨਦਾਰ ਕਲਮ ਪੂਰਬ ਦੇ ਹਨੇਰੇ ਨੂੰ ਸਾਡੇ ਆਪਣੇ ਜਜ਼ਬਾਤਾਂ ਦੀ ਮਸ਼ਾਲ ਨਾਲ ਰੌਸ਼ਨ ਕਰਦੀ ਹੈ।

ਏਨਾ ਮੂੰਹਫਟ ਹੋ ਕੇ ਸ਼ਾਇਦ ਮੈਂ ਚਾਹਵਾਦ ਦੇ ਸਲੀਕੇ ਤੋਂ ਦੂਰ ਹਟ ਗਿਆ ਆਪਣੀ ਮੂਰਖਤਾ ਜ਼ਾਹਰ ਕਰ ਰਿਹਾ ਹਾਂ। ਲਿਆਕਤ, ਨਿਮਰਤਾ ਮੰਗ ਕਰਦੀ ਹੈ ਤੁਸੀਂ ਉਨੀ ਗੱਲ ਕਰੋ ਜਿੰਨੀ ਕੁ ਤੁਹਾਡੇ ਤੋਂ ਆਸ ਹੋਵੇ, ਫਾਲਤੂ ਨਹੀਂ। ਪਰ ਮੈਂ ਜਦੋਂ ਨਿਮਰ ਹਾਂ ਈ ਨੀ, ਫੇਰ ? ਪੁਰਾਣੇ ਅਤੇ ਨਵੇਂ ਸੰਸਾਰ ਦੀ ਆਪਸੀ ਗਲਤਫਹਿਮੀ ਨੇ ਪਹਿਲੋਂ ਹੀ ਬੜਾ ਨੁਕਸਾਨ ਕਰ ਦਿੱਤਾ ਹੈ ਕਿ ਹਰੇਕ ਨੇ ਆਪੋ ਆਪਣਾ ਬਣਦਾ ਸਰਦਾ ਹਿੱਸਾ ਪਾਇਆ ਹੈ ਜਿਸ ਨਾਲ ਮਾਫੀ ਮੰਗਣ ਦੀ ਗੁੰਜਾਇਸ਼ ਵੀ ਨਹੀਂ ਰਹੀ। ਜੇ ਰੂਸ, ਜਾਪਾਨ ਨੂੰ ਚੰਗੀ ਤਰ੍ਹਾਂ ਜਾਣਨ ਦਾ ਯਤਨ ਕਰਦਾ ਤਦ ਵੀਹਵੀਂ ਸਦੀ ਦਾ ਆਰੰਭ ਖ਼ੂਨੀ ਜੰਗਾਂ ਦੇ ਦ੍ਰਿਸ਼ ਨਾਲ ਨਾ ਹੁੰਦਾ। ਪੂਰਬੀ ਸਮੱਸਿਆਵਾਂ ਨੂੰ ਕਠੋਰਤਾ ਨਾਲ ਨਜ਼ਰਅੰਦਾਜ਼ ਕਰਕੇ ਮਾਨਵਤਾ ਨੇ ਕਿੰਨੇ ਖ਼ਤਰਨਾਕ ਨਤੀਜੇ ਭੁਗਤੇ ! ਯੋਰਪੀਨ ਸਾਮਰਾਜ ਜਿਹੜਾ ਪੀਲੇ ਖਤਰੇ ਦੀ ਬਕਵਾਸੀ ਚੀਕ ਮਾਰਦਾ ਹੈ ਨਹੀਂ ਜਾਣਦਾ ਕਿ ਏਸ਼ੀਆ ਗੋਰੇ ਖ਼ਤਰਨਾਕ ਸੰਕਟ ਵਿਰੁੱਧ ਜਾਗ ਸਕਦਾ ਹੈ। ਤੁਸੀਂ ਇਹ ਕਹਿਕੇ ਸਾਡੇ ਤੇ ਹੱਸ ਸਕਦੇ ਹੋ ਕਿ ਸਾਨੂੰ ਚਾਹ ਕੁਝ ਜ਼ਿਆਦਾ ਚੜ੍ਹ ਗਈ ਹੈ ਪਰ ਕੀ ਸਾਨੂੰ ਇਹ ਸ਼ੱਕ ਕਰਨ ਦਾ ਕੋਈ ਹੱਕ ਨਹੀਂ ਕਿ ਤੁਹਾਡੇ ਵਿਧਾਨ ਵਿੱਚ ਚਾਹ-ਕਲਚਰ ਦਾ ਨਾਮੋ ਨਿਸ਼ਾਨ ਨਹੀਂ ?

ਇੱਕ ਦੂਜੇ ਉੱਪਰ ਤਨਜ਼ਾਂ ਕਸ ਕੇ ਦੁਖੀ ਹੋਣ ਦੀ ਥਾਂ ਕਿਉਂ ਨਾ ਸਿਆਣੇ ਬਣ ਕੇ ਅੱਧੀ ਅੱਧੀ ਗਲੋਬ ਦਾ ਫਾਇਦਾ ਉਠਾਈਏ ? ਮੰਨਿਆ ਸਾਡੇ ਪਿਛੋਕੜ ਭਿੰਨ ਭਿੰਨ ਹਨ ਪਰ ਇੱਕ ਦੂਜੇ ਦੀ ਢਾਲ ਬਣਨੋ ਕਿਉਂ ਹਟੀਏ ? ਤੁਸੀਂ ਰਾਜ ਵਿਸਥਾਰ ਤਾਂ ਕੀਤਾ ਪਰ ਪੱਲੇ ਪਾਈ ਬੇਚੈਨੀ। ਅਸੀਂ ਸਦਭਾਵਨਾ ਕਾਇਮ ਕਰਦੇ ਕਰਦੇ ਏਨੇ ਕਮਜ਼ੋਰ ਹੋ ਗਏ ਕਿ ਹਮਲਿਆਂ ਦਾ ਮੁਕਾਬਲਾ ਕਰਨ ਜੋਗੇ ਨਾ ਰਹੇ। ਤੁਸੀਂ ਮੰਨੋਗੇ ਕਿ ਕਈ ਪੱਖੋਂ, ਪੱਛਮ ਨਾਲੋਂ ਪੂਰਬ ਬਿਹਤਰ ਹੈ ?

ਹੈਰਤ ਹੈ ਕਿ ਮਨੁੱਖਤਾ ਦਾ ਮਿਲਾਪ ਹੁਣ ਚਾਹ ਦੇ ਪਿਆਲੇ ਵਿੱਚ ਹੋਇਆ ਹੈ। ਕੇਵਲ ਏਸ਼ੀਆ ਦੀਆਂ ਰਸਮਾਂ ਸਦਕਾ ਵਿਸ਼ਵ ਦੀ ਸ਼ਾਨ ਬਣੀ। ਗੋਰੇ ਨੇ ਸਾਡੇ ਧਰਮ ਅਤੇ ਰਸਮਾਂ ਦੀ ਖਿੱਲੀ ਉਡਾਈ ਪਰ ਭੂਰੀ ਚਾਹ ਨੂੰ

ਬੇਝਿਜਕ ਹੋ ਕੇ ਮਨਜ਼ੂਰ ਕਰ ਲਿਆ। ਦਿਨ ਢਲੇ ਦੀ ਚਾਹ ਪੱਛਮੀ ਤਰਜ਼ਿ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਗਿਆ ਹੈ। ਟਰੇਅ ਅਤੇ ਪਿਆਲੀਆਂ ਦੀ ਮਧੁਰ ਖਣਖਣਾਹਟ, ਔਰਤਾਂ ਵੱਲੋਂ ਨਿਭਾਈ ਜਾਂਦੀ ਮਹਿਮਾਂਨਿਵਾਜ਼ੀ, ਕਿੰਨੀ ਚੀਨੀ ? ਕਿੰਨਾ ਕੁ ਦੁੱਧ ? ਦੇ ਮਿੱਠੇ ਵਾਕ ਚਾਹ ਦੀ ਪ੍ਰਭੂਸੱਤਾ ਬਿਨਾਂ ਸ਼ੱਕ ਕਾਇਮ ਕਰ ਦਿੰਦੇ ਹਨ। ਚਾਹ ਦੀ ਪਤੀਲੀ ਵਿੱਚ ਉਬਾਲਾ ਆਉਣ ਵੇਲੇ ਤੱਕ ਮਹਿਮਾਨ ਦੇ ਦਿਲ ਅੰਦਰਲੀ ਦਾਰਸ਼ਨਿਕ ਦੁਚਿੱਤੀ ਖਤਮ, ਪੂਰਬੀ ਰੂਹ ਦੇ ਦੀਦਾਰ ਪ੍ਰਤੱਖ।

ਯੋਰਪੀਨ ਲਿਖਤਾਂ ਵਿੱਚ ਚਾਹ ਦਾ ਮੁਢਲਾ ਜ਼ਿਕਰ ਇਕ ਅਰਬੀ ਯਾਤਰੂ ਦੇ ਕਥਨ ਵਜੋਂ ਆਇਆ ਹੈ ਕਿ 879 ਈਸਵੀ ਦੇ ਸਾਲ ਕਾਨਤੋਨ ਰਾਜ ਦੀ ਸਰਕਾਰ ਦੀ ਆਮਦਨ ਦਾ ਵੱਡਾ ਸਰੋਤ ਨਮਕ ਅਤੇ ਚਾਹ ਉੱਪਰ ਲਾਏ ਟੈਕਸ ਤੋਂ ਹੁੰਦਾ ਸੀ। ਮਾਰਕੋਪੋਲੋ ਨੇ ਰਿਕਾਰਡ ਕੀਤਾ ਕਿ ਸਾਲ 1285 ਵਿੱਚ ਇਕ ਚੀਨੀ ਵਜ਼ੀਰ ਨੂੰ ਇਸ ਲਈ ਅਹੁਦੇ ਤੋਂ ਹਟਾ ਦਿੱਤਾ ਸੀ ਕਿਉਂਕਿ ਉਸਨੇ ਆਪਹੁਦਰਾ ਹੋ ਕੇ ਚਾਹ ਉੱਪਰਲਾ ਟੈਕਸ ਵਧਾ ਦਿੱਤਾ ਸੀ। ਮਹਾਨ ਖੋਜਾਂ ਦਾ ਇਹ ਉਹ ਸਮਾਂ ਹੈ ਜਦੋਂ ਯੋਰਪੀਅਨ ਲੋਕਾਂ ਨੇ ਦੂਰ ਦੁਰਾਡੇ ਸਮੁੰਦਰੋਂ ਪਾਰ ਦੇ ਪੂਰਬੀ ਲੋਕਾਂ ਨੂੰ ਜਾਣਨਾ ਸ਼ੁਰੂ ਕੀਤਾ ਸੀ। ਸੋਲ੍ਹਵੀਂ ਸਦੀ ਦੇ ਅਖੀਰ ਵਿੱਚ ਹਾਲੈਂਡ ਵਾਸੀਆਂ ਨੇ ਖ਼ਬਰ ਲਿਆਂਦੀ ਕਿ ਪੂਰਬ ਵਿੱਚ ਝਾੜੀ ਦੀਆਂ ਪੱਤੀਆਂ ਵਰਤਣ ਨਾਲ ਇੱਕ ਸੁਆਦਲਾ ਦ੍ਰਵ ਤਿਆਰ ਹੋ ਰਿਹਾ ਹੈ। ਜੀਉਣਨੀ ਬਤਿਸਤਾ ਰਮੂਸਿਓ (1559), ਐਲ. ਅਲਮੀਦਾ (1576), ਮਫੇਨੋ (1588) ਅਤੇ ਤਰੇਅਰਾ (1610) ਯਾਤਰੂਆਂ ਨੇ ਚਾਹ ਦਾ ਜ਼ਿਕਰ ਕੀਤਾ। ਸਾਲ 1610 ਵਿੱਚ ਡੱਚ ਈਸਟ ਇੰਡੀਆ ਕੰਪਨੀ ਪਹਿਲੀ ਵਾਰ ਜਹਾਜ਼ਾਂ ਵਿੱਚ ਚਾਹ ਲੱਦ ਕੇ ਯੋਰਪ ਵਿੱਚ ਲੈ ਕੇ ਗਈ। ਫਰਾਂਸ ਵਿੱਚ ਇਸ ਦਾ ਪਤਾ 1636 ਵਿੱਚ ਲੱਗਾ ਤੇ ਰੂਸ ਵਿੱਚ 1638 ਈ. ਵਿੱਚ ਪੁੱਜੀ। ਇੰਗਲੈਂਡ ਨੇ ਇਸਦਾ ਸਵਾਗਤ 1650 ਵਿੱਚ ਕੀਤਾ ਤੇ ਕਿਹਾ, "ਸ਼ਾਨਦਾਰ ਦ੍ਰਵ, ਸਾਰੇ ਹਕੀਮਾ ਵੱਲੋਂ ਪ੍ਰਵਾਣਿਤ ਚੀਨੀ ਪਦਾਰਥ, ਚੀਨ ਵਿੱਚ ਜਿਸ ਨੂੰ ਚਾਹ ਕਹਿੰਦੇ ਨੇ, ਦੂਜੀਆਂ ਕੌਮਾਂ 'ਟੇ' ਜਾਂ 'ਟੀ' ਕਹਿੰਦੀਆਂ ਨੇ, ਪੁੱਜ ਗਿਆ ਹੈ।"

ਸੰਸਾਰ ਦੀਆਂ ਸਾਰੀਆਂ ਵਧੀਆਂ ਚੀਜ਼ਾਂ ਨਾਲ ਜਿਵੇਂ ਹੋਇਆ ਕਰਦਾ ਹੈ ਚਾਹ ਵਿਰੁੱਧ ਪ੍ਰਾਪੇਗੰਡਾ ਵੀ ਨਾਲ ਹੀ ਸ਼ੁਰੂ ਹੋ ਗਿਆ। ਹੈਨਰੀ ਸੇਵਿਲੇ (1678) ਜਿਹੇ ਨਾਸਤਿਕਾਂ ਨੇ ਇਸਨੂੰ ਮਲੀਨ ਰਸਮ ਕਹਿਕੇ ਦੁਰਕਾਰਿਆ। ਜੋਨਾ ਹੈਨਵੇ (ਈਸਟ ਆਨ ਟੀ, 1756) ਨੇ ਕਿਹਾ ਇਸ ਸਦਕਾ ਮਰਦ ਆਪਣਾ ਮਰਾਤਬਾ ਤੇ ਔਰਤਾਂ ਚਾਹ ਦੀ ਵਰਤੋਂ ਨਾਲ ਸੁੰਦਰਤਾ ਤੋਂ ਹੱਥ ਧੋ ਬੈਠਣਗੀਆਂ। ਸ਼ੁਰੂ ਵਿੱਚ ਇਸ ਦੀ ਕੀਮਤ ਪੰਦਰਾਂ ਸੋਲਾਂ ਸ਼ਲਿੰਗ ਪ੍ਰਤੀ ਪੌਂਡ ਸੀ ਜੋ ਆਮ ਲੋਕਾਂ ਲਈ ਮਹਿੰਗੀ ਸੀ। ਇਉਂ ਇਹ ਅਮੀਰਾਂ ਦੀ ਵਰਤੋਂ ਅਤੇ ਮਨੋਰੰਜਨ ਦਾ ਸਾਧਨ ਸੀ। ਸ਼ਾਹਜ਼ਾਦਿਆਂ ਅਤੇ ਦਾਦੀਆਂ ਨਾਨੀਆਂ ਨੂੰ ਇਸ ਦੇ ਪੈਕਟ ਤੁਹਫੇ ਵਜੋਂ ਦਿੱਤੇ ਜਾਂਦੇ। ਸਾਰੀਆਂ ਰੁਕਾਵਟਾਂ ਦੇ ਬਾਵਜੂਦ ਚਾਹ ਪੀਣ ਦੀ ਆਦਤ ਬੇਅੰਤ ਤੇਜ਼ੀ ਨਾਲ ਫੈਲੀ। ਅਠਾਹਰਵੀਂ ਸਦੀ ਦੇ ਪਹਿਲੇ ਅੱਧ ਵਿੱਚ ਲੰਡਨ ਦੇ ਸਾਰੇ ਕਾਫੀ ਹਾਊਸ ਚਾਹਖਾਨੇ ਬਣ ਗਏ। ਐਡੀਸਨ ਅਤੇ ਸਟੀਲ ਜਿਹੇ ਦਾਨਿਸ਼ਵਰ ਚਾਹ ਦੇ ਪਿਆਲੇ ਦੁਆਲੇ ਇਕੱਠੇ ਹੁੰਦੇ। ਛੇਤੀ ਹੀ ਇਹ ਜੀਵਨ ਦਾ ਅਹਿਮ ਹਿੱਸਾ ਬਣ ਗਈ, ਟੈਕਸ ਲੱਗ ਗਿਆ। ਏਨੇ ਵਧ ਟੈਕਸ ਲੱਗਣ ਸਦਕਾ ਬਸਤੀਵਾਦੀ ਅਮਰੀਕਾ ਜਿਹੜਾ ਜ਼ੁਲਮ ਬਰਦਾਸ਼ਤ ਕਰ ਕੇ ਜਿਉਣ ਦਾ ਆਦੀ ਹੋ ਗਿਆ ਸੀ, ਥੱਕ ਟੁੱਟ ਗਿਆ ਤੇ ਬਗਾਵਤ ਕਰ ਦਿੱਤੀ। ਅਮਰੀਕਣ ਆਜ਼ਾਦੀ ਦੀ ਤਰੀਕ ਉਸ ਦਿਨ ਤੋਂ ਮੰਨੀ ਜਾਂਦੀ ਹੈ ਜਦੋਂ ਲੋਕਾਂ ਨੇ ਚਾਹ ਦੀਆਂ ਪੇਟੀਆਂ ਬੋਸਟਨ ਬੰਦਰਗਾਹ ਦੇ ਪਾਣੀ ਵਿੱਚ ਵਗਾਹ ਮਾਰੀਆਂ।

ਚਾਹ ਦੇ ਸੁਆਦ ਵਿੱਚ ਕੋਈ ਸੂਖਮ ਜ਼ਾਇਕਾ ਤਾਂ ਹੈ ਈ ਜਿਹੜਾ ਬੰਦੇ ਨੂੰ ਪੀਣ ਲਈ ਮਜਬੂਰ ਕਰਦਾ ਹੈ ਤੇ ਲੁਭਾਉਣਾ ਆਦਰਸ਼ ਬਣ ਜਾਂਦਾ ਹੈ। ਪੱਛਮ ਦੇ ਹਾਸ ਵਿਅੰਗ ਲਿਖਣ ਵਾਲੇ ਲਿਖਾਰੀਆਂ ਨੇ ਆਪਣੇ ਖ਼ਿਆਲਾਂ ਨੂੰ ਚਾਹ ਦੀ ਖੁਸ਼ਬੂ ਵਿੱਚ ਮਿਲਾਉਣ ਵੇਲੇ ਸੁਸਤੀ ਨਹੀਂ ਵਰਤੀ। ਇਹ ਸ਼ਰਾਬ ਵਰਗੀ ਹੰਕਾਰੀ ਹੋਈ ਨਹੀਂ, ਕਾਫੀ ਵਰਗੀ ਗੰਭੀਰ ਨਹੀਂ, ਕਾਹਵੇ ਵਰਗੀ ਮਾਸੂਮ ਨਹੀਂ। ਸਾਲ 1711 ਵਿੱਚ ਸਪੈਕਟੇਟਰ ਅਖਬਾਰ ਨੇ ਲਿਖਿਆ ਸੀ :

ਅਸੀਂ ਭਲੇ ਪਰਿਵਾਰਾਂ ਅੱਗੇ ਸਿਫ਼ਾਰਿਸ਼ ਕਰਦੇ ਹਾਂ ਕਿ ਜਦੋਂ ਉਹ ਸਵੇਰੇ ਚਾਹ ਵੇਲੇ ਇੱਕ ਘੰਟਾ ਇਕੱਠੇ ਬੈਠ ਕੇ ਬਰੈੱਡ ਅਤੇ ਬਟਰ ਖਾਣ, ਸਾਡਾ ਇਹ ਅਖਬਾਰ ਬ੍ਰੇਕਫਾਸਟ ਮੌਕੇ ਆਪਣੇ ਵਿਚਕਾਰ ਜ਼ਰੂਰ ਰੱਖਣ। ਇਉਂ ਲੱਗੇ ਕਿ ਇਹ ਸਭ ਚਾਹ ਦੇ ਮੰਗਲ ਸ਼ਗਨ ਹਨ।

ਸੈਮੁਅਲ ਜਾਨਸਨ ਆਪਣੇ ਨੈਣ ਨਕਸ਼ ਬਿਆਨ ਕਰਦਿਆਂ ਲਿਖਦਾ ਹੈ ਕਿ ਮੈਂ ਪੱਕਾ ਢੀਠ, ਬੇਸ਼ਰਮ ਚਾਹਪੀਣਾ ਹਾਂ ਜਿਹੜਾ ਵੀਹ ਸਾਲ ਤੋਂ ਝਾੜੀ ਦੀਆਂ ਪੱਤੀਆਂ ਦਾ ਲੁਤਫ਼ ਲੈਂਦਾ ਆ ਰਿਹਾ ਹਾਂ, ਸ਼ਾਮੀ ਚਾਹ, ਅੱਧੀ ਰਾਤ ਚਾਹ, ਚਾਹ ਨਾਲ ਸੱਜਰੀ ਸਵੇਰ ਦਾ ਸਵਾਗਤ।

ਚਾਹ ਦੇ ਪੱਕੇ ਭਗਤ ਚਾਰਲਸ ਲੈਂਬ ਦਾ ਕਥਨ ਹੈ, ਸਭ ਤੋਂ ਵਧੀਕ ਖ਼ੁਸ਼ੀ ਉਦੋਂ ਮਿਲਦੀ ਹੈ ਜਦੋਂ ਕੋਈ ਚੰਗਾ ਕੰਮ ਚੁੱਪ ਚੁਪੀਤੇ ਹੋ ਜਾਵੇ ਤੇ ਪਤਾ ਬਾਅਦ ਵਿੱਚ ਅਚਾਨਕ ਲੱਗੇ। ਚਾਹਵਾਦ ਸੁੰਦਰਤਾ ਨੂੰ ਛੁਪਾ ਕੇ ਫਿਰ ਬਾਅਦ ਵਿੱਚ ਲੱਭਣ ਦਾ ਨਾਮ ਹੈ, ਉਸ ਵੱਲ ਇਸ਼ਾਰਾ ਕਰਨਾ ਹੈ ਜਿਸ ਨੂੰ ਜ਼ਾਹਰ ਕਰਨ ਦਾ ਹੌਂਸਲਾ ਨਾ ਕਰ ਸਕੋ। ਆਪਣੇ ਆਪ ਉੱਪਰ ਹੱਸਣ ਦਾ ਇਹ ਸਾਊ ਭੇਦ ਹੈ, ਸਹਿਜੇ ਸਹਿਜੇ, ਪਰ ਪੂਰਨ, ਫਿਲਸਾਫੀ ਭਰੀ ਮੁਸਕਾਨ। ਸਾਰੇ ਸਹੀ ਵਿਅੰਗ ਲੇਖਕ ਵਾਸਤਵ ਵਿੱਚ ਚਾਹ ਫਿਲਾਸਫਰ ਹਨ, ਥੈਕਰੇ ਅਤੇ ਸ਼ੇਕਸਪੀਅਰ ਵੀ। ਮੰਦੇ ਦੌਰ ਵਾਲੇ ਕਵੀ (ਮੰਦਹਾਲੀ ਦਾ ਦੌਰ ਸੰਸਾਰ ਵਿੱਚ ਵੈਸੇ ਕਦ ਨਹੀਂ ਸੀ ?) ਜਦੋਂ ਪਦਾਰਥਵਾਦ ਵਿਰੁੱਧ ਲਿਖਦੇ ਸਨ, ਕੁਝ ਹੱਦ ਤੱਕ ਉਨ੍ਹਾਂ ਨੇ ਵੀ ਚਾਹ ਵੱਲ ਨੂੰ ਜਾਂਦਾ ਰਾਹ ਫੜਿਆ। ਅਪੂਰਨਤਾ ਦੇ ਸੰਕੋਚੇ ਚਿੰਤਨ ਨੇ ਪੂਰਬ ਅਤੇ ਪੱਛਮ ਨੂੰ ਆਹਮੋ ਸਾਹਮਣੇ ਬਿਠਾ ਕੇ ਇੱਕ ਦੂਜੇ ਨੂੰ ਧਰਵਾਸ ਦੇਣ ਲਾ ਦਿੱਤਾ ਹੈ।

ਤਾਓਵਾਦੀ ਦੱਸਦੇ ਹਨ ਕਿ ਅਣਹੋਂਦ ਵਿੱਚੋਂ ਜਦੋਂ ਮਹਾਨ ਹੋਂਦ ਪ੍ਰਗਟ ਹੋਈ, ਰੂਹ ਅਤੇ ਪਦਾਰਥ ਵਿੱਚ ਘਮਸਾਣ ਦਾ ਯੁੱਧ ਹੋਇਆ। ਅਖ਼ੀਰ ਵਿੱਚ ਸੁਰਗਾਂ ਦੇ ਸੂਰਜ, ਪੀਲੇ ਬਾਦਸ਼ਾਹ ਨੇ ਧਰਤੀ ਉੱਪਰਲੇ ਹਨੇਰੇ ਦੇ ਦੈਂਤ ਚੂਯੁੰਗ ਨੂੰ ਹਰਾ ਦਿੱਤਾ। ਮਰਦੇ ਹੋਏ ਦੈਂਤ ਨੇ ਗੁੱਸੇ ਵਿੱਚ ਸੂਰਜ ਮੰਡਲ ਵਿੱਚ ਟੱਕਰ ਮਾਰੀ ਜਿਸ ਸਦਕਾ ਨੀਲੇ ਅੰਬਰ ਦਾ ਗੁੰਬਦ ਟੁੱਕੜੇ ਟੁੱਕੜੇ ਹੋ ਕੇ

ਖਿੱਲਰ ਗਿਆ। ਤਾਰਿਆਂ ਦੇ ਆਲ੍ਹਣੇ ਗੁਆਚ ਗਏ ਤੇ ਹਨੇਰਾ ਰਾਤ ਦੀਆਂ ਜੰਗਲੀ ਖੱਡਾਂ ਵਿੱਚ ਇਧਰ ਉੱਧਰ ਭਟਕਦਾ ਰਿਹਾ। ਮਾਯੂਸ ਪੀਲੇ ਬਾਦਸ਼ਾਹ ਨੇ ਦੂਰ ਦੁਰਾਡੇ ਨਜ਼ਰ ਮਾਰੀ ਕਿ ਨੀਲੇ ਗੁੰਬਦ ਦੀ ਮੁਰੰਮਤ ਕਿਵੇਂ ਕਰਾਂ। ਉਸਦੀ ਖੋਜ ਵਿਅਰਥ ਨਹੀਂ ਗਈ। ਪੂਰਬੀ ਸਾਗਰ ਵਿੱਚੋਂ ਇੱਕ ਮਹਾਰਾਣੀ ਪ੍ਰਗਟ ਹੋਈ, ਰੂਹਾਨੀ ਨੂ ਵਾ, ਸਿੰਗਾਂ ਦਾ ਤਾਜ, ਅਜਗਰ ਦੀ ਪੂਛ, ਅੱਗ ਦੇ ਕਵਚ ਅੰਦਰ ਪ੍ਰਕਾਸ਼ਵਾਨ। ਜਾਦੂ ਦੀ ਦੇਗ ਵਿੱਚ ਉਸਨੇ ਪਚਰੰਗੀ ਪੀਂਘ ਪਾ ਕੇ ਤਾਈ ਤੇ ਮੁੜ ਚੀਨੀ ਅਸਮਾਨ ਉਸਾਰ ਦਿੱਤਾ। ਪਰ ਦੱਸਣ ਵਾਲੇ ਇਹ ਵੀ ਦੱਸਦੇ ਨੇ ਕਿ ਨੂ ਵਾ ਨੀਲੇ ਗੁੰਬਦ ਦੀਆਂ ਦੋ ਤਰੇੜਾਂ ਭਰਨੀਆਂ ਭੁੱਲ ਗਈ। ਇੱਥੋਂ ਪ੍ਰੇਮ ਦੀ ਦਵੈਤ ਆਰੰਭ ਹੋਈ। ਪੁਲਾੜ ਵਿੱਚ ਦੋ ਬੇਚੈਨ ਰੂਹਾਂ ਇੱਕ ਦੂਜੀ ਨੂੰ ਮਿਲਣ ਲਈ ਬੇਚੈਨ, ਉਦੋਂ ਤੱਕ ਚੈਨ ਨਾਲ ਨਹੀਂ ਬੈਠਣਗੀਆਂ ਜਦੋਂ ਤੱਕ ਬ੍ਰਹਿਮੰਡ ਸੰਪੂਰਨ ਨਹੀਂ ਹੁੰਦਾ। ਆਪੋ ਆਪਣੀ ਆਸ ਅਤੇ ਉਮੀਦ ਨੂੰ ਆਪਣੇ ਅਮਨ ਲਈ ਨਵਾਂ ਆਕਾਸ਼ ਉਸਾਰਨਾ ਪਵੇਗਾ।

ਦੌਲਤ ਅਤੇ ਸੱਤਾ ਹਾਸਲ ਕਰਨ ਦੇ ਚੱਕਰਵਰਤੀ ਦੌਰ ਵਿੱਚ ਸਮਕਾਲੀ ਮਨੁੱਖਤਾ ਦਾ ਸੁਰਗ ਚਕਨਾਚੂਰ ਹੋ ਗਿਆ ਹੈ। ਹੰਕਾਰ ਅਤੇ ਕਰੂਰਤਾ ਦੇ ਪਰਛਾਵਿਆਂ ਹੇਠ ਸੰਸਾਰ ਛਟਪਟਾ ਰਿਹਾ ਹੈ। ਮਾੜੀ ਨੀਤ ਨਾਲ ਗਿਆਨ ਦੀ ਖਰੀਦੋ ਫਰੋਖਤ ਹੋ ਰਹੀ ਹੈ, ਪਰ ਉਪਕਾਰ ਉਦੋਂ ਕੀਤਾ ਜਾਂਦਾ ਹੈ ਜੇ ਇਸ ਵਿੱਚੋਂ ਲਾਭ ਹੋਵੇ। ਪੂਰਬ ਅਤੇ ਪੱਛਮ ਦੋ ਅਜਗਰਾਂ ਵਾਂਗ ਉਬਲਦੇ ਸਮੁੰਦਰ ਵਿੱਚ ਜੀਵਨ ਅੰਮ੍ਰਿਤ ਪ੍ਰਾਪਤ ਕਰਨ ਲਈ ਭਿੜ ਰਹੇ ਹਨ। ਵਿਸ਼ਾਲ ਬਰਬਾਦੀ ਦੀ ਮੁਰੰਮਤ ਕਰਨ ਵਾਸਤੇ ਸਾਨੂੰ ਨੂ ਵਾ ਦੀ ਫਿਰ ਲੋੜ ਹੈ, ਅਸੀਂ ਮਹਾਨ ਦੇਵੀ ਨੂੰ ਉਡੀਕ ਰਹੇ ਹਾਂ। ਬਹਰਹਾਲ, ਹਾਲੇ ਚਾਹ ਦੀ ਚੁਸਕੀ ਲਈਏ। ਦਿਨ ਢਲੇ ਦੀ ਧੁੱਪ ਬਾਂਸਾਂ ਨੂੰ ਲਿਸ਼ਕਾ ਰਹੀ ਹੈ, ਫੁਹਾਰੇ ਪ੍ਰਸੰਨਤਾ ਨਾਲ ਉਛਲ ਰਹੇ ਹਨ, ਚੀਲਾਂ ਦੀ ਸਰਸਰਾਹਟ ਚਾਹ ਦੀ ਪਤੀਲੀ ਵਿੱਚੋਂ ਸੁਣਾਈ ਦੇ ਰਹੀ ਹੈ। ਹੁਣ ਲੋਪ ਹੋ ਕੇ ਦੇਰ ਤੱਕ ਖ਼ੂਬਸੂਰਤ ਪਾਗਲਪਣ ਵਿੱਚ ਲੀਨ ਹੋ ਜਾਈਏ।



— ਅਧਿਆਇ ਦੂਜਾ —

ਚਾਹ ਟਕਸਾਲਾਂ

ਚਾਹ ਹੁਨਰੀ ਕ੍ਰਿਤ ਹੈ ਜਿਸ ਕਾਰਨ ਇਸ ਵਿਚਲੇ ਸ੍ਰੇਸ਼ਟ ਗੁਣ ਪ੍ਰਗਟ ਕਰਨ ਵਾਸਤੇ ਕਿਸੇ ਉਸਤਾਦ ਦੇ ਹੱਥ ਦੀ ਲੋੜ ਹੈ। ਚਾਹ ਚੰਗੀ ਵੀ ਹੁੰਦੀ ਹੈ ਮਾੜੀ ਵੀ, ਜਿਵੇਂ ਚਿਤਰਕਾਰੀ ਚੰਗੀ ਅਤੇ ਮਾੜੀ ਹੁੰਦੀ ਹੈ, ਬਹੁਤੀ ਵਾਰ ਮਾੜੀ ਹੀ ਹੁੰਦੀ ਹੈ। ਉਤਮ ਚਾਹ ਬਣਾਉਣ ਦਾ ਕੋਈ ਇੱਕ ਪੱਕਾ ਤਰੀਕਾ ਨਹੀਂ ਹੁੰਦਾ ਜਿਵੇਂ ਇਤਾਲਵੀ ਚਿਤ੍ਰਕਾਰ ਤਿਤੀਆਨ ਜਾਂ ਸੈਸੋਨ ਪੈਦਾ ਕਰਨ ਵਾਸਤੇ ਘੜੇ ਮਿਥੇ ਨਿਯਮ ਨਹੀਂ ਹਨ। ਹਰੇਕ ਵਾਰ ਚਾਹ ਤਿਆਰ ਕਰਨ ਵੇਲੇ ਇਸ ਦੀ ਆਪਣੀ ਵੱਖਰੀ ਪਛਾਣ ਹੁੰਦੀ ਹੈ, ਪਾਣੀ ਅਤੇ ਅੱਗ ਨਾਲ ਖ਼ਾਸ ਸੰਜੋਗ, ਇਸ ਅੰਦਰ ਲੁਪਤ ਖਾਨਦਾਨੀ ਯਾਦਾਂ, ਕਹਾਣੀ ਸੁਣਾਉਣ ਦਾ ਆਪਣਾ ਹੀ ਤਰੀਕਾ। ਖਰੀ ਸੁੰਦਰਤਾ ਤਾਂ ਇਸ ਵਿੱਚ ਹਰ ਵਕਤ ਹੋਵੇ ਈ ਹੋਵੇ। ਕਲਾ ਅਤੇ ਜੀਵਨ ਦੇ ਸਾਦੇ ਬੁਨਿਆਦੀ ਢੰਗ ਤਰੀਕੇ ਨਾ ਪਛਾਣਨ ਸਦਕਾ ਕੀ ਅਸੀਂ ਅਨੇਕ ਦੁੱਖ ਨਹੀਂ ਭੋਗੇ ? ਸੁੰਗ ਸ਼ਾਇਰ, ਲਿਚੀ ਲਾਈ ਨੇ ਉਦਾਸ ਹੋ ਕੇ ਦੱਸਿਆ ਤਾਂ ਸੀ ਕਿ ਅਸੀਂ ਜਿਨ੍ਹਾਂ ਕਾਰਨਾਂ ਸਦਕਾ ਜਵਾਨੀ ਬਰਬਾਦ ਕਰਦੇ ਹਾਂ ਉਹ ਹਨ ਬਣਾਉਟੀ ਵਿੱਦਿਆ, ਫ਼ਜ਼ੂਲ ਪ੍ਰਸ਼ੰਸਾ ਕਰਕੇ ਮਾੜੀਆਂ ਪੇਂਟਿੰਗਜ਼ ਦੀ ਸ਼ਲਾਘਾ ਅਤੇ ਅਯੋਗ ਤਰੀਕਿਆਂ ਰਾਹੀਂ ਚਾਹ ਦੀ ਬਰਬਾਦੀ।

ਕਲਾ ਵਾਂਗ ਚਾਹ ਦੇ ਆਪਣੇ ਦੌਰ ਅਤੇ ਆਪਣੀਆਂ ਟਕਸਾਲਾਂ ਹਨ। ਇਸਦੇ ਵਿਕਾਸ ਦੇ ਤਿੰਨ ਮੋਟੇ ਮੋਟੇ ਪੜਾਅ ਹਨ। ਉਬਲੀ ਚਾਹ, ਫੈਂਟੀ ਚਾਹ ਤੇ ਤਿੱਖੀ, ਕੜਕ, ਖੜ੍ਹਵੀਂ ਚਾਹ। ਅਸੀਂ ਆਧੁਨਿਕ ਲੋਕ ਆਖਰੀ ਟਕਸਾਲ

ਵਿੱਚੋਂ ਹਾਂ। ਚਾਹ ਰਸ ਦੀ ਉਪਮਾ ਕਰਨ ਦੇ ਇਹ ਤਰੀਕੇ ਆਪੋ ਆਪਣੇ ਸਮਕਾਲ ਦੀ ਅੰਤਰ ਆਤਮਾ ਦਿਖਾਉਂਦੇ ਹਨ। ਜੀਵਨ ਕਿਉਂਕਿ ਇਕ ਪ੍ਰਗਟਾਵਾ ਹੈ, ਸਾਡੇ ਅਚੇਤ ਕਾਰਜ, ਨਿਰੰਤਰ ਗਹਿਰੇ ਖਿਆਲਾਂ ਨਾਲ ਦਗਾ ਕਮਾਉਂਦੇ ਹਨ। ਕਨਫਿਊਸ਼ਿਅਸ ਨੇ ਕਿਹਾ ਤਾਂ ਸੀ, "ਆਦਮੀ ਲੁਕ ਛਿਪ ਨਹੀਂ ਸਕਦਾ।" ਆਪਣੇ ਅੰਦਰਲੀਆਂ ਨਿਕੀਆਂ ਨਿਕੀਆਂ ਗੱਲਾਂ ਦਾ ਸ਼ਾਇਦ ਇਸ ਕਰਕੇ ਵਧੀਕ ਪ੍ਰਗਟਾਵਾ ਕਰਦੇ ਹਾਂ ਕਿਉਂਕਿ ਸਾਡੇ ਕੋਲ ਉਹ ਮਹਾਨਤਾ ਹੈ ਈ ਨੀ ਜੋ ਅਸੀਂ ਛੁਪਾ ਸਕੀਏ। ਰੋਜ਼ ਮੱਰਰਾ ਦੀਆਂ ਨਿਕੀਆਂ ਨਿਕੀਆਂ ਘਟਨਾਵਾਂ, ਨਸਲੀ ਆਦਰਸ਼ਾਂ ਉੱਪਰ ਅਜਿਹੀਆਂ ਟਿੱਪਣੀਆਂ ਨੇ ਜੋ ਫਲਸਫੇ ਜਾਂ ਸ਼ਾਇਰੀ ਦੀਆਂ ਉਚਤਮ ਉਡਾਣਾਂ ਵਰਗੀਆਂ ਹੁੰਦੀਆਂ ਹਨ। ਯੋਰਪ ਦੀਆਂ ਵੱਖ ਵੱਖ ਕੌਮਾਂ ਵਿੱਚ ਸ਼ਰਾਬ ਦੀਆਂ ਵੰਨਗੀਆਂ ਪ੍ਰਤੀ ਉਨ੍ਹਾਂ ਦੀ ਪਸੰਦ ਨਾਪਸੰਦ ਉਸ ਯੁੱਗ ਦੀ ਫਿਤਰਤ ਦਰਸਾ ਦਿੰਦੀ ਹੈ, ਉਸੇ ਤਰ੍ਹਾਂ ਪੂਰਬ ਦਾ ਕਲਚਰ ਚਾਹ ਦੇ ਆਦਰਸ਼ਾਂ ਤੋਂ ਪਛਾਣਿਆ ਜਾਂਦਾ ਹੈ। ਕੇਕ ਚਾਹ ਉਬਾਲੀ ਜਾਂਦੀ ਸੀ, ਬਰੀਕ ਚਾਹ ਫੈਂਟੀ ਜਾਂਦੀ ਤੇ ਪੱਤੀਆਂ ਵਾਲੀ ਚਾਹ ਤਿੱਖੀ ਹੁੰਦੀ, ਇਹ ਤਿੰਨੇ ਪ੍ਰਕਾਰ ਦੀਆਂ ਚਾਹਾਂ ਚੀਨ ਦੀਆਂ ਤਾਂਗ, ਸੁੰਗ ਅਤੇ ਮਿੰਗ ਸਲਤਨਤਾਂ ਦੇ ਜਜ਼ਬਾਤ ਪ੍ਰਗਟਾਉਂਦੀਆਂ ਹਨ। ਆਰਟ ਦੇ ਭੈੜੇ ਵਰਗੀਕਰਨ ਵਾਂਗ ਪਰਿਭਾਸ਼ਿਤ ਕਰਨਾ ਹੋਵੇ ਤਾਂ ਇਨ੍ਹਾਂ ਨੂੰ ਕਲਾਸਿਕ, ਰੋਮਾਂਟਿਕ ਅਤੇ ਪ੍ਰਾਕ੍ਰਿਤਕ ਚਾਹ ਟਕਸਾਲਾਂ ਕਿਹਾ ਜਾ ਸਕਦਾ ਹੈ।

ਪੂਰਬੀ ਚੀਨ ਦੀ ਦੇਸੀ ਚਾਹ ਬੂਟੀ ਚੀਨੀ ਬਨਸਪਤੀ ਵਿਗਿਆਨੀਆਂ ਅਤੇ ਹਕੀਮਾਂ ਨੇ ਬਹੁਤ ਸਮਾਂ ਪਹਿਲਾਂ ਪਛਾਣ ਲਈ ਸੀ। ਪੁਰਾਤਨ ਗ੍ਰੰਥਾਂ ਵਿੱਚ ਇਸਦੇ ਕਈ ਪ੍ਰਕਾਰ ਦੇ ਨਾਮ ਲਿਖੇ ਮਿਲਦੇ ਹਨਃ ਟੋ, ਸ਼ੇਹ, ਚੁਆਂਨ, ਚਿਆ, ਮਿੰਗ। ਇਸ ਵਿੱਚ ਜੋ ਗੁਣ ਦੇਖੇ ਗਏ ਉਹ ਸਨ, ਥਕਾਵਟ ਉਤਾਰ ਦਿੰਦੀ ਹੈ, ਰੂਹ ਨੂੰ ਤਰੋਤਾਜ਼ਾ ਕਰ ਦਿੰਦੀ ਹੈ, ਆਤਮਬਲ ਵਿੱਚ ਵਾਧਾ ਕਰਦੀ, ਨਜ਼ਰ ਤਿੱਖੀ ਕਰ ਦਿੰਦੀ ਹੈ। ਇਹ ਕੇਵਲ ਪੀਣ ਦੇ ਕੰਮ ਨਹੀਂ ਆਉਂਦੀ, ਲੁੱਪਰੀ ਬਣਾ ਕੇ ਉੱਥੇ ਬੰਨ੍ਹੀ ਜਾਂਦੀ ਜਿੱਥੇ ਗਠੀਏ ਦਾ ਦਰਦ ਹੋ ਰਿਹਾ ਹੁੰਦਾ। ਤਾਓਵਾਦੀ ਤਾਂ ਦਾਅਵਾ ਕਰਦੇ ਸਨ ਅਮਰ ਕਰਨ ਵਾਲਾ ਅੰਮ੍ਰਿਤਧਾਰਾ ਇਹੋ

ਹੈ। ਬੋਧੀ ਇਸਦੀ ਵਰਤੋਂ ਇਸ ਵਾਸਤੇ ਕਰਦੇ ਸਨ ਕਿ ਲੰਮਾ ਸਮਾਂ ਬੰਦਗੀ ਕਰਦਿਆਂ ਸੁਸਤੀ ਨਾ ਆਵੇ।

ਚੌਥੀ ਅਤੇ ਪੰਜਵੀਂ ਈਸਵੀ ਤੱਕ ਯੰਗ ਸੀ ਕਿਆਂਗ ਵਾਦੀ ਦੇ ਵਸਨੀਕਾਂ ਵਿੱਚ ਚਾਹ ਮਨਪਸੰਦ ਦ੍ਰਵ ਬਣ ਗਈ ਸੀ। ਇਸੇ ਸਮੇਂ ਇਸ ਦ੍ਰਵ ਦਾ ਨਾਮ 'ਚਾ' t'cha ਪਿਆ ਜੋ ਕਿ ਸ਼ਾਸਤ੍ਰੀ ਸ਼ਬਦ 'ਤਾਓ' ਦਾ ਬਦਲਿਆ ਹੋਇਆ ਰੂਪ ਸੀ। ਦੱਖਣੀ ਰਿਆਸਤਾਂ ਦੇ ਕਵੀਆਂ ਨੇ ਆਪਣੀ ਇਸ ਮਨਪਸੰਦ ਚਾਹ ਦੀ ਝੱਗ ਨੂੰ ਤਰਲ ਹੀਰਿਆਂ ਦੀ ਕੰਗਣੀ ਕਿਹਾ। ਸ਼ਾਨਦਾਰ ਸੇਵਾਵਾਂ ਦੀ ਕਦਰ ਕਰਦਿਆਂ ਇਨਾਮ ਵਜੋਂ ਬਾਦਸ਼ਾਹ ਆਪਣੇ ਵਜੀਰਾਂ ਨੂੰ ਚਾਹ ਦੀ ਦਾਅਵਤ ਦਿਆ ਕਰਦੇ ਸਨ। ਤਾਂ ਵੀ ਇਸ ਵੇਲੇ ਤੱਕ ਚਾਹ ਬਣਾਉਣ ਦਾ ਢੰਗ ਤਰੀਕਾ ਬਿਲਕੁਲ ਜਾਂਗਲੀ ਸੀ। ਪੱਤੀਆਂ ਨੂੰ ਭਾਫ ਵਿੱਚ ਦੀ ਲੰਘਾਉਂਦੇ, ਫਿਰ ਕੂੰਡੇ ਸੋਟੇ ਨਾਲ ਕੁੱਟਦੇ, ਟਿੱਕੀ ਜਿਹੀ ਬਣਾ ਕੇ ਚਾਵਲ, ਅਦਰਕ, ਨਮਕ, ਸੰਤਰੇ ਦੇ ਛਿਲਕੇ, ਮਸਾਲੇ, ਦੁੱਧ ਅਤੇ ਕਦੀ ਕਦਾਈਂ ਗੰਢਿਆਂ ਨਾਲ ਰਲਾਕੇ ਪਕਾਉਂਦੇ। ਇਹ ਰਿਵਾਜ ਅੱਜ ਵੀ ਕਿਤੇ ਕਿਤੇ ਤਿਬਤੀ ਅਤੇ ਮੰਗੋਲੀ ਕਬੀਲਿਆਂ ਵਿੱਚ ਮੌਜੂਦ ਹੈ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਮਿਲਾ ਕੇ ਉਹ ਖ਼ਾਸ ਕਿਸਮ ਦੀ ਚਾਸ਼ਣੀ ਬਣਾ ਲੈਂਦੇ ਹਨ। ਰੂਸੀਆਂ ਨੇ ਚੀਨੀ ਯਾਤਰੂਆਂ ਤੋਂ ਚਾਹ ਬਣਾਉਣੀ ਸਿੱਖੀ, ਉਹ ਇਸ ਵਿੱਚ ਨਿੰਬੂ ਦੇ ਟੁਕੜੇ ਪਾ ਲੈਂਦੇ ਜੋ ਚਾਹ ਬਣਾਉਣ ਦਾ ਪੁਰਾਤਨ ਤਰੀਕਾ ਸੀ, ਲੈਮਨ ਟੀ।

ਇਹ ਸਿਹਰਾ ਤਾਂਗ ਸਲਤਨਤ ਦੇ ਅਕਲਮੰਦਾਂ ਹਿੱਸੇ ਆਇਆ ਕਿ ਉਨ੍ਹਾਂ ਨੇ ਚਾਹ ਨੂੰ ਜਾਂਗਲੀ ਤੌਰ ਤਰੀਕਿਆਂ ਤੋਂ ਮੁਕਤੀ ਦਿਵਾ ਕੇ ਅਜੋਕਾ ਅੰਤਿਮ ਆਦਰਸ਼ਕ ਰੂਪ ਦਿੱਤਾ। ਅੱਠਵੀਂ ਸਦੀ ਦੇ ਮੱਧ ਵਿੱਚ ਸਾਨੂੰ ਚਾਹ ਦਾ ਪਹਿਲਾ ਉਸਤਾਦ ਲੂ ਵੂ ਹਾਸਲ ਹੋ ਗਿਆ। ਜਦੋਂ ਬੋਧਮਤਿ, ਤਾਓਵਾਦ ਅਤੇ ਕਨਫਿਊਸ਼ਿਅਨਵਾਦ ਇਕ ਦੂਜੇ ਵਿੱਚ ਜਜ਼ਬ ਹੋ ਰਹੇ ਸਨ, ਉਸਦਾ ਉਦੋਂ ਜਨਮ ਹੋਇਆ। ਉਸ ਵੇਲੇ ਦਾ ਸਰਬੇਸ਼ਵਰਵਾਦ, ਕਣ ਵਿੱਚੋਂ ਬ੍ਰਹਿਮੰਡ ਦੇਖਣ ਵੱਲ ਤੁਰ ਪਿਆ ਸੀ। ਸ਼ਾਇਰ ਲੂ ਵੂ ਨੇ ਦੇਖਿਆ ਕਿ ਚਾਹ ਦੀ ਸੇਵਾ ਉਸੇ ਇਕਸੁਰਤਾ ਦਾ ਮਰਮ ਹੈ ਜਿਹੜੀ ਹਰੇਕ ਵਸਤ ਵਿੱਚ ਵਿਆਪਕ ਹੈ। ਉਸਦੇ

ਪ੍ਰਸਿੱਧ ਗ੍ਰੰਥ ਚਾ ਚਿੰਗ, ਯਾਨੀ ਕਿ ਚਾਹ ਦਾ ਪਵਿੱਤਰ ਗ੍ਰੰਥ, ਚਾਹ ਦੀ ਬੁਨਿਆਦੀ ਨਿਯਮਾਵਲੀ ਦਾ ਕੋਡ ਹੈ। ਚਾਹ ਦੇ ਵਪਾਰੀਆਂ ਵਿੱਚ ਚਾਹ ਦੇਵਤਾ ਵਜੋਂ ਉਸਦੀ ਪੂਜਾ ਉਦੋਂ ਤੋਂ ਹੁੰਦੀ ਆ ਰਹੀ ਹੈ।

ਚਾ ਚਿੰਗ ਦੀਆਂ ਤਿੰਨ ਜਿਲਦਾਂ ਅਤੇ ਦਸ ਅਧਿਆਇ ਹਨ। ਪਹਿਲੇ ਅਧਿਆਇ ਵਿੱਚ ਲੂ ਵੂ ਚਾਹ ਦੇ ਬੂਟੇ ਦਾ ਵਰਣਨ ਕਰਦਾ ਹੈ। ਦੂਜੇ ਅਧਿਆਇ ਵਿੱਚ ਪੱਤੀਆਂ ਚੁਣਨ ਦਾ ਵੇਰਵਾ ਹੈ, ਤੀਜੇ ਅਧਿਆਇ ਵਿੱਚ ਚੁਣੀਆਂ ਪੱਤੀਆਂ ਵਿੱਚੋਂ ਸਹੀ ਪੱਤੀਆਂ ਛਾਂਟਣ ਦਾ ਜ਼ਿਕਰ ਹੈ। ਉਸ ਅਨੁਸਾਰ ਸਰਬੋਤਮ ਪੱਤੀਆਂ ਉਹ ਹੁੰਦੀਆਂ ਹਨ ਜਿਨ੍ਹਾਂ ਉੱਪਰ ਤਾਰਤਰ ਘੁੜਸਵਾਰਾਂ ਦੇ ਬੂਟਾਂ ਉਪਰਲੀਆਂ ਸਿਲਵਟਾਂ ਵਾਂਗ ਵਟ ਪਏ ਹੋਏ ਹੋਣ, ਬਲਵਾਨ ਸਾਨ੍ਹ ਦੀ ਗਰਦਣ ਹੇਠ ਲਮਕਦੇ ਝਾਲਰ ਵਾਂਗ ਵਲ਼ ਹੋਣ, ਘਾਟੀ ਵਿੱਚੋਂ ਉੱਪਰ ਉੱਠਦੀ ਧੁੰਦ ਵਰਗੀ ਭਾਫ ਹੋਵੇ, ਹਲਕਾ ਬੁੱਲਾ ਜਿਵੇਂ ਝੀਲ ਦੇ ਪਾਣੀ ਨੂੰ ਤਰੰਗਿਤ ਕਰਦਾ ਹੈ ਉਸ ਤਰ੍ਹਾਂ ਤਾਜ਼ੀ ਵਾਛੜ ਦੀ ਧੋਈ ਜ਼ਮੀਨ ਵਾਂਗ ਪੱਤੀਆਂ ਗਿੱਲੀਆਂ ਅਤੇ ਨਰਮ।

ਚੌਥੇ ਅਧਿਆਇ ਵਿੱਚ ਚਾਹ ਪੀਣੀ ਸੰਗਤ ਅਤੇ ਚਾਹ ਬਣਾਉਣ ਵਿੱਚ ਸਹਾਈ ਚੌਵੀ ਬਰਤਨਾਂ ਦੀ ਵਿਆਖਿਆ ਹੈ। ਤਿੰਨ ਟੰਗੀ ਅੰਗੀਠੀ ਤੋਂ ਸ਼ੁਰੂ ਕਰਕੇ ਬਾਂਸ ਦੀ ਟੋਕਰੀ ਤੇ ਜਾ ਕੇ ਗੱਲ ਮੁਕਾਈ ਹੈ ਜਿਸ ਵਿੱਚ ਚਾਹ ਵਾਲੇ ਬਰਤਨ ਸੰਭਾਲਣੇ ਹਨ। ਦਿਸੀ ਜਾਂਦਾ ਹੈ ਕਿ ਲੂ ਵੂ ਨੂੰ ਤਾਓਵਾਦ ਦੇ ਚਿੰਨ੍ਹ ਕਿੰਨੇ ਪਿਆਰੇ ਹਨ। ਇਹ ਵਾਚਣਾ ਵੀ ਦਿਲਚਸਪ ਹੈ ਕਿ ਇਸ ਸਾਰੇ ਕੁਝ ਦਾ ਚੀਨੀ ਬਰਤਣਕਲਾ ਉੱਪਰ ਕਿੰਨਾ ਅਸਰ ਰਿਹਾ ਹੋਵੇਗਾ। ਚੀਨੀ ਦੇ ਬਰਤਣਾਂ ਵਿੱਚ ਦੋ ਰੰਗ ਪ੍ਰਧਾਨ ਹੋ ਗਏ, ਨੀਲਮ ਤੋਂ ਨੀਲਾ ਜੋ ਦੱਖਣ ਦਾ ਰੰਗ ਹੈ ਤੇ ਉਤਰ ਦਾ ਸਫੈਦ ਰੰਗ ਪ੍ਰਗਟ ਹੋਏ। ਲੂ ਵੂ ਅਨੁਸਾਰ ਚੀਨੀ ਭਾਂਡਿਆਂ ਦਾ ਨੀਲਾ ਰੰਗ ਵਧੀਆ ਹੈ ਕਿਉਂਕਿ ਇਸ ਵਿੱਚ ਪਾਈ ਚਾਹ ਵਿੱਚ ਹਰੀ ਭਾਅ ਮਾਰਦੀ ਹੈ। ਸਫੈਦ ਪਿਆਲੀਆਂ ਵਿੱਚ ਪਈ ਚਾਹ ਗੁਲਾਬੀ ਭਾਅ ਦੀ ਹੋ ਜਾਂਦੀ ਹੈ, ਸੁਆਦ ਨਹੀਂ ਲਗਦੀ। ਪਿੱਛੋਂ ਜਾ ਕੇ ਸੁੰਗ ਚਾਹ ਉਸਤਾਦਾਂ ਨੇ ਜਦੋਂ ਬਰੀਕ ਚਾਹ ਵਰਤਣੀ ਸ਼ੁਰੂ ਕਰ ਦਿੱਤੀ ਤਾਂ ਉਨ੍ਹਾਂ ਨੂੰ ਨੀਲੇ, ਕਾਲੇ

ਤੇ ਭੂਰੇ ਵੱਡੇ-ਵੱਡੇ ਭਾਂਡੇ ਕਟੋਰੇ ਜ਼ਿਆਦਾ ਚੰਗੇ ਲੱਗੇ। ਤਿੱਖੀ ਕੜਕ ਚਾਹ ਦੇ ਸ਼ੌਕੀਨ ਮਿੰਗਾਂ ਨੇ ਸਫੈਦ ਚੀਨੀ ਦੇ ਹਲਕੇ ਬਰਤਨ ਪਸੰਦ ਕੀਤੇ।

ਪੰਜਵੇਂ ਅਧਿਆਇ ਵਿੱਚ ਲੂ ਵੂ ਚਾਹ ਬਣਾਉਣ ਦੀਆਂ ਵਿਧੀਆਂ ਦਸਦਾ ਹੈ। ਚਾਹ ਵਿੱਚ ਨਮਕ ਤੋਂ ਬਗੈਰ ਹੋਰ ਕੋਈ ਚੀਜ਼ ਨੀ ਪਾਉਣੀ। ਚਾਹ ਨੂੰ ਕਿੰਨੀ ਦੇਰ ਉਬਾਲਣਾ ਹੈ, ਪਾਣੀ ਕਿਹੜਾ ਵਰਤਣਾ ਹੈ, ਇਸ ਬਾਰੇ ਵੀ ਉਹ ਬਹੁਤ ਵਿਸਥਾਰ ਨਾਲ ਲਿਖਦਾ ਹੈ। ਉਸ ਅਨੁਸਾਰ ਪਹਾੜੀ ਝਰਨੇ ਦਾ ਪਾਣੀ ਸਰਬੋਤਮ ਹੈ। ਦਰਿਆ ਅਤੇ ਚਸ਼ਮੇ ਦਾ ਪਾਣੀ ਗੁਣਵੱਤਾ ਵਿੱਚ ਉਸ ਤੋਂ ਪਿੱਛੇ ਹੈ। ਉਬਾਲਣ ਦੇ ਤਿੰਨ ਪੜਾਅ ਹਨ। ਪਹਿਲਾ ਉਬਾਲ ਉਸਨੂੰ ਕਹਿੰਦੇ ਹਨ ਜਦੋਂ ਨਿੱਕੇ-ਨਿੱਕੇ ਬੁਲਬੁਲੇ, ਮੱਛੀ ਦੀਆਂ ਅੱਖਾਂ ਜਿੱਡੇ ਕੁ, ਉੱਪਰ ਤੈਰਨ ਲੱਗ ਜਾਣ। ਦੂਜੇ ਪੜਾਅ ਵਿੱਚ ਬੁਲਬੁਲੇ ਪਾਰਦਰਸ਼ੀ ਸ਼ੀਸ਼ੇ ਦੇ ਟੁਕੜਿਆਂ ਵਾਂਗ ਉੱਪਰ ਹੇਠ ਫੁਹਾਰੇ ਵਾਂਗ ਜਾਂਦੇ ਹੋਣ। ਤੀਜੇ ਉਬਾਲ ਵੇਲੇ ਚਾਹ ਪਤੀਲੀ ਦੇ ਕਿਨਾਰਿਆਂ ਤੋਂ ਬੇਕਾਬੂ ਹੋ ਕੇ ਬਾਹਰ ਉਛਲਣ ਦਾ ਯਤਨ ਕਰਨ ਲੱਗਦੀ ਹੈ। ਟਿੱਕੀ ਵਾਲੀ ਚਾਹ ਪਹਿਲਾਂ ਨਰਮ ਅੱਗ ਉੱਪਰ ਉਦੋਂ ਤੱਕ ਭੁੰਨਦੇ ਰਹੋ ਜਦੋਂ ਤੱਕ ਉਹ ਬੱਚੇ ਦੇ ਮਾਸ ਵਾਂਗ ਨਰਮ ਨਾ ਹੋ ਜਾਵੇ। ਫਿਰ ਬਰੀਕ ਕਾਗਜ਼ ਉੱਪਰ ਉਸਨੂੰ ਟੁਕੜਿਆਂ ਵਿੱਚ ਕੱਟਿਆ ਜਾਂਦਾ ਹੈ। ਪਹਿਲੇ ਉਬਾਲ ਵਕਤ ਇਸ ਵਿੱਚ ਲੂਣ ਮਿਲਾਉ, ਚਾਹ ਦੂਜੇ ਉਬਾਲ ਵੇਲੇ ਪਾਉ। ਤੀਜੇ ਉਬਾਲ ਬਾਅਦ ਇਕ ਚਮਚਾ ਠੰਢੇ ਪਾਣੀ ਦਾ ਪਾ ਦਿਉ ਤਾਂ ਚਾਹ ਵਿਚਲੇ ਟਿਕੇ ਪਾਣੀ ਦਾ ਜੋਬਨ ਦਿਸੇਗਾ। ਫਿਰ ਇਸ ਦ੍ਰਵ ਨੂੰ ਪਿਆਲੀਆਂ ਵਿੱਚ ਪਾਉ ਤੇ ਪੀਉ। ਐ ਸੁਗੰਧੀ! ਪਤਲੀ ਪੱਤੀ ਇਉਂ ਤੈਰ ਰਹੀ ਹੈ ਜਿਵੇਂ ਆਕਾਸ਼ ਵਿੱਚ ਬੱਦਲ, ਜਿਵੇਂ ਨਦੀ ਦੇ ਤਲ ਉੱਪਰ ਕੰਵਲ ਦੇ ਪੱਤੇ। ਇਹ ਹੈ ਉਹ ਚਾਹ ਜਿਸ ਬਾਰੇ ਤਾਂਗ ਕਵੀ ਲੂ ਤੁੰਗ ਨੇ ਲਿਖਿਆ- ਪਹਿਲੀ ਪਿਆਲੀ ਮੇਰੇ ਬੁੱਲ੍ਹਾਂ ਅਤੇ ਗਲੇ ਨੂੰ ਤਰ ਕਰਦੀ ਹੈ, ਦੂਜੀ ਪਿਆਲੀ ਮੈਨੂੰ ਇਕਾਂਤ ਵਿੱਚੋਂ ਬਾਹਰ ਕੱਢਦੀ ਹੈ, ਤੀਜੀ ਪਿਆਲੀ ਮੇਰੀਆਂ ਖਾਲੀ ਆਂਦਰਾਂ ਵਿੱਚੋਂ ਕੁਛ ਭਾਲ ਕਰਨ ਲਗਦੀ ਹੈ ਤਾਂ ਇਸ ਨੂੰ ਅਜੀਬੋ ਗਰੀਬ ਪੰਜ ਹਜ਼ਾਰ ਗ੍ਰੰਥ ਲੱਭ ਜਾਂਦੇ ਹਨ। ਚੌਥੀ ਪਿਆਲੀ ਪੀ ਕੇ ਜਦ ਮੈਨੂੰ ਪਸੀਨਾ ਆਉਂਦਾ ਹੈ ਉਦੋਂ ਮੇਰੇ

ਅੰਦਰਲੀਆਂ ਸਾਰੀਆਂ ਬੁਰਾਈਆਂ ਮੁਸਾਮਾਂ ਰਾਹੀਂ ਬਾਹਰ ਨਿਕਲ ਜਾਂਦੀਆਂ ਹਨ। ਪੰਜਵੀਂ ਪਿਆਲੀ ਪੀ ਕੇ ਰੂਹ ਪੂਰੀ ਪਵਿੱਤਰ ਹੋ ਜਾਂਦੀ ਹੈ, ਛੇਵੀਂ ਪਿਆਲੀ ਮੈਨੂੰ ਅਮਰਾਪਦ ਬਖ਼ਸ਼ਦੀ ਹੈ ਤੇ ਸੱਤਵੀਂ ਪਿਆਲੀ ? ਉਫ ਹੋਰ ਨਹੀਂ ਪੀ ਸਕਦਾ ਹੁਣ। ਠੰਢੇ ਰੁਮਕੇ ਮੇਰੀਆਂ ਆਸਤੀਨਾ ਵਿੱਚੋਂ ਦੀ ਸਰਕਦੇ ਅਨੰਦਿਤ ਕਰ ਰਹੇ ਹਨ। ਕਿੱਥੇ ਹੈ ਅਦਨ ਦਾ ਬਾਗ ? ਮੈਂ ਮਿੱਠੀ ਹਵਾ ਦੇ ਘੋੜੇ ਤੇ ਸਵਾਰ ਹੋ ਕੇ ਉੱਡ ਕੇ ਉੱਥੇ ਪੁੱਜਣਾ ਚਾਹੁੰਨਾ।

ਚਾ ਚਿੰਗ ਦੇ ਬਾਕੀ ਅਧਿਆਇਆਂ ਵਿੱਚ ਚਾਹ ਦੀ ਗਲਤ ਵਰਤੋਂ, ਵਰਤਾਉਣ ਦੇ ਅਹਿਮਕਾਨਾ ਤਰੀਕਿਆਂ ਦਾ ਜ਼ਿਕਰ ਹੈ, ਚਾਹ ਪੀਣ ਵਾਲੇ ਵੱਡੇ ਦਾਨਿਸ਼ਵਰਾਂ ਦਾ, ਚਾਹ ਦੇ ਪ੍ਰਸਿੱਧ ਬਾਗਾਂ ਦਾ, ਚਾਹ ਦੀਆਂ ਕਿਸਮਾਂ, ਚਾਹ ਵਰਤਾਉਣ ਦੇ ਵਿਭਿੰਨ ਤਰੀਕਿਆਂ ਅਤੇ ਚਾਹ ਲਈ ਵਰਤਣ ਵਾਲੇ ਬਰਤਣਾਂ ਦਾ ਵੇਰਵਾ ਹੈ। ਦੁਰਭਾਗਵਸ ਅਖੀਰਲਾ ਬਰਤਣਾਂ ਵਾਲਾ ਅਧਿਆਇ ਗੁੰਮ ਹੋ ਗਿਆ ਹੈ।

ਚਾ ਚਿੰਗ ਗ੍ਰੰਥ ਦਾ ਪ੍ਰਕਾਸ਼ ਹੋਇਆ ਤਾਂ ਉਸ ਵੇਲੇ ਇਸ ਦੀ ਸਨਸਨੀ ਤਾਂ ਯਕੀਨਨ ਫੈਲੀ ਹੋਵੇਗੀ। ਬਾਦਸ਼ਾਹ ਤਾਈ ਸੁੰਗ (763-779) ਦੀ ਲੂ ਵੂ ਨਾਲ ਦੋਸਤੀ ਹੋ ਗਈ, ਪ੍ਰਸਿੱਧੀ ਸਦਕਾ ਅਨੇਕ ਚੇਲੇ ਆ ਪੁੱਜੇ। ਕੁਝ ਕੁ ਉਸਤਾਦ ਤਾਂ ਏਨੀ ਉੱਚੀ ਸੁਰਤਿ ਵਿੱਚ ਪੁੱਜ ਗਏ ਸਨ, ਦੱਸ ਦਿੰਦੇ ਕਿ ਇਹ ਚਾਹ ਲੂ ਵੂ ਨੇ ਬਣਾਈ ਹੈ ਕਿ ਉਸਦੇ ਚੇਲੇ ਨੇ। ਉਸ ਵੇਲੇ ਦੇ ਇਕ ਅਫ਼ਸਰ ਦਾ ਨਾਮ ਇਸੇ ਗਲ ਸਦਕਾ ਅਮਰ ਹੋ ਗਿਆ ਕਿ ਉਸਨੂੰ ਲੂ ਵੂ ਦੀ ਚਾਹ ਸੁਆਦ ਨਹੀਂ ਲੱਗੀ ਸੀ।

ਸੁੰਗ ਸਾਮਰਾਜ ਵਕਤ ਫੈਂਟੀ ਚਾਹ ਪੀਣ ਦਾ ਰਿਵਾਜ ਚੱਲ ਪਿਆ ਤੇ ਇਉਂ ਚਾਹ ਦੀ ਦੂਜੀ ਟਕਸਾਲ ਚੱਲ ਪਈ। ਚਾਹ ਦੇ ਸੁੱਕੇ ਪੱਤੇ ਚੱਕੀ ਵਿੱਚ ਪੀਹ ਕੇ ਬਰੀਕ ਕਰ ਲਏ ਜਾਂਦੇ। ਇਸ ਨੂੰ ਪਤੀਲੀ ਵਿੱਚ ਪਾ ਕੇ ਉਬਾਲਿਆ ਜਾਂਦਾ ਤੇ ਬਾਂਸ ਦੀ ਫਟੀ ਹੋਈ ਪੋਰੀ ਨਾਲ ਇਸ ਨੂੰ ਹਿਲਾਉਂਦੇ ਰਹਿੰਦੇ। ਚਾਹ ਬਣਾਉਣ ਅਤੇ ਪੱਤੀਆਂ ਦੀ ਚੋਣ ਦਾ ਤਰੀਕਾ ਲੂ ਵੂ ਵਾਲਾ ਨਾ ਰਿਹਾ। ਲੂਣ ਦਾ ਸਦਾ ਵਾਸਤੇ ਖਹਿੜਾ ਛੱਡ ਦਿੱਤਾ। ਸੁੰਗ ਪਰਜਾ ਨੇ ਚਾਹ ਏਨੀ ਪਸੰਦ

ਕੀਤੀ ਕਿ ਕੋਈ ਓੜਕ ਨਾ ਰਿਹਾ। ਚਾਹ-ਰਸੀਆਂ ਦਾ ਨਵੀਆਂ ਕਿਸਮਾ ਲੱਭਣ ਵਿੱਚ ਮੁਕਾਬਲਾ ਹੁੰਦਾ, ਮੇਲੇ ਲਾ ਕੇ ਆਪੋ ਆਪਣੀ ਚਾਹ ਦੇ ਗੁਣ ਪ੍ਰਚਾਰਦੇ। ਬਾਦਸ਼ਾਹ ਹੁਈ ਸੁੰਗ (1101-1124) ਆਪਣੇ ਸਮੇਂ ਦਾ ਮਹਾਨ ਕਲਾਕਾਰ ਤਾਂ ਹੈ ਈ ਸੀ, ਬੜਾ ਸੁਘੜ ਹਾਕਮ ਵੀ ਸੀ ਜੋ ਚਾਹ ਦੀਆਂ ਦੁਰਲਭ ਕਿਸਮਾਂ ਲੱਭਣ ਵਾਲਿਆਂ ਤੇ ਦਿਲ ਖੋਲ੍ਹ ਕੇ ਧਨ ਖਰਚਦਾ। ਚਾਹ ਦੀਆਂ ਵੀਹ ਵਿਭਿੰਨ ਕਿਸਮਾਂ ਉੱਪਰ ਉਸਨੇ ਖੋਜ ਪੱਤਰ ਵੀ ਲਿਖਿਆ ਜਿਸ ਵਿੱਚ ਉਸਦਾ ਆਖਣਾ ਹੈ ਕਿ ਸਫੈਦ ਚਾਹ ਸਾਰੀਆਂ ਵਧੀਆ ਨਸਲਾਂ ਨਾਲੋਂ ਸ੍ਰੇਸ਼ਟ ਹੈ।

ਜੀਵਨ ਅਤੇ ਚਾਹ ਬਾਰੇ ਸੁੰਗਾਂ ਦਾ ਨਜ਼ਰੀਆ ਤਾਂਗਾਂ ਤੋਂ ਭਿੰਨ ਸੀ। ਜੋ ਕੁਝ ਸੰਕੇਤਾਂ ਵਿੱਚ ਉਨ੍ਹਾਂ ਦੇ ਵਡੇਰੇ ਕਹਿ ਗਏ ਸਨ, ਉਨ੍ਹਾਂ ਨੇ ਉਨ੍ਹਾਂ ਦੇ ਕਥਨਾਂ ਨੂੰ ਅਮਲ ਵਿੱਚ ਲਿਆਉਣਾ ਚਾਹਿਆ। ਨਵ-ਕਨਫਿਊਸ਼ਿਅਨਆਂ ਵਾਸਤੇ ਪ੍ਰਪੰਚਕ ਜਗਤ ਵਿੱਚ ਬ੍ਰਹਿਮੰਡੀ ਕਾਨੂੰਨ ਪ੍ਰਤੀਬਿੰਬਤ ਨਹੀਂ ਹੋਇਆ ਸਗੋਂ ਪ੍ਰਪੰਚਕ ਜਗਤ ਆਪ ਹੀ ਬ੍ਰਹਿਮੰਡੀ ਕਾਨੂੰਨ ਹੈ। ਯੁਗ, ਛਿਣ ਮਾਤਰ ਸਨ, ਨਿਰਵਾਣ, ਸਦੈਵ ਪਹੁੰਚ ਅੰਦਰ ਪ੍ਰਾਪਤ ਕਰਨਯੋਗ। ਜਦੋਂ ਤਾਓਵਾਦੀਆਂ ਨੇ ਇਹ ਮੱਤ ਪੇਸ਼ ਕੀਤਾ ਕਿ ਅਮਰਾਪਦ ਸਦੈਵ ਪਰਿਵਰਤਨ ਵਿੱਚ ਹੀ ਹੈ, ਸਾਰੀਆਂ ਪੁਰਾਣੀਆਂ ਧਾਰਨਾਵਾਂ ਬਦਲ ਗਈਆਂ। ਕਰਮ ਨਹੀਂ, ਪ੍ਰਕਿਰਿਆ, ਇਹ ਦਿਲਚਸਪ ਤੱਥ ਸੀ। ਸੰਪੂਰਨਤਾ ਨਹੀਂ ਸੰਪੂਰਨਤਾ ਦਾ ਪ੍ਰਕਰਣ, ਇਹ ਹੈ ਯਥਾਰਥ। ਆਦਮੀ ਤੇ ਕੁਦਰਤ ਆਹਮੋ ਸਾਹਮਣੇ ਹੋ ਗਏ। ਜੀਵਨ ਦੀ ਕਲਾ ਵਿੱਚ ਇਕ ਨਵਾਂ ਅਰਥ ਪ੍ਰਕਾਸ਼ਵਾਨ ਹੋ ਗਿਆ। ਚਾਹ ਕੇਵਲ ਮਨੋਰੰਜਨ ਦਾ ਸਾਧਨ ਨਾ ਰਹੀ, ਆਤਮਬੋਧ ਦਾ ਤਰੀਕਾ ਬਣ ਗਈ। ਵਾਂਗ ਯੁਆਂ ਚੀ ਨੇ ਇਹ ਕਹਿ ਕੇ ਚਾਹ ਦੀ ਉਪਮਾ ਕੀਤੀ, "ਅਚਨਚੇਤ ਇਹ ਰੂਹ ਨੂੰ ਨੱਕੋ ਨੱਕ ਭਰ ਦਿੰਦੀ ਹੈ। ਇਸ ਵਿਚਲੀ ਸੂਖਮ ਕੁੜੱਤਣ ਚੰਗੇ ਸਲਾਹਕਾਰ ਦੀ ਨਸੀਹਤ ਵਾਂਗ ਲਗਦੀ ਹੈ।" ਸੋਤੁੰਪਾ ਨੇ ਚਾਹ ਦੀ ਤਾਕਤ ਬਾਰੇ ਲਿਖਿਆ ਕਿ ਇਸ ਦੀ ਨਿਰੰਤਰ ਨਿਰਮਲਤਾ, ਭ੍ਰਿਸ਼ਟਤਾ ਨੂੰ ਨੇਕੀ ਵਿੱਚ ਤਬਦੀਲ ਕਰ ਦਿੰਦੀ ਹੈ। ਦੱਖਣ ਦੇ ਜ਼ੇਨ ਬੋਧ ਫਿਰਕੇ ਨੇ ਤਾਓਵਾਦ ਨੂੰ ਗ੍ਰਹਿਣ ਕਰਦਿਆਂ

ਚਾਹ ਦੀ ਰਸਮ ਦੇ ਨਿਯਮ ਘੜੇ। ਸਾਧੂ ਬੋਧੀਧਰਮ ਦੀ ਮੂਰਤੀ ਦੁਆਲੇ ਘੇਰਾ ਪਾ ਕੇ ਬੈਠ ਜਾਂਦੇ ਤੇ ਵਾਰੋਵਾਰ ਇਕੋ ਕਟੋਰੇ ਵਿੱਚੋਂ ਧਾਰਮਿਕ ਰਸਮ ਵਾਂਗ ਚਾਹ ਪੀਂਦੇ ਜਿਵੇਂ ਇਹ ਅਤਿ ਪਵਿੱਤਰ ਵਸਤੂ ਹੋਵੇ। ਇਹ ਜ਼ੇਨ ਰਸਮ ਸੀ ਜਿਹੜੀ ਆਖਰ ਪੰਦਰਵੀਂ ਸਦੀ ਦੇ ਜਾਪਾਨ ਵਿੱਚ ਪੂਰਨ ਵਿਕਸਿਤ ਹੋ ਗਈ।

ਬਦਕਿਸਮਤੀ ਨੂੰ ਤੇਰ੍ਹਵੀਂ ਸਦੀ ਦੇ ਮੰਗੋਲ ਕਬੀਲਿਆਂ ਨੇ ਬਗਾਵਤ ਕਰ ਦਿੱਤੀ ਜਿਸਦੇ ਫਲਸਰੂਪ ਚੀਨ ਦੀ ਭਾਰੀ ਬਰਬਾਦੀ ਹੋਈ। ਚੀਨ ਯੂਏਨ ਬਾਦਸ਼ਾਹਾਂ ਦੇ ਜਾਂਗਲੀ ਰਾਜ ਹੇਠ ਆ ਗਿਆ। ਉਨ੍ਹਾਂ ਨੇ ਸੁੰਗ ਕਲਚਰ ਦੇ ਸਾਰੇ ਫਲ ਮਧੋਲ ਦਿੱਤੇ। ਪੰਦਰਵੀਂ ਸਦੀ ਦੇ ਮੱਧ ਵਿੱਚ ਦੇਸੀ ਮਿੰਗ ਸਲਤਨਤ ਨੇ ਚੀਨ ਨੂੰ ਮੁੜ ਥਿਰ ਕਰਨ ਦਾ ਯਤਨ ਕੀਤਾ ਪਰ ਅੰਦਰੂਨੀ ਗੜਬੜਾਂ ਨੇ ਵਾਹ ਨਾ ਲੱਗਣ ਦਿੱਤੀ। ਚੀਨ ਫਿਰ ਤੋਂ ਸਤਾਰ੍ਹਵੀਂ ਸਦੀ ਵਿੱਚ ਮੰਚੂਆਂ ਦੇ ਬੇਗਾਨੇ ਰਾਜ ਅਧੀਨ ਹੋ ਗਿਆ। ਪੁਰਾਤਨ ਵਕਤਾਂ ਦਾ ਸਭਿਅਕ ਸਲੀਕਾ, ਵਰਤੋਂ ਵਿਹਾਰ ਸਭ ਤਹਿਸ ਨਹਿਸ ਹੋ ਗਿਆ। ਬਰੀਕ ਚਾਹ ਭੁੱਲ ਭੁਲਾ ਦਿੱਤੀ ਗਈ। ਇਕ ਮਿੰਗ ਲੇਖਕ ਇਸ ਗੱਲੋਂ ਉਦਾਸ ਹੈ ਕਿ ਚਾਹ ਰਿੜਕਣ ਵਾਲੀ ਜਿਸ ਮਧਾਣੀ ਦਾ ਜ਼ਿਕਰ ਸੁੰਗ ਗ੍ਰੰਥਾਂ ਵਿੱਚ ਮਿਲਦਾ ਹੈ, ਉਸਨੂੰ ਉਸਦੀ ਸ਼ਕਲ ਵੀ ਯਾਦ ਨਹੀਂ ਰਹੀ। ਹੁਣ ਗਰਮ ਪਾਣੀ ਦੇ ਕਟੋਰੇ ਜਾਂ ਕੱਪ ਵਿੱਚ ਪੱਤੀਆਂ ਪਾ ਕੇ ਤਿੱਖੀ ਚਾਹ ਬਣਾ ਲਈ ਜਾਂਦੀ ਹੈ। ਪੱਛਮੀ ਸੰਸਾਰ ਪੁਰਾਣੇ ਤਰੀਕਿਆਂ ਤੋਂ ਕਿਉਂ ਜਾਣੂ ਨਹੀਂ, ਇਸਦਾ ਜਵਾਬ ਹੈ ਕਿ ਚਾਹ ਬਾਰੇ ਯੋਰਪ ਨੂੰ ਪਤਾ ਹੀ ਮਿੰਗ ਸਲਤਨਤ ਦੇ ਖਾਤਮੇ ਵੇਲੇ ਲੱਗਾ ਸੀ।

ਪਿੱਛੋਂ ਜਾ ਕੇ ਚੀਨੀ ਚਾਹ, ਪੀਣ ਵਾਸਤੇ ਇਕ ਸੁਆਦਲਾ ਦ੍ਰਵ ਤਾਂ ਰਿਹਾ ਪਰ ਆਦਰਸ਼ ਵਜੋਂ ਖ਼ਤਮ ਹੋ ਗਈ। ਦੇਸ਼ ਦੇ ਲੰਮੇ ਦੁਖਾਂ ਨੇ ਮਨੁੱਖ ਪਾਸੋਂ ਜੀਵਨ ਦੇ ਮਾਇਨਿਆਂ ਨੂੰ ਜਾਣਨ ਦੀ ਖਾਹਿਸ਼ ਖੋਹ ਲਈ। ਹੁਣ ਉਹ ਆਧੁਨਿਕ ਹੋ ਗਿਆ ਹੈ, ਯਾਨੀ ਕਿ ਬੁੱਢਾ ਤੇ ਬੇਰਸ। ਭਰਮਾਂ ਵਿਚਲੇ ਸੂਖਮ ਯਕੀਨ ਗੁਆਚ ਗਏ ਹਨ ਜਿਨ੍ਹਾਂ ਰਾਹੀਂ ਵਡੇਰਿਆਂ ਅਤੇ ਸ਼ਾਇਰਾਂ ਦੀ ਜੁਆਨੀ ਸਦੈਵ ਧੜਕਦੀ ਸੀ। ਉਹ ਉਦਾਰਵਾਦੀ ਹੋ ਗਿਆ ਹੈ, ਦੁਨੀਆ ਦੀਆਂ ਸਾਰੀਆਂ ਰਵਾਇਤਾਂ ਹਲੀਮੀ ਨਾਲ ਮੰਨ ਲੈਂਦਾ ਹੈ। ਉਹ ਕੁਦਰਤ ਨਾਲ

ਖੇਡਾਂ ਤਾਂ ਖੇਡਦਾ ਹੈ, ਇਸ ਨੂੰ ਜਿੱਤਣ ਜਾਂ ਪੂਜਣ ਵਿੱਚ ਰੁਚਿਤ ਨਹੀਂ। ਉਸਦੀ ਚਾਹਪੱਤੀ ਫੁੱਲ ਦੀ ਖੁਸ਼ਬੂ ਵਰਗੀ ਅਕਸਰ ਅਦਭੁਤ ਹੁੰਦੀ ਹੈ ਪਰ ਤਾਂਗ ਤੇ ਸੁੰਗ ਸਲਤਨਤਾਂ ਵਰਗੀ ਪਰੰਪਰਾ ਉਸਦੀ ਪਿਆਲੀ ਵਿੱਚੋਂ ਗੈਰ ਹਾਜ਼ਰ ਹੈ।

ਜਾਪਾਨ, ਜਿਸਨੇ ਚੀਨੀ ਸਭਿਅਤਾ ਦੀ ਪੂਰਨ ਅਗਵਾਈ ਕਬੂਲੀ, ਚਾਹ ਦੇ ਤਿੰਨੇ ਪੜਾਵਾਂ ਤੋਂ ਜਾਣੂ ਸੀ। ਪੁਰਾਣੇ ਵਕਤ 729 ਈਸਵੀ ਦੇ ਸਾਲ ਬਾਦਸ਼ਾਹ ਸ਼ੋਮੂ ਨੇ ਆਪਣੇ ਨਾਰਾ ਸਥਿਤ ਮਹਿਲ ਵਿੱਚ ਸੌ ਭਿੱਖੂਆਂ ਨੂੰ ਚਾਹ ਦੀ ਦਾਅਵਤ ਦਿੱਤੀ ਸੀ। ਤਾਂਗ ਦਰਬਾਰ ਦੇ ਸਾਡੇ ਰਾਜਦੂਤ ਨੇ ਪੱਤੀ ਸ਼ਾਇਦ ਬਾਹਰਲੇ ਮੁਲਕ ਤੋਂ ਮੰਗਵਾਈ ਸੀ ਤੇ ਉਸ ਵੇਲੇ ਦੀ ਪ੍ਰਚਲਤ ਰਸਮ ਅਨੁਸਾਰ ਤਿਆਰ ਕੀਤੀ ਸੀ। ਸਾਲ 801 ਵਿੱਚ ਸਾਧੂ ਸਾਇਚੋ ਬੀਜ ਲੈ ਕੇ ਆਇਆ ਸੀ ਜੋ ਯੀਸਾਂ ਵਿੱਚ ਬੀਜੇ ਸਨ। ਇਸ ਤੋਂ ਬਾਅਦ ਦੀਆਂ ਸਦੀਆਂ ਵਿੱਚ ਚਾਹ ਦੇ ਬੜੇ ਬਾਗਾਂ ਦਾ ਜ਼ਿਕਰ ਮਿਲਦਾ ਹੈ ਜਦੋਂ ਸ਼ਾਹੀ ਖਾਨਦਾਨ ਅਤੇ ਪੁਜਾਰੀ ਇਸ ਦਾ ਲੁਤਫ ਲਿਆ ਕਰਦੇ ਸਨ। ਯੇਸਾਈ ਜ਼ੇਂਜੀ ਦੱਖਣ ਦੇ ਜ਼ੇਨ ਸਕੂਲ ਵਿੱਚ ਪੜ੍ਹਨ ਗਿਆ ਤਾਂ 1191 ਵਿੱਚ ਸੁੰਗ ਚਾਹ ਲੈ ਕੇ ਮੁੜਿਆ। ਜਿਹੜੇ ਨਵੇਂ ਬੀਜ ਉਹ ਲੈ ਕੇ ਆਇਆ ਇਹ ਤਿੰਨ ਥਾਵਾਂ ਤੇ ਬੀਜੇ ਗਏ ਜਿਨ੍ਹਾਂ ਵਿੱਚੋਂ ਇੱਕ ਕਯੋਟੋ ਨੇੜੇ ਉਜੀ ਜ਼ਿਲ੍ਹੇ ਵਿੱਚ ਹੈ। ਉੱਥੇ ਲਿਖਿਆ ਹੋਇਆ ਹੈ ਇਹ ਸੰਸਾਰ ਦੀ ਸਰਬੋਤਮ ਚਾਹ ਤਿਆਰ ਕਰਨ ਵਾਲੀ ਥਾਂ ਹੈ। ਦੱਖਣ ਵਿੱਚ ਜ਼ੇਨ ਬੜੀ ਤੇਜ਼ੀ ਨਾਲ ਫੈਲਿਆ, ਇਸਦੇ ਨਾਲ ਹੀ ਸੁੰਗ ਚਾਹ ਦੀਆਂ ਰਸਮਾਂ ਫੁਲੀਆਂ ਫੈਲੀਆਂ। ਸ਼ੋਗੁਨ ਅਸ਼ਿਕਾਗ ਵੋਸ਼ਿੰਸ ਦੀ ਸਰਪ੍ਰਸਤੀ ਹੇਠ ਪੰਦਰਵੀਂ ਸਦੀ ਤੱਕ ਚਾਹ ਦੀ ਰਸਮ ਪੂਰੀ ਵਿਕਸਿਤ ਹੋ ਗਈ, ਧਰਮ ਦੀਆਂ ਵਲਗਣਾ ਤੋਂ ਪਾਰ ਹੋ ਕੇ ਸੁਤੰਤਰ ਹੋ ਗਈ। ਉਦੋਂ ਤੋਂ ਲੈ ਕੇ ਚਾਹਵਾਦ ਜਾਪਾਨ ਵਿੱਚ ਪੂਰਨ ਸਥਾਪਤ ਹੋ ਗਿਆ ਹੈ। ਪਿਛਲੇਰੇ ਚੀਨ ਵਿੱਚ ਫੈਂਟੀ ਚਾਹ ਦੀ ਵਰਤੋਂ ਤਾਂ ਅਜੇ ਹੁਣ ਸ਼ੁਰੂ ਹੋਈ ਹੈ, ਸਤਾਰ੍ਹਵੀਂ ਸਦੀ ਵਿੱਚ ਇਸ ਨੂੰ ਲੋਕ ਜਾਣਨ ਲੱਗੇ। ਆਮ ਵਰਤੋਂ ਵਿੱਚ ਇਸਨੇ ਬਰੀਕ ਪੀਸੀ ਚਾਹ ਦੀ ਥਾਂ ਲੈ ਲਈ ਪਰ ਬਰੀਕ ਚਾਹ ਬਰੀਕ ਚਾਹ ਹੈ, ਇਸ ਦਾ ਕੀ ਮੁਕਾਬਲਾ?

ਜਾਪਾਨੀ ਚਾਹ ਰਸਮਾਂ ਵਿੱਚ ਸਾਨੂੰ ਆਦਰਸ਼ਵਾਦ ਦਾ ਸਿਖਰ ਦਿਖਾਈ ਦਿੰਦਾ ਹੈ। ਸਾਲ 1281 ਵਿੱਚ ਜਦੋਂ ਅਸੀਂ ਮੰਗੋਲ ਹਮਲਾ ਕਾਮਯਾਬੀ ਨਾਲ ਰੋਕ ਦਿੱਤਾ ਉਹ ਸੁੰਗ ਲਹਿਰ ਜਿਹੜੀ ਜਾਂਗਲੀ ਕਬੀਲਿਆਂ ਨੇ ਬੇਦਰਦੀ ਨਾਲ ਤਬਾਹ ਕਰ ਦਿੱਤੀ ਸੀ, ਕਾਇਮ ਰੱਖਣ ਵਿੱਚ ਅਸੀਂ ਕਾਮਯਾਬ ਰਹੇ। ਚਾਹ ਸਾਡੇ ਵਾਸਤੇ ਕੇਵਲ ਪੀਣ ਵਾਲਾ ਕੋਈ ਦ੍ਰਵ ਨਾ ਰਿਹਾ, ਜੀਵਨ ਕਲਾ ਦਾ ਧਰਮ ਹੋ ਗਈ। ਇਹ ਸੂਖਮਤਾ ਪਵਿਤਰਤਾ ਅਤੇ ਪੂਜਾ ਦਾ ਸਥਾਨ ਪ੍ਰਾਪਤ ਕਰ ਗਈ, ਅਜਿਹੀ ਰਸਮ ਜਿਸ ਵਿੱਚ ਮਹਿਮਾਨ ਮੇਜ਼ਬਾਨ ਆਹਮੋ ਸਾਹਮਣੇ ਬੈਠਦੇ, ਸਥੂਲ ਸੰਸਾਰ ਦੇ ਬੰਧਨਾਂ ਤੋਂ ਮੁਕਤ ਹੋ ਕੇ ਪਰਮ ਆਨੰਦ ਪ੍ਰਾਪਤ ਕਰ ਲੈਂਦੇ। ਥੱਕੇ ਟੁੱਟੇ ਮੁਸਾਫਰ ਜੀਵਨ ਦੀ ਨੀਰਸਤਾ ਵਿੱਚੋਂ ਨਿਕਲਕੇ ਨਖਲਿਸਤਾਨ ਵਿੱਚ ਪੁੱਜ ਜਾਂਦੇ ਤੇ ਕਲਾ ਦੇ ਸਾਂਝੇ ਚਸ਼ਮੇ ਵਿੱਚੋਂ ਘੁਟ ਘੁਟ ਕਰਕੇ ਪੀਂਦੇ। ਚਾਹ ਦੀ ਰਸਮ ਤੁਰਤ ਫੁਰਤ ਘੜੇ ਨਾਟਕ ਵਰਗੀ ਹੁੰਦੀ ਜਿਸ ਦੀ ਪਟਕਥਾ ਚਾਹ, ਫੁੱਲਾਂ ਅਤੇ ਚਿਤਰਕਾਰੀ ਦੁਆਲੇ ਬੁਣੀ ਜਾਂਦੀ। ਕੋਈ ਰੰਗ ਅਜਿਹਾ ਨਹੀਂ ਹੋਵੇਗਾ ਜੋ ਕਮਰੇ ਦੇ ਮਾਹੌਲ ਵਿੱਚ ਵਿਘਨ ਪਾਏ, ਕੋਈ ਆਵਾਜ਼ ਅਜਿਹੀ ਨਹੀਂ ਜਿਹੜੀ ਸੁਰਮੰਡਲ ਵਿੱਚ ਦਖਲ ਦੇਵੇ, ਕੋਈ ਇਸ਼ਾਰਾ ਨਹੀਂ ਜਿਹੜਾ ਰੰਗ ਵਿੱਚ ਭੰਗ ਪਾਏ, ਇਕ ਸ਼ਬਦ ਨਹੀਂ ਜੋ ਮਾਹੌਲ ਦੀ ਸ਼ਾਂਤੀ ਵਿਚ ਵਿਘਨ ਪਾਏ, ਸਭ ਕੁਝ ਸਾਦਗੀ ਨਾਲ ਕੁਦਰਤਨ ਕੀਤਾ ਜਾਵੇ। ਇਹ ਹੁੰਦਾ ਸੀ ਚਾਹ ਦੀ ਰਸਮ ਦਾ ਮਾਹੌਲ। ਹੈਰਾਨੀ ਹੁੰਦੀ ਹੈ ਕਿ ਇਹ ਸਾਰਾ ਵਰਤਾਰਾ ਇਸੇ ਤਰ੍ਹਾਂ ਵਰਤੀ ਜਾਂਦਾ। ਇਸ ਪਿੱਛੇ ਸੂਖਮ ਫਿਲਾਸਫੀ ਕਾਰਜਸ਼ੀਲ ਹੁੰਦੀ। ਚਾਹ ਪੀਣ ਦੀ ਰਸਮ ਦੌਰਾਨ ਦਰਅਸਲ ਮਾਹੌਲ ਵਿੱਚ ਤਾਓਵਾਦ ਛਾਇਆ ਹੁੰਦਾ।



— ਅਧਿਆਇ ਤੀਜਾ —

ਤਾਓਵਾਦ ਅਤੇ ਜ਼ੇਨਵਾਦ

ਚਾਹ ਨਾਲ ਜ਼ੇਨਵਾਦ ਦਾ ਸੰਬੰਧ ਕਹਾਵਤ ਬਣ ਗਿਆ ਹੈ। ਅਸੀਂ ਦਸ ਚੁੱਕੇ ਹਾਂ ਚਾਹ ਦੀ ਰਵਾਇਤ ਜ਼ੇਨ ਮਰਿਆਦਾ ਤੋਂ ਵਿਕਸਿਤ ਹੋਈ। ਤਾਓਵਾਦ ਦੇ ਮੋਢੀ ਲਾਉਜ਼ੂ ਦਾ ਨਾਮ ਚਾਹ ਦੇ ਇਤਿਹਾਸ ਨਾਲ ਗਹਿਰਾ ਜੁੜਿਆ ਹੋਇਆ ਹੈ। ਚੀਨੀ ਪਾਠਕ੍ਰਮ ਵਿੱਚ ਚਾਹ ਨਾਲ ਜੁੜੀਆਂ ਮੁਢਲੀਆਂ ਯਾਦਾਂ ਅਤੇ ਰਿਵਾਜ਼ਾਂ ਬਾਰੇ ਲਿਖਿਆ ਹੋਇਆ ਹੈ ਕਿ ਮਹਿਮਾਨ ਅਗੇ ਪਰੋਸਣ ਦੀ ਰਸਮ ਲਾਉਜ਼ੂ ਦੇ ਪ੍ਰਸਿੱਧ ਮੁਰੀਦ ਕਵਾਇਨ ਨੇ ਸ਼ੁਰੂ ਕੀਤੀ ਜਦੋਂ ਉਸਨੇ ਹਾਂਪਾਸ ਦੇ ਦਰਵਾਜ਼ੇ ਉੱਪਰ “ਸਨਾਤਨੀ ਫਿਲਾਸਫਰ” ਨੂੰ ਪਿਆਲੇ ਵਿੱਚ ਸੁਨਹਿਰੀ ਅੰਮ੍ਰਿਤ ਪੇਸ਼ ਕੀਤਾ। ਅਸੀਂ ਉਨ੍ਹਾਂ ਸਾਖੀਆਂ ਦਾ ਜ਼ਿਕਰ ਕਰਨੋਂ ਨਹੀਂ ਹਟਾਂਗੇ ਜਿਹੜੀਆਂ ਮੁੱਲਵਾਨ ਹਨ ਤੇ ਸਾਬਤ ਕਰਦੀਆਂ ਹਨ ਕਿ ਪੁਰਾਤਨ ਕਾਲ ਤੋਂ ਤਾਓਵਾਦੀ ਇਸ ਦ੍ਰਵ ਦੀ ਵਰਤੋਂ ਕਰਦੇ ਆਏ ਹਨ। ਤਾਓਵਾਦ ਅਤੇ ਜ਼ੇਨਵਾਦ ਵਿੱਚ ਸਾਡੀ ਦਿਲਚਸਪੀ ਜੀਵਨ ਅਤੇ ਕਲਾ ਸਦਕਾ ਹੈ ਜਿਹੜੀ ਚਾਹਵਾਦ ਨਾਲ ਘਿਉ ਸ਼ੱਕਰ ਹੋਈ ਪਈ ਹੈ।

ਅਸੀਂ ਬਹੁਤ ਕੋਸ਼ਿਸ਼ਾਂ ਕੀਤੀਆਂ ਪਰ ਅਫ਼ਸੋਸ ਤਾਓਵਾਦ ਅਤੇ ਜ਼ੇਨ ਸਿਧਾਂਤਾਂ ਨੂੰ ਵਿਦੇਸ਼ੀ ਭਾਸ਼ਾਵਾਂ ਵਿੱਚ ਸਹੀ ਤਰੀਕੇ ਨਾਲ ਅਨੁਵਾਦ ਨਹੀਂ ਕੀਤਾ ਗਿਆ।

ਅਨੁਵਾਦ ਹਮੇਸ਼ਾਂ ਧੋਖਾ ਦਿੰਦਾ ਹੈ, ਮਿੰਗ ਲੇਖਕ ਨੇ ਪ੍ਰਤੀਤ ਕੀਤਾ ਕਿ ਅਨੁਵਾਦ ਗਲੀਚੇ ਨੂੰ ਪੁੱਠਾ ਕਰਕੇ ਵਿਛਾਣ ਵਾਂਗ ਹੁੰਦਾ ਹੈ, ਧਾਗੇ ਅਤੇ ਗੰਢਾਂ ਸਭ ਦਿਸਦੇ ਹਨ, ਰੰਗਾਂ, ਡਿਜ਼ਾਇਨਾਂ ਦੀ ਖ਼ੂਬਸੂਰਤੀ ਲੋਪ। ਪਰ ਤਾਂ

ਵੀ ਕਿਹੜੀ ਹੈ ਮਹਾਨ ਵਿਚਾਰਧਾਰਾ ਜਿਹੜੀ ਆਸਾਨੀ ਨਾਲ ਪੱਲੇ ਪੈ ਜਾਵੇ ? ਪੁਰਾਤਨ ਸਾਧੂ ਆਪਣੀਆਂ ਸਿੱਖਿਆਵਾਂ ਨੂੰ ਕੋਈ ਨਿਯਮਿਤ ਰੂਪ ਨਹੀਂ ਦਿਆ ਕਰਦੇ ਸਨ। ਉਹ ਆਪਾ ਵਿਰੋਧੀ ਕਥਨ ਕਰਦੇ ਤਾਂ ਕਿ ਕਿਤੇ ਅੱਧਾ ਅਧੂਰਾ ਸੱਚ ਬਿਆਨ ਨਾ ਹੋ ਜਾਵੇ। ਮੂਰਖਾਂ ਵਾਂਗ ਗੱਲ ਸ਼ੁਰੂ ਕਰਦੇ ਹੋਏ ਅਖੀਰ ਵਿਚ ਆਪਣੇ ਸਰੋਤਿਆਂ ਨੂੰ ਸਿਆਣੇ ਬਣਾ ਦਿੰਦੇ। ਮਜ਼ਾਕ ਮਜ਼ਾਕ ਵਿੱਚ ਲਾਉਜ਼ੇ ਕਿਹਾ ਕਰਦਾ- ਮੱਧਮ ਬੁੱਧੀ ਲੋਕ ਤਾਓ ਨੂੰ ਸੁਣਕੇ ਬਹੁਤ ਹੱਸਣਗੇ। ਜੇ ਹੱਸਣ ਨਾ, ਫਿਰ ਉਨ੍ਹਾਂ ਨੇ ਤਾਓ ਸੁਣਿਆ ਨਹੀਂ, ਜਾਣਿਆਂ ਨਹੀਂ।।

ਤਾਓ ਸ਼ਬਦ ਦਾ ਅਰਥ ਹੈ ਪੰਥ, ਰਸਤਾ। ਇਸ ਦੇ ਅਨੁਵਾਦ ਪਥ, ਅਨੰਤ, ਕਾਨੂੰਨ, ਕੁਦਰਤ, ਨਿਰਬਾਧ ਤਰਕ ਅਤੇ ਗੀਤ ਵੀ ਕੀਤੇ ਗਏ ਹਨ। ਇਹ ਅਰਥ ਗਲਤ ਨਹੀਂ ਹਨ ਕਿਉਂਕਿ ਚਲਦੇ ਪ੍ਰਸੰਗ ਅਨੁਸਾਰ ਇਨ੍ਹਾਂ ਦੀ ਵਰਤੋਂ ਅਨੇਕ ਅਰਥਾਂ ਵਿੱਚ ਹੁੰਦੀ ਹੈ। ਲਾਉਜ਼ੂ ਨੇ ਖ਼ੁਦ ਕਿਹਾ ਸੀ,"ਹੈ ਇਕ ਵਸਤ, ਸਰਬ ਸਮਰੱਥ ਜੋ ਜ਼ਮੀਨ ਅਸਮਾਨ ਦੇ ਜਨਮ ਤੋਂ ਵੀ ਪਹਿਲਾਂ ਸੀ। ਕਿੰਨੀ ਖ਼ਾਮੋਸ਼, ਕਿੰਨੀ ਇਕਾਂਤਵਾਸੀ ! ਇਕੱਲੀ, ਅਪਰਿਵਰਤਿਤ। ਬੇਖ਼ੌਫ਼ ਘੁੰਮ ਰਹੀ, ਬ੍ਰਹਿਮੰਡ ਦੀ ਜਣਨੀ। ਮੈਨੂੰ ਇਸ ਦਾ ਨਾਮ ਨਹੀਂ ਪਤਾ, ਸੋ ਪੰਥ ਕਹਿ ਦਿੰਦਾ ਹਾਂ। ਝਿਜਕਦਾ ਝਿਜਕਦਾ ਮੈਂ ਇਸ ਨੂੰ ਅਨੰਤ ਆਖ ਦਿੰਦਾ ਹਾਂ। ਅਨੰਤ ਪਲ, ਛਿਣ ਹੈ ਤੇ ਲੋਪ ਹੁੰਦਾ ਜਾਂਦਾ ਹੈ, ਅਦ੍ਰਿਸ਼ਟ ਹੋ ਕੇ ਫਿਰ ਵਾਪਸ ਪਰਤ ਆਉਂਦਾ ਹੈ।" ਛੋਟੀ ਮੋਟੀ ਡੰਡੀ ਨਹੀਂ, ਤਾਓ ਪੰਥ ਹੈ। ਇਹ ਬ੍ਰਹਿਮੰਡੀ ਤਬਦੀਲੀ ਦੀ ਆਤਮਾ ਹੈ, ਅਨੰਤ ਵਿਕਾਸ, ਜੋ ਨਵੇਂ ਰੂਪ ਸਿਰਜਣ ਲਈ ਬਾਰ ਬਾਰ ਪਰਤਦਾ ਹੈ, ਰੂਪਵਾਨ ਹੁੰਦਾ ਹੈ। ਤਾਓਵਾਦੀਆਂ ਦੇ ਪਿਆਰੇ ਚਿੰਨ੍ਹ, ਅਜਗਰ ਵਾਂਗ ਇਹ ਆਪਣੇ ਦੁਆਲੇ ਕੁੰਡਲੀ ਮਾਰ ਲੈਂਦਾ ਹੈ।

ਇਹ ਬੱਦਲਾਂ ਤੱਕ ਆਪਣਾ ਵਿਸਤਾਰ ਕਰਕੇ ਫਿਰ ਸਿਮਟ ਜਾਂਦਾ ਹੈ। ਮਹਾਨ ਤਬਦੀਲੀ ਹੀ ਤਾਓ ਹੈ। ਨਿਜਤਵ ਵਜੋਂ ਇਹ ਬ੍ਰਹਿਮੰਡ ਦਾ ਸੁਭਾਅ ਹੈ। ਇਸ ਦਾ ਨਿਰਪੇਖ ਹੀ ਇਸਦਾ ਸਾਪੇਖ ਹੈ।

ਮੁੱਢ ਵਿੱਚ ਹੀ ਚੇਤੇ ਰੱਖਿਆ ਜਾਵੇ ਕਿ ਆਪਣੇ ਸਹੀ ਵਾਰਿਸ ਜ਼ੇਨਵਾਦ ਵਾਂਗ ਤਾਓਵਾਦ ਦੱਖਣੀ ਚੀਨੀ ਮਾਨਸਿਕਤਾ ਵਾਲੇ ਨਿੱਜਤਾ ਦੇ ਰੁਝਾਣ ਦਾ ਪ੍ਰਤੀਕ ਹੈ ਜੋ ਉਤਰੀ ਚੀਨ ਦੇ ਕਮਿਊਨਿਜ਼ਮ ਰੁਝਾਣ ਦੇ ਵਿਰੁੱਧ ਹੈ। ਕਮਿਊਨਿਜ਼ਮ ਆਪਣਾ ਜਲਵਾ ਕਨਫਿਊਸ਼ਿਅਸਵਾਦ ਵਿੱਚ ਦਿਖਾਉਂਦਾ ਹੈ। ਮੱਧਪ੍ਰਦੇਸ਼ ਪੂਰੇ ਯੋਰਪ ਜਿੱਡਾ ਵਿਸ਼ਾਲ ਹੈ। ਇਸ ਵਿੱਚੋਂ ਲੰਘਦੇ ਦੋ ਦਰਿਆ ਦੇਸ਼ਵਾਸੀਆਂ ਦੇ ਸੁਭਾਅ, ਰੀਤੀ ਰਿਵਾਜਾਂ, ਵਹਿਮ ਭਰਮ ਵੱਖ ਵੱਖ ਕਰ ਦਿੰਦੇ ਹਨ, ਯੰਗਸੀ ਕਿਆਂਗ ਅਤੇ ਤੋਆਂਗ ਹੋ, ਭੂਮੱਧ ਸਾਗਰ ਅਤੇ ਬਾਲਟਿਕ ਖੇਤਰਾਂ ਵਿੱਚ ਵੰਡੀ ਪਾ ਦਿੰਦੇ ਹਨ। ਸਦੀਆਂ ਤੋਂ ਇਕੱਠੇ ਰਹਿਣ ਦੇ ਬਾਵਜੂਦ ਅੱਜ ਵੀ ਉਤਰ ਅਤੇ ਦੱਖਣ ਵਾਸੀਆਂ ਵਿੱਚ ਉਵੇਂ ਹੀ ਭਿੰਨਤਾ ਹੈ ਜਿਵੇਂ ਲਾਤੀਨੀ ਨਸਲ ਟਿਊਟਨਾਂ ਤੋਂ ਵੱਖਰੀ ਹੈ। ਪੁਰਾਣੇ ਸਮਿਆਂ ਵਿੱਚ ਜਦੋਂ ਸੰਚਾਰ ਅੱਜ ਨਾਲੋਂ ਬਹੁਤ ਮੁਸ਼ਕਿਲ ਸੀ, ਜਗੀਰਦਾਰੀ ਕਾਲ ਵਿੱਚ ਸੋਚ ਦੀਆਂ ਪੱਧਤੀਆਂ ਇਕਦਮ ਭਿੰਨ ਭਿੰਨ ਸਨ। ਇਕ ਖਿੱਤੇ ਦੀ ਕਲਾ ਅਤੇ ਸ਼ਾਇਰੀ ਦੂਜੇ ਖਿੱਤੇ ਨਾਲੋਂ ਇਕਦਮ ਵੱਖਰੀ ਹੈ, ਵੱਖਰਾ ਵਾਯੂਮੰਡਲ, ਵੱਖਰੇ ਸਾਹ। ਲਾਉਤਜ਼ੂ ਅਤੇ ਉਸਦੇ ਚੇਲਿਆਂ ਦਾ ਅਤੇ ਕੁਸੂਜਿਨ (ਜੋ ਯੰਗਸੀ ਕਿਆਂਗ ਦੇ ਪ੍ਰਕ੍ਰਿਤੀਵਾਦੀ ਕਵੀਆਂ ਦਾ ਪੂਰਵਜ ਸੀ), ਦਾ ਆਦਰਸ਼ਵਾਦ ਇਕ ਦੂਜੇ ਤੋਂ ਵੱਖਰਾ ਸੀ। ਦੋਵੇਂ ਸਮਕਾਲੀ ਸਨ ਪਰ ਉਤਰ ਦੇ ਸਮਕਾਲੀ ਲੇਖਕਾਂ ਦਾ ਨੀਰਸ ਨੈਤਿਕ ਸ਼ਾਸਤਰ ਵੱਖਰਾ ਹੈ। ਲਾਉਜ਼ੂ ਈਸਾਈ ਸੰਮਤ ਸ਼ੁਰੂ ਹੋਣ ਤੋਂ ਪੰਜ ਸਦੀਆਂ ਪਹਿਲਾਂ ਹੋਇਆ ਹੈ।

ਲਾਉਜ਼ੂ, ਜਿਸਨੂੰ ਲਮਕੰਨਾ ਕਿਹਾ ਜਾਂਦਾ ਹੈ ਤੋਂ ਬਹੁਤ ਪਹਿਲਾਂ ਤਾਓਵਾਦੀ ਚਿੰਤਨ ਦੇ ਬੀਜ ਮੌਜੂਦ ਸਨ। ਚੀਨ ਦੇ ਪੁਰਾਲੇਖਾਂ, ਖ਼ਾਸ ਕਰਕੇ 'ਤਬਦੀਲੀਆਂ ਦੀ ਕਿਤਾਬ' ਵਿੱਚ ਉਸਦੇ ਖ਼ਿਆਲਾਂ ਦੇ ਪੂਰਬਲੇ ਪਰਛਾਵੇਂ ਹਨ। ਚੀਨੀ ਸਭਿਅਤਾ ਦੇ ਕਾਨੂੰਨਾਂ ਅਤੇ ਰਸਮਾਂ ਨੂੰ ਉਸ ਕਲਾਸਿਕ ਯੁਗ ਵਿੱਚ ਬੜਾ ਸਤਿਕਾਰ ਮਿਲਿਆ ਜਿਹੜਾ ਸੋਲ੍ਹਵੀਂ ਸਦੀ ਪੂਰਬ ਈਸਾ ਦੀ ਚਾਉ ਸਲਤਨਤ ਵਿੱਚ ਸਥਾਪਿਤ ਅਤੇ ਪ੍ਰਫੁੱਲਤ ਹੋਇਆ। ਲੰਮਾ ਸਮਾਂ ਇਸ ਸਦਕਾ

ਵਿਅਕਤੀਵਾਦ ਦੇ ਵਿਕਾਸ ਨੂੰ ਠੱਲ੍ਹ ਪਈ ਰਹੀ। ਫਿਰ ਚਾਉ ਸਲਤਨਤ ਖਿੰਡ ਪੁੰਡ ਗਈ ਤੇ ਛੋਟੀਆਂ ਛੋਟੀਆਂ ਸੁਤੰਤਰ ਰਿਆਸਤਾਂ ਵਿੱਚ ਵੰਡੀ ਗਈ। ਇਸ ਸਮੇਂ ਇਹ ਵਿਚਾਰਧਾਰਾ ਪੂਰਨ ਸੁਤੰਤਰ ਹੋ ਕੇ ਬਹੁਤ ਵਧੀ ਫੁੱਲੀ। ਲਾਉਜ਼ੂ ਅਤੇ ਸੋਸ਼ੀ (ਚਾਂਗਜ਼ੂ) ਦੋਵੇਂ ਦੱਖਣੀ ਸਨ ਤੇ ਨਵੀਂ ਟਕਸਾਲ ਦੇ ਮਹਾਨ ਵਿਆਖਿਆਕਾਰ ਸਨ। ਦੂਜੇ ਪਾਸੇ ਆਪਣੇ ਅਨੇਕ ਚੇਲਿਆਂ ਸਮੇਤ ਕਨਫਿਊਸ਼ਿਅਸ ਪੁਰਾਤਨ ਪਰੰਪਰਾ ਸਥਾਪਤ ਕਰੀ ਰੱਖਣ ਦੇ ਹੱਕ ਵਿੱਚ ਸਕ੍ਰਿਅ ਸੀ। ਤਾਓਵਾਦ, ਕਨਫਿਊਸ਼ਿਅਸ ਨੂੰ ਜਾਣੇ ਬਗੈਰ ਅਤੇ ਕਨਫਿਊਸ਼ਿਅਸ ਤਾਓਵਾਦ ਬਗੈਰ ਸਮਝੇ ਨਹੀਂ ਜਾ ਸਕਦੇ।

ਅਸੀਂ ਕਿਹਾ ਹੈ ਕਿ ਨਿਰਪੇਖ ਤਾਓਵਾਦੀ ਸਾਪੇਖ ਹੈ। ਸਦਾਚਾਰ ਸ਼ਾਸਤਰ ਵਿੱਚ ਤਾਓਵਾਦੀ ਨੇ ਸਮਾਜਕ ਰਹਿਤ ਮਰਿਆਦਾ ਅਤੇ ਨਿਯਮਾਵਲੀ ਵਿਰੁੱਧ ਬੰਨ੍ਹ ਮਾਰ ਦਿੱਤਾ ਕਿਉਂਕਿ ਉਨ੍ਹਾਂ ਵਾਸਤੇ 'ਸਹੀ' ਅਤੇ 'ਗਲਤ' ਸੀਮਿਤ ਸਾਪੇਖਕ ਸ਼ਬਦ ਹਨ। ਪਰਿਭਾਸ਼ਾ ਦੀ ਸਦੈਵ ਸੀਮਾ ਹੁੰਦੀ ਹੈ, ਮਾਇਨੇ ਥਿਰ ਅਤੇ ਅਬਦਲ ਹੁੰਦੇ ਹਨ, ਸ਼ਬਦ, ਵਿਕਾਸ ਨੂੰ ਰੋਕਦੇ ਹਨ। ਕੁਜ਼ੂਜਿਨ ਨੇ ਕਿਹਾ– ਸਾਧੂ, ਸੰਸਾਰ ਨੂੰ ਤੋੜਦੇ ਹਨ। ਨੈਤਿਕਤਾ ਦੇ ਸਾਡੇ ਪੈਮਾਨੇ ਸਮਾਜ ਦੀਆਂ ਪਿਛਲੀਆਂ ਲੋੜਾਂ ਕਾਰਨ ਘੜੇ ਗਏ ਪਰ ਕੀ ਸਮਾਜ ਹਮੇਸ਼ਾਂ ਇਕੋ ਜਿਹਾ ਰਹੇਗਾ ? ਧਾਰਮਿਕ ਪਰੰਪਰਾਵਾਂ ਦੀ ਪਾਲਣਾ ਕਰਦਿਆਂ, ਰਾਜ ਵਾਸਤੇ ਵਿਅਕਤੀ ਦੀ ਨਿਰੰਤਰ ਕੁਰਬਾਨੀ ਹੁੰਦੀ ਰਹਿੰਦੀ ਹੈ। ਬਹੁਤ ਵੱਡਾ ਭਰਮ ਕਾਇਮ ਰੱਖਣ ਵਾਸਤੇ ਵਿੱਦਿਆ, ਅਗਿਆਨਤਾ ਦੀ ਇਕ ਨਸਲ ਨੂੰ ਉਤਸ਼ਾਹਿਤ ਕਰਦੀ ਹੈ। ਲੋਕਾਂ ਨੂੰ ਇਹ ਨਹੀਂ ਸਿਖਾਇਆ ਜਾਂਦਾ ਕਿ ਨੇਕ ਬਣੋ, ਕਿਹਾ ਜਾਂਦਾ ਹੈ ਵਰਤਾਰਾ ਠੀਕ ਰੱਖੋ। ਅਸੀਂ ਬੁਰੇ ਹਾਂ ਕਿਉਂਕਿ ਭੈਭੀਤ ਮਨਮੁਖ ਹਾਂ। ਅਸੀਂ ਹੋਰਾਂ ਨੂੰ ਕਦੇ ਮਾਫ ਨਹੀਂ ਕਰਦੇ ਕਿਉਂਕਿ ਸਾਨੂੰ ਪਤਾ ਹੁੰਦਾ ਹੈ ਖ਼ੁਦ ਗਲਤ ਹਾਂ। ਅਸੀਂ ਆਪਣੇ ਆਪ ਨੂੰ ਥਾਪੜਾ ਦਿੰਦੇ ਹਾਂ ਕਿਉਂਕਿ ਦੂਜਿਆਂ ਅੱਗੇ ਸੱਚ ਬੋਲਣੋ ਡਰਦੇ ਹਾਂ, ਇਸ ਕਰਕੇ ਹੰਕਾਰ ਕਰਦੇ ਹਾਂ ਕਿਉਂਕਿ ਆਪਣੇ ਆਪ ਅੱਗੇ ਸੱਚ ਬੋਲਣੋ ਡਰਦੇ ਹਾਂ। ਦੁਨੀਆ ਬਾਰੇ

ਕੋਈ ਗੰਭੀਰ ਕਿਵੇਂ ਹੋ ਸਕਦਾ ਹੈ ਜਦ ਕਿ ਸੰਸਾਰ ਹੈ ਈ ਊਟਪਟਾਂਗ। ਹਰ ਥਾਂ ਸੌਦੇਬਾਜ਼ੀ ਦਾ ਬੋਲਬਾਲਾ ਹੈ। ਸਨਮਾਨ ਅਤੇ ਪਵਿੱਤਰਤਾ ਕਿੱਥੇ ਨੇ ? ਤੱਕੋ ਤਾਂ ਸਹੀ, ਸਵਾਰਥੀ ਦੁਕਾਨਦਾਰ ਨੇਕੀ ਅਤੇ ਸੱਚ, ਪ੍ਰਚੂਨ ਵਿੱਚ ਵੇਚ ਰਹੇ ਹਨ। ਚਾਹੋ ਤਾਂ ਬੇਸ਼ੱਕ ਅਖੌਤੀ ਧਰਮ ਖ਼ਰੀਦ ਲਉ ਜਿਸ ਨੂੰ ਸਦਾਚਾਰ ਜਾਣ ਕੇ ਫੁਲਾਂ ਅਤੇ ਸੰਗੀਤ ਰਾਹੀਂ ਪੂਜਿਆ ਜਾਂਦਾ ਸੀ। ਮੰਦਰ ਵਿੱਚ ਡਾਕਾ ਮਾਰ ਕੇ ਸਭ ਕੁਝ ਲੁੱਟ ਲਵੋ ਫਿਰ ਬਾਕੀ ਕੀ ਰਹਿ ਜਾਏਗਾ ? ਤਾਹੀਂ ਪ੍ਰਬੰਧਕ ਕਮੇਟੀਆਂ ਮਾਲਾਮਾਲ ਹੋ ਰਹੀਆਂ ਹਨ ਕਿਉਂਕਿ ਕੀਮਤਾਂ ਬਹੁਤ ਘੱਟ ਹਨ। ਸੁਰਗ ਵਿੱਚ ਜਾਣਾ ਹੈ ? ਪ੍ਰਾਰਥਨਾ ਕਰਵਾ ਲਉ; ਨੇਕ ਚੱਲਣੀ ਦਾ ਪ੍ਰਮਾਣ-ਪੱਤਰ ਖ਼ਰੀਦੋ, ਸਨਮਾਨਯੋਗ ਨਾਗਰਿਕ ਬਣ ਜਾਉ। ਲੁਕ ਛਿਪ ਜਾਉ ਕਿਧਰੇ ਫਟਾਫਟ ਕਿਉਂਕਿ ਜੇ ਤੁਹਾਡੀ ਅਸਲੀਅਤ ਦੁਨੀਆ ਜਾਣ ਗਈ, ਵਧੀਕ ਬੋਲੀ ਦੇਣ ਵਾਲਾ ਤੁਹਾਨੂੰ ਪਟਕਾ ਦਏਗਾ। ਮਰਦ ਔਰਤਾਂ ਆਪਣੀ ਏਨੀ ਇਸ਼ਤਿਹਾਰਬਾਜ਼ੀ ਕਿਉਂ ਕਰਦੇ ਨੇ ਭਲਾ ? ਗੁਲਾਮੀ ਦੇ ਦੌਰ ਤੋਂ ਚਲਦਾ ਆ ਰਿਹਾ ਇਹ ਰੁਝਾਣ ਹੁਣ ਤੱਕ ਕਾਇਮ ਹੈ। ਤਾਕਤਵਰ ਵਿਚਾਰ ਸਮਕਾਲੀ ਵਿਚਾਰਧਾਰਾ ਨੂੰ ਤਾਂ ਤੋੜਦਾ ਭੰਨਦਾ ਹੈ ਹੀ, ਭਾਵੀ ਲਹਿਰਾਂ ਉੱਪਰ ਅਸਰਅੰਦਾਜ਼ ਵੀ ਹੁੰਦਾ ਹੈ। ਸ਼ਿਨ ਸਲਤਨਤ ਦੌਰਾਨ ਤਾਓਵਾਦ ਸਕ੍ਰਿਯ ਤਾਕਤ ਸੀ; ਮਹਾਨ ਕੇਂਦ੍ਰੀ ਚੀਨ ਦਾ ਨਾਮ ਸ਼ਿਨ ਤੋਂ ਹੀ ਪਿਆ। ਜੇ ਸਾਡੇ ਕੋਲ ਸੋਚਣ ਵਾਸਤੇ ਸਮਾਂ ਹੋਵੇ ਤਦ ਇਹ ਜਾਣਨਾ ਦਿਲਚਸਪ ਹੋਵੇਗਾ ਕਿ ਇਸ ਨੇ ਸਮਕਾਲੀ ਚਿੰਤਕਾਂ, ਗਣਿਤ ਸ਼ਾਸਤਰੀਆਂ, ਲੇਖਕਾਂ, ਕਾਨੂੰਨਦਾਨਾਂ, ਰਹੱਸ ਅਨੁਭਵੀਆਂ, ਰਸਾਇਣ ਵਿਗਿਆਨੀਆਂ, ਯੰਗਸੀਕਿਆਂਗ ਵਰਗੇ ਪ੍ਰਕ੍ਰਿਤੀਵਾਦੀ ਸ਼ਾਇਰਾਂ ਉੱਤੇ ਕਿੰਨਾ ਅਸਰ ਪਾਇਆ। ਅਸੀਂ ਉਨ੍ਹਾਂ ਯਥਾਰਥਵਾਦੀ ਚਿੰਤਕਾਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕਰ ਸਕਦੇ ਜਿਹੜੇ ਸਫ਼ੈਦ ਘੋੜੇ ਉੱਤੇ ਸ਼ੱਕ ਕਰਦੇ ਸਨ ਕਿ ਇਹ ਸਫ਼ੈਦ ਹੋਣ ਕਾਰਨ ਅਸਲੀ ਹੈ ਕਿ ਇਸ ਕਰਕੇ ਅਸਲੀ ਹੈ ਕਿ ਤਾਕਤਵਰ ਹੈ ? ਨਾ ਹੀ ਛੇ ਸਲਤਨਤਾਂ ਦੇ ਵਿਚਾਰਵਾਨਾ ਨੂੰ ਅੱਖੋਂ ਪਰੋਖੇ ਕਰ ਸਕਦੇ ਹਾਂ ਜਿਹੜੇ ਜ਼ੇਨ ਫਿਲਾਸਫਰਾਂ ਵਾਂਗ

ਪਵਿੱਤਰ ਅਤੇ ਨਿਰਪੇਖ ਜਿਹੇ ਵਿਸ਼ਿਆਂ ਤੇ ਚਰਚਾ ਕਰਦੇ ਹੁੰਦੇ। ਸਭ ਤੋਂ ਉੱਪਰ ਤਾਓਵਾਦ ਨੂੰ ਸ਼ਰਧਾਂਜਲੀ ਦੇਈਏ ਜਿਸਨੇ ਬ੍ਰਹਿਮੰਡੀ ਨੈਣ ਨਕਸ਼ ਘੜੇ, ਇਸਨੂੰ ਨਿਸ਼ਚਿਤ ਆਕਾਰ ਦਿੱਤਾ, ਸੁਹਜ ਦਿੰਦਿਆਂ ਕਿਹਾ- ਪੰਨੇ (Jade) ਜਿੰਨਾ ਨਿੱਘਾ। ਚੀਨ ਦਾ ਇਤਿਹਾਸ ਤਾਓਵਾਦ ਦੇ ਸਮਰਥਕਾਂ ਨਾਲ ਭਰਿਆ ਪਿਆ ਹੈ ਜਿਨ੍ਹਾਂ ਵਿੱਚ ਰਾਜਕੁਮਾਰ ਅਤੇ ਸਾਧੂ ਦੋਵੇਂ ਪ੍ਰਕਾਰ ਦੇ ਲੋਕ ਸਨ। ਉਨ੍ਹਾਂ ਨੇ ਆਪਣਾ ਮਤਿ ਪੜ੍ਹਾਇਆ ਤਾਂ ਦਿਲਚਸਪ ਨਤੀਜੇ ਸਾਹਮਣੇ ਆਏ। ਸਾਖੀ ਵਿੱਚ ਹਦਾਇਤ ਅਤੇ ਮਨੋਰੰਜਨ, ਦੋਵਾਂ ਦਾ ਹੋਣਾ ਯਕੀਨੀ ਹੁੰਦਾ। ਕਿੱਸੇ, ਕਹਾਣੀਆਂ, ਰੂਪਕ, ਟੋਟਕੇ, ਮੁਹਾਵਰਿਆਂ, ਅਖਾਣਾਂ ਨਾਲ ਭਰਪੂਰ। ਅਸੀਂ ਆਰਾਮ ਨਾਲ ਉਸ ਹਸਮੁਖ ਬਾਦਸ਼ਾਹ ਨਾਲ ਗੱਲਾਂ ਬਾਤਾਂ ਕਰ ਸਕਦੇ ਸਾਂ ਜੋ ਕਦੀ ਮਰਿਆ ਨਹੀਂ, ਕਿਉਂਕਿ ਉਹ ਕਦੀ ਹੋਇਆ ਹੀ ਨਹੀਂ। ਅਸੀਂ ਲੀ ਜ਼ੂ ਨਾਲ ਰਲ ਕੇ ਹਵਾ ਉੱਪਰ ਸਵਾਰ ਹੋ ਜਾਂਦੇ ਤੇ ਮੌਜ ਲੈਂਦੇ ਕਿਉਂਕਿ ਹਵਾ ਅਸੀਂ ਖ਼ੁਦ ਸਾਂ, ਅਸੀਂ ਬਿਰਧ ਹੋਆਂਗ-ਹੂ ਨਾਲ ਅੱਧ ਅਸਮਾਨੇ ਰਹੀ ਜਾਂਦੇ, ਧਰਤੀ ਅਤੇ ਅਸਮਾਨ ਦੇ ਐਨ ਵਿਚਕਾਰ, ਕਿਉਂਕਿ ਉਹ ਨਾ ਜ਼ਮੀਨ ਤੇ ਰਹਿੰਦਾ ਸੀ ਨਾ ਅਸਮਾਨ ਵਿੱਚ। ਅੱਜ ਕੱਲ੍ਹ ਦੇ ਚੀਨ ਵਿੱਚ ਤਾਓਵਾਦ ਦਾ ਜਿਹੜਾ ਵਿਗੜਿਆ ਤਿਗੜਿਆ ਰੂਪ ਮੌਜੂਦ ਹੈ ਉਸ ਵਿੱਚ ਵੀ ਏਨੀ ਰਸਦਾਇਕ ਚਿਤ੍ਰਾਵਲੀ ਹੈ ਕਿ ਹੋਰ ਕਿਸੇ ਧਰਮ ਵਿੱਚ ਲੱਭਣੀ ਅਸੰਭਵ।

ਏਸ਼ੀਅਨ ਜੀਵਨ ਪ੍ਰਤੀ ਤਾਉਵਾਦ ਦੀ ਪ੍ਰਮੁੱਖ ਦੇਣ ਉਸਦੇ ਸੌਂਦਰਯ-ਸ਼ਾਸਤ੍ਰ ਦਾ ਜਲਵਾ ਹੈ। ਚੀਨੀ ਇਤਿਹਾਸਕਾਰਾਂ ਨੇ ਤਾਓਵਾਦ ਨੂੰ ਹਮੇਸ਼ਾਂ "ਸੰਸਾਰ ਵਿੱਚ ਹਾਜ਼ਰ ਹੋਣ ਦੀ ਕਲਾ" ਕਿਹਾ ਹੈ ਕਿਉਂਕਿ ਇਸਦਾ ਸਰੋਕਾਰ ਵਰਤਮਾਨ ਨਾਲ ਹੈ, ਸਾਡੇ ਨਾਲ। ਰੱਬ ਅਤੇ ਕੁਦਰਤ ਦਾ ਮਿਲਾਪ ਸਾਡੇ ਵਜੂਦ ਵਿੱਚ ਹੀ ਹੁੰਦਾ ਹੈ ਤੇ ਇੱਥੇ ਹੀ ਬੀਤਿਆ ਕੱਲ੍ਹ, ਭਲਕ ਨਾਲੋਂ ਵਿਛੜ ਜਾਂਦਾ ਹੈ। ਵਰਤਮਾਨ, ਗਤੀਸ਼ੀਲ ਅਨੰਤਤਾ ਹੈ, ਸਾਪੇਖਤਾ ਦਾ ਸਹੀ ਦਾਇਰਾ। ਸਾਪੇਖਤਾ ਤਾਲਮੇਲ ਬਿਠਾਉਣਾ ਭਾਲਦੀ ਹੈ, ਤਾਲਮੇਲ ਆਰਟ ਵਿੱਚ ਲਭਦਾ

ਹੈ। ਆਲੇ ਦੁਆਲੇ ਨਾਲ ਸਾਡਾ ਤਾਲਮੇਲ ਨਿਰੰਤਰ ਸਹੀ ਬੈਠਦਾ ਰਹੇ ਇਹੋ ਜੀਵਨ ਦਾ ਆਰਟ ਹੈ। ਦ੍ਰਿਸ਼ਟਮਾਨ ਜਗਤ ਨੂੰ ਤਾਓਵਾਦ ਜਿਵੇਂ ਹੈ ਤਿਵੇਂ ਸਵੀਕਾਰਦਾ ਹੈ, ਕਨਫਿਊਸ਼ਿਅਸ ਅਤੇ ਬੁੱਧ ਦੇ ਚੇਲਿਆਂ ਤੋਂ ਵੱਖ, ਦੁੱਖਾਂ ਫਿਕਰਾਂ ਦੇ ਸੰਸਾਰ ਵਿੱਚੋਂ ਹੀ ਸੌਂਦਰਯ ਲੱਭਣਾ ਹੈ। ਸਿਰਕਾ ਚੱਖਣ ਵਾਲੇ ਤਿੰਨ ਉਸਤਾਦ ਵਾਲੀ ਸੁੰਗ ਸਾਖੀ ਤਿੰਨ ਪ੍ਰਕਾਰ ਦੇ ਸਿਧਾਂਤਾਂ ਦੀ ਸ਼ਾਨਦਾਰ ਪੇਸ਼ਕਾਰੀ ਹੈ। ਸਾਕਯਮੁਨੀ, ਕਨਫਿਊਸ਼ਿਅਸ ਅਤੇ ਲਾਓਜ਼ੂ ਸਿਰਕੇ ਦੇ ਬਰਤਨ ਸਾਹਮਣੇ ਖਲੋ ਗਏ– ਸਿਰਕਾ, ਜੀਵਨ ਦਾ ਪ੍ਰਤੀਕ। ਹਰੇਕ ਨੇ ਆਪੋ ਆਪਣੀ ਉਂਗਲ ਬਰਤਨ ਵਿੱਚ ਡੁਬੋਈ ਤੇ ਸੁਆਦ ਚੱਖਿਆ। ਕਨਫਿਊਸ਼ਿਅਸ ਨੂੰ ਖੱਟਾ ਲੱਗਿਆ, ਬੁੱਧ ਨੂੰ ਕੌੜਾ ਤੇ ਲਾਓਜ਼ੂ ਨੇ ਕਿਹਾ ਮਿੱਠਾ ਹੈ।

ਤਾਓਵਾਦੀਆਂ ਦਾ ਦਾਅਵਾ ਸੀ ਕਿ ਜੀਵਨ ਦਾ ਨਾਟਕ ਹੋਰ ਦਿਲਚਸਪ ਅਤੇ ਸੁਖਾਂਤ ਬਣਾਇਆ ਜਾ ਸਕਦਾ ਹੈ ਜੇ ਹਰ ਬੰਦਾ ਇਸ ਦੀਆਂ ਇਕਾਈਆਂ ਨੂੰ ਸੰਭਾਲ ਲਵੇ। ਵਸਤਾਂ ਵਿੱਚ ਸੰਤੁਲਨ ਬਣਾਉਣਾ, ਆਪਣਾ ਹੱਕ ਗੁਆਏ ਬਗੈਰ ਹਰੇਕ ਨੂੰ ਹੱਕ ਮੂਜਬ ਬਣਦੀ ਥਾਂ ਦੇਣੀ ਇਸ ਨੀਰਸ ਸੰਸਾਰ ਵਿੱਚ ਸਫ਼ਲਤਾ ਦਾ ਰਾਜ਼ ਹੈ। ਅਸੀਂ ਆਪੋ ਆਪਣਾ ਰੋਲ ਉਦੋਂ ਸਹੀ ਨਿਭਾ ਸਕਾਂਗੇ ਜਦੋਂ ਨਾਟਕ ਦੀ ਪੂਰੀ ਕਹਾਣੀ ਦਾ ਪਤਾ ਹੋਵੇ। ਇਕ ਬੰਦਾ ਆਪਣੀ ਭੂਮਿਕਾ ਨਿਭਾਉਂਦਾ ਹੋਇਆ ਕਿਤੇ ਪੂਰੀ ਕਥਾ ਨੂੰ ਨਜ਼ਰਅੰਦਾਜ਼ ਨਾ ਕਰ ਦਏ। ਇਸ ਦਾ ਹੱਲ ਲਾਓਜ਼ੂ ਆਪਣੇ ਖਲਾਅ ਦੇ ਮਨਪਸੰਦ ਰੂਪਕ ਰਾਹੀਂ ਸਮਝਾਉਂਦਾ ਹੈ। ਉਸਦਾ ਦਾਅਵਾ ਹੈ ਕਿ ਕੇਵਲ ਸ਼ੂਨਯ (ਖਲਾਅ) ਅਹਿਮ ਹੈ। ਉਦਾਹਰਣ ਵਜੋਂ, ਕਮਰੇ ਦੀ ਅਸਲੀਅਤ ਉਹ ਖਾਲੀ ਥਾਂ ਹੈ ਜਿਹੜੀ ਕੰਧਾਂ ਅਤੇ ਛੱਤ ਵਿਚਕਾਰ ਹੈ, ਛੱਤ ਅਤੇ ਕੰਧਾਂ ਕਮਰਾ ਨਹੀਂ ਹਨ। ਘੜੇ ਦੀਆਂ ਕੰਧਾਂ ਵਰਤੋਂ ਵਿੱਚ ਨਹੀਂ ਆਉਂਦੀਆਂ। ਘੜੇ ਵਿਚਲੀ ਖਾਲੀ ਥਾਂ ਵਿੱਚ ਪਾਣੀ ਭਰਿਆ ਜਾਏਗਾ, ਜਿਸ ਮਿੱਟੀ ਨਾਲ ਇਹ ਬਣਾਇਆ ਗਿਆ ਉਸਦੀ ਵਰਤੋਂ ਨਹੀਂ ਹੋਵੇਗੀ। ਖਲਾਅ ਸਰਬ ਸ਼ਕਤੀਮਾਨ ਹੈ ਅਤੇ ਸਰਬ ਸਮਰੱਥ। ਖਾਲੀ ਥਾਂ ਹੋਵੇਗੀ ਤਾਂ ਹੀ ਉਸ ਵਿੱਚ ਕੋਈ ਗਤੀ ਹੋ ਸਕੇਗੀ। ਜਿਹੜਾ ਆਪਣੇ ਆਪ ਨੂੰ ਖਾਲੀ

ਕਰ ਲਏਗਾ, ਜਿਸ ਵਿੱਚ ਹੋਰ ਮਰਜ਼ੀ ਨਾਲ ਦਾਖ਼ਲ ਹੋ ਸਕਣ, ਸਾਰੇ ਹਾਲਾਤ ਦਾ ਮਾਲਕ ਹੋ ਜਾਏਗਾ। ਸੰਪੂਰਨਤਾ ਆਪਣੇ ਕਿਸੇ ਇੱਕ ਹਿੱਸੇ ਤੋਂ ਵੱਡੀ ਹੋਇਆ ਹੀ ਕਰਦੀ ਹੈ।

ਤਾਉਵਾਦੀਆਂ ਦੇ ਇਨ੍ਹਾਂ ਵਿਚਾਰਾਂ ਨਾਲ ਮਾਰਸ਼ਲ ਐਕਟ ਦੇ ਸਿਧਾਂਤ ਪ੍ਰਭਾਵਿਤ ਹੋਏ, ਗਤਕੇ ਅਤੇ ਕੁਸ਼ਤੀ ਉੱਪਰ ਅਸਰ ਪਿਆ। ਜੂਜੀਸ਼ੂ, ਆਤਮ ਰੱਖਿਆ ਦਾ ਹੁਨਰ ਆਪਣਾ ਨਾਮਕਰਨ ਤਾਉ ਤੇ ਚਿੰਗ ਤੋਂ ਹੀ ਲੈਂਦਾ ਹੈ। ਦੇਖਿਆ ਜਾਂਦਾ ਹੈ ਕਿ ਜੂਜੀਸ਼ੂ ਆਪਣੇ ਦੁਸ਼ਮਣ ਦੀ ਸ਼ਕਤੀ ਉਸਨੂੰ ਥਕਾ ਕੇ ਘਟਾਉਂਦਾ ਹੈ, ਆਪਣੀ ਸ਼ਕਤੀ ਆਖ਼ਰੀ ਪੜਾਅ ਉੱਤੇ ਦੁਸ਼ਮਣ ਨੂੰ ਹਰਾਉਣ ਲਈ ਜਮ੍ਹਾ ਰੱਖਦਾ ਹੈ। ਆਰਟ ਵਿੱਚ ਇਸ ਨੁਕਤੇ ਦੀ ਅਹਿਮੀਅਤ ਇਸੇ ਅਸੂਲ ਉੱਤੇ ਕਾਇਮ ਹੈ ਕਿ ਸਾਰਾ ਕੁਝ ਕਥਨ ਕਰਨ ਦੀ ਥਾਂ ਕੁਝ ਅਧੂਰਾ ਛੱਡ ਦਿਉ, ਸਰੋਤਾ/ਦਰਸ਼ਕ ਅਧੂਰੇ ਨੂੰ ਖ਼ੁਦ ਪੂਰਾ ਕਰੇ, ਇਸ ਤਰੀਕੇ ਸ਼ਾਹਕਾਰ ਤੁਹਾਡੀ ਸੁਰਤ ਨੂੰ ਆਪਣੇ ਨਾਲ ਜੋੜ ਲਵੇਗਾ ਤੇ ਤੁਸੀਂ ਉਸ ਸਾਰੇ ਦਾ ਇਕ ਹਿੱਸਾ ਹੋ ਜਾਉਗੇ। ਤੁਹਾਡੇ ਦਾਖਲੇ ਰਾਹੀਂ ਪੂਰਨ ਹੋ ਕੇ ਖਲਾਅ ਤੁਹਾਨੂੰ ਤੁਹਾਡਾ ਸੌਂਦਰਯ-ਬੋਧ ਪ੍ਰਦਾਨ ਕਰੇਗਾ।

ਤਾਓਵਾਦੀਆਂ ਦਾ ਪਰਮ ਮਨੁੱਖ ਉਹ ਸੀ ਜਿਸਨੇ ਆਪਣੇ ਆਪ ਨੂੰ ਜੀਵਨ ਕਲਾ ਦਾ ਉਸਤਾਦ ਬਣਾ ਲਿਆ। ਜਨਮ ਲੈਣ ਸਮੇਂ ਉਹ ਸੁਫ਼ਨਸੰਸਾਰ ਵਿੱਚ ਦਾਖ਼ਲ ਹੁੰਦਾ ਹੈ ਤਾਂ ਕਿ ਮਰਨ ਵੇਲੇ ਸਤਿ ਨੂੰ ਜਾਗ੍ਰਿਤ ਕਰ ਦਏ। ਉਹ ਆਪਣੀ ਲਿਸ਼ਕ ਨੂੰ ਮੱਧਮ ਕਰ ਲੈਂਦਾ ਹੈ ਤਾਂ ਕਿ ਦੂਜਿਆਂ ਦੇ ਹਨੇਰੇ ਵਿੱਚ ਸਮਾ ਸਕੇ। ਉਹ "ਸਰਦੀਆਂ ਵਿੱਚ ਨਦੀ ਪਾਰ ਕਰਨ ਵਾਲੇ ਯਾਤਰੂ ਵਾਂਗ ਧੀਮਾ ਹੈ, ਗਵਾਂਢੀ ਕੋਲੋਂ ਸੰਕੋਚ ਕਰਦਾ ਹੈ, ਮਹਿਮਾਨ ਵਾਂਗ ਆਦਰ ਕਰਦਾ ਹੈ, ਪਿਘਲਣ ਤੋਂ ਪਹਿਲਾਂ ਬਰਫ਼ ਵਾਂਗ ਝਿਜਕਦਾ ਹੈ, ਕੰਬਦਾ ਹੈ, ਅਣਘੜੀ ਲੱਕੜ ਦੀ ਗੇਲੀ ਵਾਂਗ ਹੁੰਦਾ ਹੈ, ਵਾਦੀ ਦੀ ਢਲਾਣ ਵਾਂਗ ਫੈਲਿਆ ਹੁੰਦਾ ਹੈ, ਘੁੰਮਣਘੇਰੀ ਵਿੱਚ ਪਏ ਪਾਣੀ ਵਾਂਗ ਅਰੂਪ ਹੁੰਦਾ ਹੈ।" ਉਸ ਵਾਸਤੇ ਜੀਵਨ ਦੇ ਤ੍ਰੈ-ਰਤਨ ਹਮਦਰਦੀ, ਸੰਜਮ ਅਤੇ ਸਾਦਗੀ ਹਨ।

ਜ਼ੇਨਵਾਦ ਵਲ ਮੁੜੀਏ ਤਾਂ ਦੇਖਾਂਗੇ ਇਹ ਤਾਓਵਾਦ ਦੀਆਂ ਸਿੱਖਿਆਵਾਂ ਉੱਪਰ ਧਿਆਨ ਕੇਂਦਰਿਤ ਕਰਦਾ ਹੈ। ਜ਼ੇਨ ਸ਼ਬਦ ਸੰਸਕ੍ਰਿਤ ਦੇ 'ਧਿਆਨ' ਵਿੱਚੋਂ ਪ੍ਰਗਟਿਆ ਹੈ ਜਿਸ ਦਾ ਮਤਲਬ ਹੈ ਬੰਦਗੀ, ਸਿਮਰਨ। ਨਿਰੰਤਰ ਬੰਦਗੀ ਕਰਨ ਨਾਲ ਯਕੀਨਨ ਸ਼ਰੋਮਣੀ ਸ੍ਵੈਜਾਗਰਣ ਦੀ ਅਵਸਥਾ ਪ੍ਰਾਪਤ ਕੀਤੀ ਜਾ ਸਕਦੀ ਹੈ। ਬੋਧ-ਅਨੁਭਵ ਪ੍ਰਾਪਤ ਕਰਨ ਵਾਲੇ ਛੇ ਮਾਰਗਾਂ ਵਿੱਚੋਂ ਬੰਦਗੀ ਇਕ ਹੈ ਤੇ ਜ਼ੇਨ ਸੰਪਰਦਾਵਾਂ ਦੇ ਲੋਕ ਮੰਨਦੇ ਹਨ ਕਿ ਸਾਕਯਮੁਨੀ ਨੇ ਪਿਛਲੇਰੀਆਂ ਸਿੱਖਿਆਵਾਂ ਵਿੱਚ ਇਸ ਉੱਤੇ ਖ਼ਾਸ ਜ਼ੋਰ ਦਿੱਤਾ ਸੀ, ਆਪਣੇ ਸਭ ਤੋਂ ਵੱਡੇ ਚੇਲੇ ਕਾਸਪ ਨੂੰ ਇਸ ਦੇ ਗੁਰ ਸਮਝਾਏ ਸਨ। ਬੋਧ ਪਰੰਪਰਾ ਅਨੁਸਾਰ ਜ਼ੇਨ ਸਾਧੂ ਕਾਸਪ ਪਾਸੋਂ ਇਹ ਭੇਦ ਆਨੰਦ ਨੂੰ ਮਿਲਿਆ ਜਿਸਨੇ ਆਪਣੇ ਵਾਰਸਾਂ ਰਾਹੀਂ ਅੱਗੇ ਪੁਚਾਇਆ ਤੇ ਆਖ਼ਰ ਇਹ ਅਠਾਈਵੇਂ ਉਤਰਾਧਿਕਾਰੀ ਬੋਧੀ ਧਰਮਾ ਤੱਕ ਪੁੱਜਿਆ। ਬੋਧੀ ਧਰਮਾ ਛੇਵੀਂ ਸਦੀ ਦੇ ਪਹਿਲੇ ਅੱਧ ਵਿੱਚ ਉਤਰੀ ਚੀਨ ਵਿੱਚ ਗਿਆ ਅਤੇ ਚੀਨੀ ਜ਼ੇਨ ਦਾ ਪਹਿਲਾ ਪਿਤਾਮਾ ਹੋਇਆ। ਇਨ੍ਹਾਂ ਪਿਤਾਮਿਆਂ ਦੇ ਇਤਿਹਾਸ ਅਤੇ ਸਿਧਾਂਤਾਂ ਵਿੱਚ ਬੜੀ ਅਨਿਸ਼ਚਿਤਤਾ ਹੈ। ਫਲਸਫੇ ਪੱਖੋਂ ਵਿਚਾਰੀਏ ਤਾਂ ਮੁਢਲਾ ਜ਼ੇਨਵਾਦ ਇਕ ਪਾਸੇ ਨਾਗਾਰਜੁਨ ਦੇ ਭਾਰਤੀ ਸੁੰਨਵਾਦ ਵਰਗਾ ਸੀ ਦੂਜੇ ਪਾਸੇ ਸ਼ੰਕਰਾਚਾਰੀਆ ਦੀ ਗਿਆਨ ਫਿਲਾਸਫੀ ਤੋਂ ਪ੍ਰਭਾਵਿਤ ਸੀ। ਅੱਜ ਦੇ ਦਿਨ ਜੋ ਅਸੀਂ ਜਾਣਦੇ ਹਾਂ, ਜ਼ੇਨ ਦੀ ਪਹਿਲੀ ਸਿੱਖਿਆ ਚੀਨ ਦੇ ਛੇਵੇਂ ਪਿਤਾਮਾ ਏਨੋ (637-713) ਦੇ ਨਾਮ ਨਾਲ ਜੁੜਦੀ ਹੈ ਜੋ ਦੱਖਣੀ ਜ਼ੇਨ ਦਾ ਮੋਢੀ ਸੀ। ਦੱਖਣੀ ਚੀਨ ਵਿੱਚ ਜ਼ੇਨਵਾਦ ਪੂਰਾ ਛਾ ਗਿਆ। ਬਾਅਦ ਵਿੱਚ ਉਸਦੇ ਰਸਤੇ ਤੇ ਮਹਾਨ ਬਾਸੋ (ਮੌਤ 788) ਦਾ ਮੱਤ ਚੱਲਿਆ ਜਿਸਨੇ ਜ਼ੇਨ ਨੂੰ ਜੀਵਨ ਦਾ ਅਹਿਮ ਅੰਗ ਬਣਾ ਦਿੱਤਾ। ਬਾਸੋ ਦੇ ਸ਼ਾਗਿਰਦ ਹਾਕੂਜੋ (719-814) ਨੇ ਪਹਿਲਾ ਜ਼ੇਨ ਸਾਧੂ ਆਸ਼ਰਮ ਥਾਪਿਆ ਤੇ ਇਸ ਨੂੰ ਸੁਚਾਰੂ ਕਰਨ ਵਾਸਤੇ ਰਹਿਤ ਮਰਿਆਦਾ ਰਸਮੋ ਰਿਵਾਜ ਲਾਗੂ ਕੀਤੇ। ਬਾਸੋ ਯੁਗ ਤੋਂ ਬਾਅਦ ਜ਼ੇਨ ਟਕਸਾਲ ਵਿਚਲੇ ਹੁੰਦੇ ਸੰਵਾਦ ਵਿੱਚ ਯੰਗਸੀ ਕਿਆਂਗ ਦਾ ਨਾਟਕ ਦ੍ਰਿਸ਼ਟਮਾਨ

ਹੁੰਦਾ ਹੈ ਜਿਸ ਵਿੱਚ ਪੂਰਬਲੇ ਭਾਰਤੀ ਆਦਰਸ਼ਕ ਵਿਧਾਨ ਦੀ ਥਾਂ ਦੇਸੀ ਚਿੰਤਨ ਵੱਲ ਰੁਖ ਹੋਇਆ। ਫਿਰਕੂ ਅਭਿਮਾਨ ਬੇਸ਼ਕ ਜਿੰਨਾ ਮਰਜ਼ੀ ਵਿਰੋਧ ਕਰਦਾ ਫਿਰੇ, ਲਾਓਜ਼ੂ ਅਤੇ ਤਾਓਵਾਦੀ ਸੰਵਾਦ ਨਾਲ ਦੱਖਣੀ ਜ਼ੇਨ ਮੇਲ ਖਾਂਦਾ ਹੈ। ਤਾਓਤੇ ਚਿੰਗ ਵਿੱਚ ਅਸੀਂ ਆਤਮ ਧਿਆਨ ਦੀ ਮਹੱਤਤਾ ਅਤੇ ਪ੍ਰਾਣਾ ਦੇ ਵਸੀਕਰਨ ਬਾਰੇ ਪ੍ਰਛਾਵੇਂ ਦੇਖੇ ਤਾਂ ਹਨ ਜਿਹੜੇ ਜ਼ੇਨ ਧਿਆਨੀ ਅਭਿਆਸ ਵੱਲ ਵਿਸ਼ੇਸ਼ ਇਸ਼ਾਰੇ ਕਰਦੇ ਹਨ। ਲਾਓਜ਼ੂ ਦੀ ਕਿਤਾਬ ਉੱਪਰ ਕੁਝ ਬਿਹਤਰੀਨ ਭਾਸ਼ਯ ਜ਼ੇਨ ਵਿਦਵਾਨਾਂ ਨੇ ਲਿਖੇ ਹਨ।

ਤਾਓਵਾਦ ਵਾਂਗ ਜ਼ੇਨਵਾਦ ਸਾਪੇਖਤਾ ਦੀ ਪੂਜਾ ਹੈ। ਇਕ ਉਸਤਾਦ ਜ਼ੇਨ ਨੂੰ ਪਰਿਭਾਸ਼ਿਤ ਕਰਦਿਆਂ ਲਿਖਦਾ ਹੈ ਕਿ ਇਹ ਦੱਖਣੀ ਅਸਮਾਨ ਵਿੱਚ ਧਰੂ ਤਾਰੇ ਵਾਂਗ ਹੈ। ਵਿਰੋਧੀ ਨੂੰ ਸਮਝਣ ਨਾਲ ਸਤਿ ਤੱਕ ਪੁੱਜਿਆ ਜਾ ਸਕਦਾ ਹੈ। ਤਾਓਵਾਦ ਵਾਂਗ ਜ਼ੇਨਵਾਦ ਵਿਅਕਤੀਵਾਦ ਦਾ ਪੱਕਾ ਸਮਰਥਕ ਹੈ। ਸਾਡੇ ਆਪਣੇ ਮਨਾਂ ਵਿਚਲੇ ਸਰੋਕਾਰਾਂ ਤੋਂ ਇਲਾਵਾ ਹੋਰ ਕੁਝ ਵੀ ਅਸਲ ਨਹੀਂ ਹੈ। ਛੇਵੇਂ ਪਿਤਾਮਾ ਈਨੋ ਨੇ ਇਕ ਵਾਰ ਦੋ ਸਾਧੂ ਪੈਗੋਡੇ ਉੱਪਰ ਲਹਿਰਾਉਂਦੇ ਝੰਡੇ ਨੂੰ ਦੇਖਦੇ ਹੋਏ ਤੱਕੇ। ਇਕ ਨੇ ਕਿਹਾ- ਹਵਾ ਵਗ ਰਹੀ ਹੈ। ਦੂਜੇ ਨੇ ਕਿਹਾ- ਨਹੀਂ ਝੰਡਾ ਲਹਿਰਾ ਰਿਹਾ ਹੈ। ਈਨੋ ਨੇ ਕਿਹਾ- ਨਾ ਝੰਡਾ ਲਹਿਰਾਉਂਦਾ ਹੈ ਨਾ ਹਵਾ ਵਗਦੀ ਹੈ, ਤੁਹਾਡੇ ਦਿਲਾਂ ਅੰਦਰ ਹਲਚਲ ਹੋ ਰਹੀ ਹੈ। ਹਾਕੂਜੋ ਆਪਣੇ ਚੇਲੇ ਨਾਲ ਜੰਗਲ ਵਿੱਚੋਂ ਦੀ ਲੰਘ ਰਿਹਾ ਸੀ ਕਿ ਉਨ੍ਹਾਂ ਨੂੰ ਦੇਖਦਿਆਂ ਹੀ ਇਕ ਖਰਗੋਸ਼ ਤੇਜ਼ੀ ਨਾਲ ਪਰੇ ਦੌੜ ਗਿਆ। ਹਾਕੂਜੋ ਨੇ ਪੁੱਛਿਆ- ਖਰਗੋਸ਼ ਕਿਉਂ ਦੌੜ ਗਿਆ ? ਉਤਰ ਮਿਲਿਆ- ਮੈਥੋਂ ਡਰ ਗਿਆ। ਉਸਤਾਦ ਨੇ ਕਿਹਾ- ਨਾਂ। ਤੇਰੇ ਅੰਦਰ ਕਾਤਲਾਨਾ ਬਿਰਤੀ ਹੈ, ਇਸ ਕਰਕੇ। ਇਸ ਸੰਵਾਦ ਨਾਲ ਤਾਉਵਾਦੀ ਸੋਸ਼ੀ (ਚੁਆਂਗ ਜ਼ੂ) ਯਾਦ ਆ ਗਿਆ। ਆਪਣੇ ਮਿੱਤਰ ਨਾਲ ਸੋਸ਼ੀ ਦਰਿਆ ਕਿਨਾਰੇ ਟਹਿਲ ਰਿਹਾ ਸੀ। ਸੋਸ਼ੀ ਨੇ ਕਿਹਾ- ਪਾਣੀ ਵਿੱਚ ਮੱਛੀਆਂ ਕਿੰਨਾ ਆਨੰਦ ਲੈ ਰਹੀਆਂ ਹਨ; ਉਸਦੇ ਮਿੱਤਰ ਨੇ ਕਿਹਾ- ਤੁਸੀਂ ਮੱਛੀ ਨਹੀਂ ਹੋ ਸੋਸ਼ੀ, ਫਿਰ ਤੁਹਾਨੂੰ ਕੀ ਪਤੈ ਕਿ

ਮੱਛੀਆਂ ਆਨੰਦ ਵਿੱਚ ਨੇ ? ਸੋਸ਼ੀ ਨੇ ਕਿਹਾ– ਤੁਸੀਂ ਕਿਹੜਾ ਸੋਸ਼ੀ ਹੋ ਮਿੱਤਰ, ਤੁਹਾਨੂੰ ਕੀ ਪਤੈ ਕਿ ਸੋਸ਼ੀ ਮੱਛੀਆਂ ਦੀ ਮੌਜ ਬਾਰੇ ਜਾਣਦਾ ਹੈ ਕਿ ਨਹੀਂ ?

ਜ਼ੇਨ, ਸਨਾਤਨੀ ਬੁਧਮੱਤ ਦੀਆਂ ਸੰਕਲਪਨਾਵਾਂ ਦਾ ਅਕਸਰ ਵਿਰੋਧ ਕਰਦਾ ਜਿਵੇਂ ਤਾਓਵਾਦ ਕਨਫਿਊਸ਼ਿਅਸ ਦੇ ਚਿੰਤਨ ਵਿਰੁੱਧ ਸੀ। ਜ਼ੇਨ ਦੀ ਅਲੌਕਿਕ ਅੰਤਰਦ੍ਰਿਸ਼ਟੀ ਜਾਣਨ ਵਾਸਤੇ ਸ਼ਬਦ ਬੋਝ ਹਨ, ਰੁਕਾਵਟ ਹਨ। ਬੋਧ ਗ੍ਰੰਥਾਂ ਉੱਤੇ ਲਿਖੇ ਗਏ ਭਾਸ਼ਯ, ਟੀਕੇ, ਮਹਿਜ਼ ਨਿੱਜੀ ਅੰਦਾਜ਼ੇ ਹਨ, ਕਲਪਿਤ ਖਿਆਲ। ਜ਼ੇਨ ਮੁਰੀਦ ਵਸਤਾਂ ਦੀ ਅੰਤਰ ਆਤਮਾ ਵੱਲ ਨਿਸ਼ਾਨਾ ਸੇਧਦੇ ਸਨ। ਬਾਹਰਲਾ ਸਾਜ਼ੋ ਸਾਮਾਨ ਸੱਚ ਦੇ ਸਾਫ ਦ੍ਰਿਸ਼ਟਮਾਨ ਰਾਹ ਵਿਚਕਾਰ ਰੁਕਾਵਟ ਹੈ। ਅਮੂਰਤ ਪ੍ਰਤੀ ਪ੍ਰੇਮ ਨੇ ਹੀ ਸਨਾਤਨੀ ਰੰਗ ਬਰੰਗੀਆਂ ਬੋਧ ਪੇਂਟਿੰਗਜ਼ ਦੀ ਥਾਂ ਜ਼ੇਨ ਨੇ ਸਿਆਹ ਸਫ਼ੈਦ ਰੰਗਾਂ ਨੂੰ ਰੇਖਾ ਚਿੱਤਰਾਂ ਵਿੱਚ ਪਹਿਲ ਦਿੱਤੀ। ਬੁੱਤਾਂ ਅਤੇ ਪ੍ਰਤੀਕਾਂ ਵਿੱਚ ਬੁੱਧ ਦੇਖਣ ਦੀ ਥਾਂ ਆਪਣੇ ਵਿੱਚ ਬੁੱਧ ਪਛਾਣਨ ਦੀ ਬਿਰਤੀ ਸਦਕਾ ਕੁਝ ਜ਼ੇਨ ਤਾਂ ਬੁਤਸ਼ਿਕਨ ਹੋ ਗਏ ਸਨ। ਸਰਦੀ ਦੀ ਠੰਢ ਵਿਚ ਅੱਗ ਸੇਕਣ ਵਾਸਤੇ ਤਾਂਕਾਵੋਸ਼ੋ ਨੇ ਬੁੱਧ ਦੀ ਲੱਕੜ ਦੀ ਮੂਰਤੀ ਪਾੜ ਲਈ। ਨੇੜੇ ਖਲੋਤੇ ਭੈਭੀਤ ਹੁੰਦੇ ਦਰਸ਼ਕ ਨੇ ਕਿਹਾ– ਘੋਰ ਕੁਫਰ। ਤਾਂਕਾਵੋਸ਼ੋ ਨੇ ਕਿਹਾ– ਇਸ ਦੀ ਸੁਆਹ ਵਿੱਚੋਂ ਮੈਨੂੰ ਮਣੀ ਲੱਭੇਗੀ। ਇਸ ਮੂਰਤੀ ਵਿੱਚ ਮਣੀ ਬਿਲਕੁਲ ਨਹੀਂ। ਜੇ ਮੂਰਤੀ ਵਿੱਚ ਮਣੀ ਨਹੀਂ ਫਿਰ ਇਹ ਬੁੱਧ ਕਿਵੇਂ ਹੋਈ ? ਫਿਰ ਮੈਂ ਕੀ ਪਾਪ ਕੀਤਾ ? ਇਹ ਆਖਕੇ ਉਹ ਅੱਗ ਸੇਕਣ ਲੱਗ ਪਿਆ।

ਪੂਰਬੀ ਚਿੰਤਨ ਨੂੰ ਜ਼ੇਨ ਨੇ ਖ਼ਾਸ ਦੇਣ ਇਹ ਦਿੱਤੀ ਕਿ ਲੌਕਿਕ ਅਤੇ ਅਲੌਕਿਕ ਬਰਾਬਰ ਕਰ ਦਿੱਤੇ। ਵਸਤੂਆਂ ਨੂੰ ਵਡੇਰੀ ਕੈਨਵਸ ਵਿੱਚ ਰੱਖ ਕੇ ਦੇਖਾਂਗੇ ਤਾਂ ਛੋਟੇ ਵੱਡੇ ਵਿੱਚ ਅੰਤਰ ਨਹੀਂ ਰਹੇਗਾ, ਇਕ ਅਣੂ ਵਿੱਚ ਉਹੀ ਗੁਣ ਹਨ ਜੋ ਬ੍ਰਹਿਮੰਡ ਵਿੱਚ। ਸੰਪੂਰਨਤਾ ਦਾ ਅਭਿਲਾਖੀ ਆਪਣੇ ਜੀਵਨ ਵਿਚਲੀ ਅੰਦਰੂਨੀ ਰੌਸ਼ਨੀ ਲੱਭੇ। ਇਸ ਪੱਖੋਂ ਜ਼ੇਨ ਸਾਧੂ ਆਸ਼ਰਮ ਕਮਾਲ ਸੀ। ਮੱਠ ਦੇ ਮੁਖੀ ਨੂੰ ਛੱਡ ਕੇ ਹਰੇਕ ਬੰਦਾ ਆਸ਼ਰਮ ਵਿੱਚ ਦਿੱਤੀ ਗਈ ਸੇਵਾ

ਨਿਭਾਏਗਾ। ਤੁਸੀਂ ਹੈਰਾਨ ਹੋਵੋਗੇ ਕਿ ਨਵੇਂ ਸਿਖਾਂਦੂਰਆਂ ਨੂੰ ਨਿਕੇ ਮੋਟੇ ਕੰਮ ਕਰਨ ਲਈ ਕਿਹਾ ਜਾਂਦਾ, ਔਖਾ, ਭਾਰਾ ਤੇ ਅਕਾਊ ਜਿਸਮਾਨੀ ਕੰਮ ਵਡੇਰੇ ਸਾਧੂ ਕਰਦੇ। ਇਹ ਸੇਵਾਵਾਂ ਜ਼ੇਨ ਅਨੁਸਾਸ਼ਨ ਨਿਸ਼ਚਿਤ ਕਰਦੀਆਂ, ਛੋਟੇ ਤੋਂ ਛੋਟਾ ਕੰਮ ਪੂਰੀ ਮੁਸ਼ਤੈਦੀ ਨਾਲ ਕੀਤਾ ਜਾਂਦਾ। ਬਗੀਚੇ ਦੀ ਗੋਡੀ ਕਰਦਿਆਂ, ਸ਼ਲਗਮ ਪੁਟਦਿਆਂ ਜਾਂ ਚਾਹ ਵਰਤਾਉਂਦਿਆਂ ਗੰਭੀਰ ਵਿਚਾਰ ਵਟਾਂਦਰਾ ਹੋਇਆ ਕਰਦਾ। ਜੀਵਨ ਦੀ ਛੋਟੀ ਤੋਂ ਛੋਟੀ ਘਟਨਾ ਵਿੱਚ ਵੱਡੀ ਤੋਂ ਵੱਡੀ ਮਹਾਨਤਾ ਲੱਭਣ ਦੀ ਬਿਰਤੀ, ਜ਼ੇਨ ਪਰੰਪਰਾ ਦਾ ਸੰਪੂਰਨ ਆਦਰਸ਼ਵਾਦ ਹੈ, ਚਾਹਵਾਦ ਹੈ । ਤਾਓਵਾਦ ਨੇ ਆਦਰਸ਼ਕ ਸੌਂਦਰਯ ਸ਼ਾਸਤਰ ਦੀ ਨੀਂਹ ਰੱਖੀ, ਜ਼ੇਨਵਾਦ ਨੇ ਉਸ ਨੂੰ ਅਮਲ ਵਿੱਚ ਲਿਆਂਦਾ।



— ਅਧਿਆਇ ਚੌਥਾ —

ਚਾਹਖਾਨਾ

ਯੋਰਪੀਅਨ ਇਮਾਰਤਸਾਜ਼ ਪੱਥਰ ਅਤੇ ਇੱਟਾਂ ਦੀ ਉਸਾਰੀ ਦਾ ਹੁਨਰ ਲੈ ਕੇ ਆਏ। ਸਾਡੀ ਜਾਪਾਨੀ ਲੱਕੜ ਬਾਂਸ ਨਾਲ ਉਸਾਰੀ ਦੀ ਕਲਾ ਤਾਂ ਇਮਾਰਤਸਾਜ਼ੀ ਅਖਵਾਉਣ ਦੇ ਕਾਬਲ ਨਾ ਰਹੀ। ਹੁਣੇ ਹੁਣੇ ਪੱਛਮੀ ਇਮਾਰਤਸਾਜ਼ੀ ਦਾ ਇਕ ਯੋਗ ਵਿਦਿਆਰਥੀ ਆਇਆ ਜਿਸਨੇ ਸਾਡੇ ਮਹਾਨ ਮੰਦਰਾਂ ਵਿਚਲੀ ਸ਼ਾਨਦਾਰ ਨਿਪੁੰਨਤਾ ਪਛਾਣੀ ਤੇ ਦਾਦ ਦਿੱਤੀ। ਸਾਡੀ ਸਨਾਤਨੀ ਇਮਾਰਤਸਾਜ਼ੀ ਦਾ ਇਹ ਹਾਲ ਹੋਇਆ ਤਾਂ ਕਿਸ ਕਾਰਨ ਕੋਈ ਉਮੀਦ ਕਰੇ ਕਿ ਸਾਡੇ ਚਾਹਖਾਨੇ ਦੀ ਸੂਖਮ ਸੁੰਦਰਤਾ ਪਛਾਣੀ ਜਾਏ ਕਿਉਂਕਿ ਇਸ ਦੀ ਉਸਾਰੀ ਅਤੇ ਸਜਾਵਟ ਦੇ ਅਸੂਲ ਪੱਛਮ ਦੇ ਹੁਨਰ ਤੋਂ ਇਕਦਮ ਵੱਖਰੇ ਹਨ।

ਮਹਿਜ਼ ਕੱਖਾਂ ਕਾਨਿਆਂ ਦੀ ਝੌਂਪੜੀ ਤੋਂ ਇਲਾਵਾ ਚਾਹਖਾਨਾ ਕੁਝ ਹੋਰ ਹੋਣ ਦਾ ਦਿਖਾਵਾ, ਦਾਅਵਾ ਨਹੀਂ ਕਰਦਾ। ਮੁੱਢਲੀ ਚਿਤਰਲਿਪੀ ਅਨੁਸਾਰ ਚਾਹਖਾਨਾ ਮਾਇਨੇ ਸੁਫਨਸੰਸਾਰ। ਪਿੱਛੋਂ ਜਾ ਕੇ ਕਈ ਚਾਹ ਉਸਤਾਦਾਂ ਨੇ ਆਪਣੀ ਮਰਜ਼ੀ ਨਾਲ ਚਾਹਖਾਨੇ ਦੇ ਚੀਨੀ ਅੱਖਰ ਬਦਲ ਦਿੱਤੇ ਤੇ ਇਸਦਾ ਨਾਮ ਹਵਾ-ਮਹਿਲ ਜਾਂ ਪਰੀ-ਮਹਿਲ ਰੱਖ ਦਿੱਤਾ। ਕਾਵਿਕ ਜਜ਼ਬਾ ਉਭਾਰਨ ਲਈ ਇਹ ਜਾਦੂਈ ਮਹਿਲ ਆਰਜ਼ੀ ਉਸਾਰੀ ਹੋਇਆ ਕਰਦੀ। ਵਕਤੀ ਤੌਰ ਤੇ ਪਲ ਦੋ ਪਲ ਵਾਸਤੇ ਸੌਂਦਰਯ ਤ੍ਰਿਪਤੀ ਹਿਤ ਇਹ ਖਾਲੀ ਇਮਾਰਤ ਹੁੰਦੀ ਜਿਸ ਦੀ ਕੋਈ ਸਜਾਵਟ ਨਾ ਕੀਤੀ ਜਾਂਦੀ। ਬੇਡੌਲੀ ਇਹ ਇਮਾਰਤ ਅੱਧੇ ਅਧੂਰਿਆਂ ਵਾਸਤੇ ਪੂਜਾ-ਸਥਲ ਸੀ ਜਿਸ ਵਿੱਚ ਜਾਣ ਬੁਝ ਕੇ ਕੁਝ ਨਾ ਕੁਝ ਅਧੂਰਾ ਰਹਿਣ ਦਿੱਤਾ ਜਾਂਦਾ ਤਾਂ ਕਿ ਕੋਈ ਜਣਾ ਆਪਣੀ ਕਲਪਨਾ ਨਾਲ ਇਸ ਨੂੰ

ਪੂਰਾ ਕਰ ਸਕੇ। ਸੋਲ੍ਹਵੀਂ ਸਦੀ ਤੋਂ ਲੈ ਕੇ ਚਾਹਵਾਦ ਦੇ ਆਦਰਸ਼ਾਂ ਨੇ ਸਾਡੀ ਇਮਾਰਤਸਾਜ਼ੀ ਤੇ ਏਨਾ ਅਸਰ ਪਾਇਆ ਹੈ ਕਿ ਅਜੋਕੀਆਂ ਜਾਪਾਨੀ ਇਮਾਰਤਾਂ ਦਾ ਅੰਦਰਲਾ ਹਿੱਸਾ ਸਜਾਵਟੋਂ ਸੱਖਣਾ ਹੋਣ ਕਰਕੇ ਪੂਰਨ ਸਾਦਾ ਤੇ ਪਵਿੱਤਰ ਹੈ ਜੋ ਵਿਦੇਸ਼ੀਆਂ ਨੂੰ ਉਜਾੜ ਵਾਂਗ ਲਗਦਾ ਹੈ।

ਪਹਿਲਾ ਮੌਲਿਕ ਚਾਹਖਾਨਾ ਸੇਨੋ-ਸੋਇਕੀ ਦੀ ਕਾਢ ਸੀ ਜਿਸਦਾ ਬਾਅਦ ਵਿੱਚ ਨਾਮ ਰਿਕਯੂ ਪੈ ਗਿਆ। ਚਾਹ ਉਸਤਾਦਾਂ ਵਿੱਚੋਂ ਉਹ ਮਹਾਨਤਮ ਕਲਾਕਾਰ ਸੀ ਜਿਸਨੇ ਸੋਲ੍ਹਵੀਂ ਸਦੀ ਵਿੱਚ ਤਾਇਕੋ ਹਿਦੇਓਸ਼ੀ ਦੀ ਸਰਪ੍ਰਸਤੀ ਅਧੀਨ ਚਾਹ ਰਸਮਾਂ ਵਿੱਚ ਉਚਕੋਟੀ ਦੀ ਸੰਪੂਰਨਾ ਸਥਾਪਤ ਕੀਤੀ। ਉਸ ਤੋਂ ਪਹਿਲਾਂ ਚਾਹਖਾਨੇ ਦੀ ਬਣਤਰ ਜੋਵੋ ਨਮੂਨੇ ਦੀ ਹੋਇਆ ਕਰਦੀ ਸੀ। ਜੋਵੋ ਪੰਦਰਵੀਂ ਸਦੀ ਦਾ ਪ੍ਰਸਿੱਧ ਚਾਹ ਉਸਤਾਦ ਸੀ। ਮੁਢਲਾ ਚਾਹਖਾਨਾ ਡਰਾਇੰਗ ਰੂਮ ਵਰਗਾ ਹੁੰਦਾ ਜਿਸਨੂੰ ਚਾਹ ਪੀਣਿਆਂ ਦੀ ਲੋੜ ਅਨੁਸਾਰ ਪਰਦਿਆਂ ਨਾਲ ਵੰਡਿਆ ਜਾ ਸਕੇ। ਪਰਦਿਆਂ ਨਾਲ ਵੰਡੇ ਹਿੱਸੇ ਨੂੰ ਕਕੋਈ ਕਿਹਾ ਜਾਂਦਾ ਹੈ। ਜਿਹੜੇ ਚਾਹਖਾਨੇ ਵੱਖਰੀ ਇਮਾਰਤ ਦੀ ਥਾਂ ਘਰਾਂ ਵਿੱਚ ਚਲਦੇ ਹਨ, ਉਥੇ ਅਜੇ ਵੀ ਇਸਨੂੰ ਕਕੋਈ ਕਹਿੰਦੇ ਹਨ ਜਿਵੇਂ ਸਬਾਤ੍ਰ ਹੋਵੇ। ਸੂਕੀਆ ਇਕ ਚਾਹਖਾਨਾ ਹੁੰਦਾ ਹੈ ਜਿੱਥੇ ਪੰਜ ਬੰਦਿਆਂ ਦੇ ਬੈਠਣ ਜੋਗੀ ਥਾਂ ਹੁੰਦੀ ਹੈ। ਪੰਜ ਦੀ ਗਿਣਤੀ ਬਾਰੇ ਕਥਨ ਹੈ, "ਗੌਰਵ ਤੋਂ ਉੱਪਰ ਅਤੇ ਸੰਗੀਤ ਤੋਂ ਹੇਠ।" ਬਿਲਕੁਲ ਪਿਛਲਾ ਕਮਰਾ ਬਰਤਣ ਧੋਣ ਲਈ ਹੈ। ਦਾਖਲ ਹੁੰਦਿਆਂ ਸ਼ੁਰੂ ਵਿਚ ਇਕ ਕਮਰਾ ਉਨ੍ਹਾਂ ਮਹਿਮਾਨਾਂ ਦੇ ਖਲੋਣ ਲਈ, ਇੰਤਜ਼ਾਰ ਕਰਨ ਲਈ ਹੈ ਕਿ ਜਦੋਂ ਤੱਕ ਅੰਦਰ ਬੈਠਣ ਲਈ ਥਾਂ ਖਾਲੀ ਨਹੀਂ ਹੁੰਦੀ, ਰੁਕੋ। ਸੜਕ ਤੋਂ ਬਗੀਚੀ ਵਿਚਲਾ ਰਸਤਾ ਚਾਹਖਾਨੇ ਤੱਕ ਜਾਂਦਾ ਹੈ। ਚਾਹਖਾਨੇ ਦੀ ਦਿੱਖ ਖ਼ਾਸ ਨਹੀਂ ਹੁੰਦੀ। ਨਿੱਕੇ ਤੋਂ ਨਿੱਕੇ ਜਾਪਾਨੀ ਘਰ ਤੋਂ ਵੀ ਛੋਟਾ ਹੁੰਦਾ ਹੈ, ਉਸਾਰੀ ਵਾਸਤੇ ਸਾਮਾਨ ਅਜਿਹਾ ਵਰਤਿਆ ਜਾਂਦਾ ਹੈ ਕਿ ਦੇਖਣ ਸਾਰ ਸੁਘੜ ਗਰੀਬੀ ਦਿਸੇ। ਚੇਤੇ ਰਹੇ ਇਹ ਸਾਰਾ ਕੁਝ ਗੰਭੀਰ ਸੋਚ ਵਿਚਾਰ ਨਾਲ ਕੀਤਾ ਜਾਂਦਾ ਹੈ। ਏਨੀ ਇਹਤਿਆਤ ਤਾਂ ਕੀਮਤੀ ਮਹਿਲ ਅਤੇ ਮੰਦਰ ਉਸਾਰਨ ਵਾਸਤੇ ਨਹੀਂ ਵਰਤੀ ਜਾਂਦੀ। ਸਮੱਗਰੀ ਦੀ ਚੋਣ, ਕਾਰੀਗਰੀ, ਹੁਨਰ

ਵਾਸਤੇ ਵੱਡੀਆਂ ਇਮਾਰਤਾਂ ਨਾਲੋਂ ਵਧੀਕ ਸੋਚ ਵਿਚਾਰ ਕੀਤੀ ਜਾਂਦੀ ਹੈ। ਚਾਹ ਉਸਤਾਦ ਆਪਣੇ ਲਈ ਕਾਰੀਗਰਾਂ, ਮਿਸਤਰੀਆਂ ਦੀ ਭਾਲ ਦੂਰ ਦੁਰਾਡਿਓਂ ਕਰਦਾ ਹੈ, ਇਹੋ ਜਿਹੇ ਸੂਖਮ ਮਾਹਿਰ ਜਿਹੋ ਜਿਹੇ ਲਾਖ ਦੀਆਂ ਅਲਮਾਰੀਆਂ ਬਣਾਉਣ ਵਾਲੇ ਹੁੰਦੇ ਹਨ।

ਪੱਛਮੀ ਇਮਾਰਤਸਾਜ਼ੀ ਨਾਲੋਂ ਤਾਂ ਚਾਹਖਾਨਾ ਵੱਖਰਾ ਹੈ ਹੀ, ਉਹ ਤਾਂ ਜਾਪਾਨ ਦੀ ਆਪਣੀ ਸਨਾਤਨੀ ਇਮਾਰਤ-ਕਲਾ ਤੋਂ ਵੀ ਅਲੱਗ ਹੁੰਦਾ ਹੈ। ਸਾਡੇ ਸ਼ਾਨਦਾਰ ਸਨਾਤਨੀ ਭਵਨ, ਮੰਦਰ ਹੋਣ ਚਾਹੇ ਆਮ ਇਮਾਰਤਾਂ, ਕੇਵਲ ਆਕਾਰ ਨੂੰ ਆਧਾਰ ਬਣਾ ਕੇ ਨਿੰਦੇ ਨਹੀਂ ਗਏ। ਸਮੇਂ ਦੀ ਭੱਠੀ ਵਿੱਚੋਂ ਜਿਹੜੇ ਭਵਨ ਬਚ ਗਏ ਹਨ, ਸਦੀਆਂ ਬਾਅਦ ਉਨ੍ਹਾਂ ਦੀ ਸ਼ਾਨ, ਸਜਾਵਟ ਦਾ ਜਲਵਾ ਅੱਜ ਵੀ ਅਜੋਕੇ ਆਰਟ ਨੂੰ ਸ਼ਰਮਸਾਰ ਕਰ ਦਿੰਦਾ ਹੈ। ਦੋ ਤੋਂ ਤਿੰਨ ਫੁੱਟ ਵਿਆਸ ਦੇ, ਤੀਹ ਤੋਂ ਚਾਲੀ ਫੁੱਟ ਉੱਚੇ ਲੱਕੜ ਦੇ ਵਿਸ਼ਾਲ ਥੰਮ੍ਹ, ਬਰੀਕਬੀਨੀ ਨਾਲ ਡਾਟਾਂ ਰਾਹੀਂ ਜੋੜੀਆਂ ਭਾਰ ਨਾਲ ਕਰਾਹੁੰਦੀਆਂ ਹੋਈਆਂ ਵਿਸ਼ਾਲ ਲਟੈਣਾ ਉੱਪਰ ਭਾਰੀ ਟਾਈਲਾਂ ਦੀ ਢਾਲ੍ਹਵੀਂ ਛੱਤ ਵਿਸਮਾਦਿਤ ਕਰ ਦਿੰਦੀ ਹੈ। ਸਮੱਗਰੀ ਅਤੇ ਉਸਾਰੀ ਦਾ ਤੌਰ ਤਰੀਕਾ ਅੱਗ ਦਾ ਮੁਕਾਬਲਾ ਤਾਂ ਨਹੀਂ ਕਰ ਸਕਦਾ ਪਰ ਭੂਚਾਲ ਅਤੇ ਦੇਸ਼ ਦੇ ਵਾਤਾਵਰਨ ਮੁਤਾਬਕ ਬਹੁਤ ਮਜ਼ਬੂਤ ਸਾਬਤ ਹੋਇਆ ਹੈ। ਹੋਰੀਉਜੀ ਦੇ ਸੁਨਹਿਰੀ ਹਾਲ ਅਤੇ ਯੁਕਸ਼ੀਜੀ ਦਾ ਪੈਗੋਡਾ ਲੱਕੜ ਇਮਾਰਤਸਾਜ਼ੀ ਦੀ ਪਕਿਆਈ ਦੀਆਂ ਵਿਲੱਖਣ ਉਦਾਹਰਣਾਂ ਹਨ। ਬਾਰਾਂ ਸਦੀਆਂ ਤੋਂ ਇਹ ਇਮਾਰਤਾਂ ਬਿਲਕੁਲ ਠੀਕ ਖਲੋਤੀਆਂ ਹਨ। ਮੰਦਰਾਂ ਅਤੇ ਮਹਿਲਾਂ ਦਾ ਅੰਦਰਲਾ ਹਿੱਸਾ ਬਹੁਤ ਸਾਵਧਾਨੀ ਨਾਲ ਸਜਾਇਆ ਜਾਂਦਾ ਸੀ। ਊਜੀ ਵਿਖੇ ਹੁਦੂ ਮੰਦਰ ਦਸਵੀਂ ਸਦੀ ਦਾ ਹੈ ਉਸ ਵਿੱਚ ਅੱਜ ਵੀ ਅਦਭੁਤ ਮੰਡਪ ਤੇ ਸ਼ੀਸ਼ੇ ਮੋਤੀਆਂ ਨਾਲ ਸਜੇ ਰੰਗ ਬਰੰਗੇ ਚੰਦੋਏ, ਕੰਧਾਂ ਉੱਪਰ ਕੀਤੀ ਮੀਨਾਕਾਰੀ, ਬੀਤੇ ਦੀ ਯਾਦ ਦਿਵਾਉਂਦੀ ਹੈ। ਇਸ ਪਿੱਛੋਂ ਕਯੋਟੋ ਵਿੱਚ ਨਿੱਕੋ ਅਤੇ ਨਿੱਜੋ ਮਹਿਲਾਂ ਵਿੱਚ ਉਸਾਰੀ ਦੇ ਡਿਜ਼ਾਈਨ ਨਜ਼ਰਅੰਦਾਜ਼ ਕਰਕੇ ਰੰਗਾਂ ਦੀ ਕਾਰੀਗਾਰੀ, ਅਰਬੀ ਤੇ ਮੂਰਿਸ਼ ਕਲਾ ਦੀ ਬਰਾਬਰੀ ਦਾ ਦਾਅਵਾ ਕਰਦੀ ਹੈ।

ਚਾਹਖਾਨੇ ਦੀ ਸਾਦਗੀ ਅਤੇ ਨਿਰਮਲਤਾ ਜ਼ੇਨ ਤਪੋਬਣ ਦੀ ਦੇਖਾ ਦੇਖੀ, ਗੀਸ ਨਾਲ ਸ਼ੁਰੂ ਹੋਈ। ਦੂਜੇ ਬੋਧ ਮੱਠਾਂ ਨਾਲੋਂ ਜ਼ੇਨ ਆਸ਼ਰਮ ਭਿੰਨ ਹਨ ਕਿਉਂਕਿ ਇਹ ਸਾਧੂਆਂ ਦੇ ਕੇਵਲ ਨਿਵਾਸ ਸਥਾਨ ਨਹੀਂ ਹਨ। ਇਸ ਦਾ ਮੰਦਰ ਪੂਜਾ ਸਥਲ ਜਾਂ ਤੀਰਥ ਨਹੀਂ ਸਗੋਂ ਕਾਲਜ ਦਾ ਕਮਰਾ ਹੈ ਜਿੱਥੇ ਇਕੱਤਰ ਹੋ ਕੇ ਵਿਦਿਆਰਥੀ ਵਿਚਾਰ ਵਟਾਂਦਰਾ ਕਰਦੇ ਹਨ, ਬੰਦਗੀ ਕਰਦੇ ਹਨ। ਸਾਰਾ ਕਮਰਾ ਖਾਲੀ ਹੁੰਦਾ ਹੈ ਵਿਚਕਾਰ ਖੁੱਲ੍ਹੀ ਥਾਂ ਵੇਦੀ ਦੇ ਇਕ ਪਾਸੇ ਜ਼ੇਨ ਦੇ ਮੋਢੀ ਬੋਧੀ-ਧਰਮ ਜਾਂ ਸਾਕਿਯਮੁਨੀ ਦੀ ਮੂਰਤੀ ਹੁੰਦੀ ਹੈ ਜਿਸ ਦੇ ਆਲੇ ਦੁਆਲੇ ਕਾਸਪ ਅਤੇ ਅਨੰਦ ਹੁੰਦੇ ਹਨ ਜੋ ਜ਼ੇਨ ਦੇ ਪੁਰਾਤਨ ਸਾਧੂ ਹਨ। ਜ਼ੇਨ ਨਮਿਤ ਇਨ੍ਹਾਂ ਸਾਧੂਆਂ ਨੇ ਜੋ ਸੇਵਾ ਕੀਤੀ, ਉਸਦੇ ਸਤਿਕਾਰ ਵਜੋਂ ਵੇਦੀ ਉੱਤੇ ਫੁਲ ਚੜ੍ਹਾਏ ਜਾਂਦੇ ਹਨ ਤੇ ਧੂਫਬੱਤੀ ਕੀਤੀ ਜਾਂਦੀ ਹੈ। ਅਸੀਂ ਪਹਿਲਾਂ ਦੱਸ ਹੀ ਚੁੱਕੇ ਹਾਂ ਕਿ ਇੱਥੇ ਬੋਧੀ-ਧਰਮ ਦੀ ਮੂਰਤ ਦੁਆਲੇ ਇਕੋ ਕਟੋਰੇ ਵਿੱਚ ਚਾਹ ਵਰਤਾ ਕੇ, ਸੰਗਤੀ ਚਾਹ ਪੀਣ ਦੀ ਰਸਮ ਸ਼ੁਰੂ ਹੋਈ ਸੀ। ਅਸੀਂ ਇੱਥੇ ਇਹ ਵੀ ਦੱਸ ਦੇਈਏ ਜ਼ੇਨ ਮੰਦਰ ਦੀ ਵੇਦੀ ਤੋਕੋਨੋਮਾ ਦਾ ਹੀ ਆਦਿ ਰੂਪ ਹੈ, ਜਾਪਾਨੀ ਕਮਰੇ ਦਾ ਉਹ ਸਨਮਾਨਯੋਗ ਥਾਂ ਜਿੱਥੇ ਮਹਿਮਾਨਾਂ ਦੇ ਸਵਾਗਤ ਵਿੱਚ ਸਜਾਵਟ ਕੀਤੀ ਹੁੰਦੀ ਹੈ।

ਸਾਡੇ ਸਾਰੇ ਚਾਹ ਉਸਤਾਦ ਜ਼ੇਨ ਦੇ ਮੁਰੀਦ ਸਨ ਜਿਨ੍ਹਾਂ ਨੇ ਸਥੂਲ ਜੀਵਨ ਵਿੱਚ ਜ਼ੇਨਵਾਦ ਦੀ ਅੰਤਰ ਆਤਮਾ ਤੋਂ ਜਾਣੂ ਕਰਵਾਇਆ। ਚਾਹ ਦੀ ਰਸਮ ਦੇ ਹੋਰ ਸਾਜ਼ੋ-ਸਾਮਾਨ ਤੋਂ ਇਲਾਵਾ ਕਮਰਾ ਆਪਣੇ ਆਪ ਬਹੁਤ ਸਾਰੇ ਜ਼ੇਨ ਸਿਧਾਂਤਾਂ ਦਾ ਸ਼ੀਸ਼ਾ ਹੈ। ਪੁਰਾਤਨ ਕਮਰੇ ਦਾ ਆਕਾਰ ਸਾਢੇ ਚਾਰ ਗਲੀਚੇ ਜਾਂ ਦਸ ਫੁੱਟ ਵਰਗ, ਦਰਅਸਲ ਵਿਕਰਾਮਦਿੱਤ ਦੇ ਇਕ ਪ੍ਰਸੰਗ ਤੋਂ ਲਿਆ ਹੈ। ਇਸ ਦਿਲਚਸਪ ਗ੍ਰੰਥ ਵਿੱਚ ਰਾਜਾ ਵਿਕਰਮਾਦਿੱਤ, ਸਾਧੂ ਮੰਜੂਸ਼ਰੀ ਅਤੇ ਚੁਰਾਸੀ ਹਜ਼ਾਰ ਬੋਧ ਭਿੱਖੂਆਂ ਦਾ ਇਸ ਆਕਾਰ ਦੇ ਕਮਰੇ ਵਿੱਚ ਸਵਾਗਤ ਕਰਦਾ ਹੈ। ਇਹ ਸੰਕੇਤ ਹੈ ਕਿ ਪੂਰਨ ਜਾਗੇ ਹੋਏ ਸਾਧੂਆਂ ਵਾਸਤੇ ਥਾਂ ਦੀ ਕੋਈ ਅਹਿਮੀਅਤ ਨਹੀਂ। ਰੋਜੀ ਨਾਮ ਦੇ ਬਾਗ ਵਿਚਲਾ ਰਸਤਾ ਧਿਆਨ ਦੀ ਪਹਿਲੀ ਮੰਜ਼ਲ ਹੈ ਜੋ ਸ਼ਾਹਰਾਹ ਤੋਂ ਚਾਹਖਾਨੇ ਤੱਕ ਲਿਜਾਂਦਾ ਹੈ,

ਸ੍ਵੈਜਾਗਰਣ ਦਾ ਰਾਹ। ਰੋਜੀ ਬਾਗ ਬਾਹਰਲੇ ਜਗਤ ਨਾਲੋਂ ਜਗਿਆਸੂ ਨੂੰ ਵੱਖ ਕਰਦਾ ਹੈ ਤੇ ਚਾਹਖਾਨੇ ਵਿੱਚ ਜਾਣ ਵਾਸਤੇ ਸੌਂਦਰਯਬੋਧ ਕਰਵਾਉਂਦਾ ਹੈ, ਅਨੰਦ-ਮਗਨ ਕਰਦਾ ਹੈ। ਇਕ ਵਾਰ ਜਿਹੜਾ ਬਾਗ ਦੇ ਰਸਤੇ ਉੱਪਰ ਦੀ ਲੰਘਿਆ, ਨਹੀਂ ਭੁੱਲ ਸਕਦਾ, ਜਦੋਂ ਹਰੇ ਕਚੂਰ ਘਾਹ ਉੱਪਰੋਂ ਦੀ, ਉੱਚੇ ਨੀਵੇਂ ਪੱਥਰਾਂ ਉੱਪਰ ਜਿਨ੍ਹਾਂ ਹੇਠ ਚੀੜ੍ਹ ਦੀਆਂ ਸੂਈਆਂ ਖਿੱਲਰੀਆਂ ਪਈਆਂ ਸਨ, ਕਾਈ ਨਾਲ ਢਕੀਆਂ ਪੱਥਰ ਦੀਆਂ ਮਸ਼ਾਲਾਂ ਨੇ ਉਸਦੀ ਸਾਧਾਰਨ ਸੁਰਤਿ ਨੂੰ ਕਿਵੇਂ ਉੱਚਾ ਚੁੱਕ ਦਿੱਤਾ ਸੀ। ਸ਼ਹਿਰ ਦੇ ਐਨ ਵਿਚਕਾਰ ਖਲੋਤਾ ਕੋਈ ਸ਼ਖਸ ਮਹਿਸੂਸ ਕਰ ਸਕਦਾ ਹੈ ਜਿਵੇਂ ਉਹ ਸਭਿਅਤਾ ਦੇ ਕੂੜ ਕਬਾੜ ਤੋਂ ਦੂਰ ਪਰ੍ਹੇ ਕਿਤੇ ਜੰਗਲ ਵਿਚਕਾਰ ਖਲੋਤਾ ਹੋਵੇ। ਸ਼ਾਂਤੀ ਅਤੇ ਨਿਰਮਲਤਾ ਇਉਂ ਪ੍ਰਗਟ ਕਰਨ ਵਿੱਚ ਚਾਹ ਉਸਤਾਦਾਂ ਦੀ ਮਹਾਨ ਪ੍ਰਤਿਭਾ ਦੇ ਦੀਦਾਰ ਹੁੰਦੇ ਹਨ। ਰੋਜੀ ਵਿੱਚੋਂ ਲੰਘਦਿਆਂ ਜਿਹੜੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ ਉਹ ਹੋਰਨਾਂ ਚਾਹ ਉਸਤਾਦਾਂ ਨਾਲੋਂ ਵੱਖਰੀਆਂ ਹੁੰਦੀਆਂ ਹਨ। ਰਿਕਯੂ ਵਾਂਗ ਕਈਆਂ ਨੇ ਇਕਾਂਤ ਨੂੰ ਮੰਜ਼ਲ ਜਾਣਦਿਆਂ ਦਾਅਵਾ ਕੀਤਾ ਕਿ ਰੋਜੀ ਬਣਾਉਣ ਦਾ ਭੇਦ ਇਸ ਪੁਰਾਤਨ ਗੀਤ ਵਿੱਚ ਹੈ:

ਦੂਰ ਨਜ਼ਰ ਮਾਰੀ
ਫੁੱਲ ਨਹੀਂ ਦਿਸੇ
ਨਾ ਰੰਗਦਾਰ ਪੱਤੇ।
ਸਾਗਰ ਕੰਢੇ
ਕੱਲੀਕਾਰੀ ਝੌਂਪੜੀ
ਪਤਝੜੀ ਸ਼ਾਮ ਵੇਲੇ
ਸਸਤਾਂਦੀ ਰੌਸ਼ਨੀ ਵਿਚਕਾਰ।

ਕੋਬੋਰੀ ਇਨਸ਼ੀਊ ਵਰਗੇ ਹੋਰ ਵਿਆਖਿਆਕਾਰ ਵੱਖਰੀ ਤਰ੍ਹਾਂ ਦੇ ਅਰਥ ਲੱਭਦੇ ਰਹੇ। ਇਨਸ਼ੀਊ ਨੇ ਕਿਹਾ ਕਿ ਬਾਗ ਦਾ ਰਸਤਾ ਇਸ ਪੰਕਤੀ ਵਿੱਚੋਂ ਲੱਭਿਆ ਜਾ ਸਕਦਾ ਹੈ :

ਗਰਮ ਰੁੱਤ ਦੇ ਰੁੱਖਾਂ ਦਾ ਝੁੰਡ

ਲੱਪ ਕੁ ਸਾਗਰ

ਸੰਧਿਆ ਵੇਲੇ ਦਾ ਸੁਨਹਿਰੀ ਚੰਦ।

ਇਸਦੇ ਅਰਥ ਲੱਭਣੇ ਮੁਸ਼ਕਲ ਕੰਮ ਨਹੀਂ। ਉਸਨੇ ਨਵੀਂ ਜਾਗੀ ਰੂਹ ਦਾ ਵਰਤਾਰਾ ਚਿਤ੍ਰਨਾ ਚਾਹਿਆ ਹੈ ਜਿਹੜੀ ਭੂਤਕਾਲੀ ਸੁਫ਼ਨਿਆਂ ਦੁਆਲੇ ਮੰਡਰਾ ਰਹੀ ਹੈ, ਤਾਂ ਵੀ ਇਹ ਰੂਹ ਮਧੁਰ ਅਧਿਆਤਮਕ ਰੌਸ਼ਨੀ ਦੀ ਮਿੱਠੀ ਦੈਵੀ ਨੀਂਦ ਵਿੱਚ ਨਹਾ ਰਹੀ ਹੈ ਤੇ ਵਿਸ਼ਾਲ ਫੈਲੇ ਪੁਲਾੜ ਵਿੱਚੋਂ ਮੁਕਤੀ ਲਈ ਤੜਪ ਰਹੀ ਹੈ।

ਤਿਆਰ ਬਰ ਤਿਆਰ ਹੋ ਕੇ ਚੁੱਪ ਚਾਪ ਮਹਿਮਾਨ ਪੂਜਾ ਸਥਲ ਵੱਲ ਜਾਏਗਾ। ਜੇ ਸਮੁਰਾਇ (ਜੰਗਬਾਜ਼, ਯੋਧਾ) ਹੈ, ਆਪਣੀ ਕਿਰਪਾਨ ਗੁਫਾ ਦੇ ਥੜ੍ਹੇ ਉੱਪਰ ਬਾਹਰ ਰੱਖ ਦਏਗਾ ਕਿਉਂਕਿ ਚਾਹਖਾਨਾ ਸ਼ਾਂਤੀ ਸਥਲ ਹੈ, ਫਿਰ ਉਹ ਝੁਕੇਗਾ ਤੇ ਦੂਹਰਾ ਹੋਇਆ ਨਿੱਕੇ ਦਰਵਾਜ਼ੇ ਵਿਚ ਦੀ ਅੰਦਰ ਲੰਘੇਗਾ ਜਿਹੜਾ ਤਿੰਨ ਫੁੱਟ ਤੋਂ ਵੱਧ ਉੱਚਾ ਨਹੀਂ ਹੁੰਦਾ। ਇਹ ਵਿਹਾਰ ਵੱਡੇ ਛੋਟੇ ਹਰੇਕ ਮਹਿਮਾਨ ਉੱਪਰ ਲਾਗੂ ਹੈ ਜੋ ਜਾਣਬੁੱਝ ਕੇ ਕੀਤਾ ਜਾਂਦਾ ਹੈ ਤਾਂ ਕਿ ਨਿਮਰਤਾ ਪਸਰੀ ਰਹੇ। ਕਿਸਨੇ ਕਿੱਥੇ ਬੈਠਣਾ ਹੈ, ਆਪਸ ਵਿੱਚ ਮਹਿਮਾਨ ਤੈਅ ਕਰ ਲੈਂਦੇ ਹਨ, ਇਕ ਇਕ ਕਰਕੇ ਖ਼ਾਮੋਸ਼ ਅੰਦਰ ਲੰਘਦੇ ਹਨ, ਆਪੇ ਆਪਣਾ ਥਾਂ ਗ੍ਰਹਿਣ ਕਰਦੇ ਹਨ। ਸਭ ਤੋਂ ਪਹਿਲਾਂ ਝੁਕ ਕੇ ਮੂਰਤੀ ਜਾਂ ਫੁੱਲਾਂ ਦੀ ਢੇਰੀ ਨੂੰ ਮੱਥਾ ਟੇਕਦੇ ਹਨ। ਜਦੋਂ ਤੱਕ ਸਾਰੇ ਮਹਿਮਾਨ ਅੰਦਰ ਨਹੀਂ ਲੰਘ ਜਾਂਦੇ ਮੇਜ਼ਬਾਨ ਬਾਹਰ ਰਹੇਗਾ, ਸਭ ਤੋਂ ਪਿੱਛੋਂ ਅੰਦਰ ਆਏਗਾ, ਲੋਹੇ ਦੀ ਪਤੀਲੀ ਵਿੱਚ ਉਬਲਦੀ ਚਾਹ ਦੀ ਆਵਾਜ਼ ਤੋਂ ਬਿਨਾਂ ਹੋਰ ਕੋਈ ਆਵਾਜ਼ ਨਹੀਂ ਹੋਵੇਗੀ। ਪਤੀਲੀ ਦੇ ਥੱਲੇ ਉੱਪਰ ਲੋਹੇ ਦੇ ਕੁਝ ਟੁੱਕੜੇ ਇਉਂ ਰੱਖੇ ਹੁੰਦੇ ਹਨ ਕਿ ਉਬਲਦੇ ਪਾਣੀ ਅੰਦਰ ਆਪੋ ਵਿੱਚ ਟਕਰਾ ਕੇ ਉਹ ਖਣਖਣਾਉਂਦੇ ਮਧੁਰ ਸੰਗੀਤ ਪੈਦਾ ਕਰਨ ਜਿਵੇਂ ਧੁੰਦ ਦੁਆਲੇ ਬੱਦਲ ਲਿਪਟੇ ਹੋਏ ਹੋਣ, ਜਿਵੇਂ ਦੂਰ ਪਰ੍ਹੇ ਸਮੁੰਦਰ ਚਟਾਨਾਂ ਨੂੰ ਤੋੜ ਰਿਹਾ ਹੋਵੇ, ਜਿਵੇਂ ਤਿੱਖੀ ਵਾਛੜ

ਬਾਂਸ ਦੇ ਜੰਗਲ ਨੂੰ ਢੂੰਝਦੀ ਹੋਵੇ ਜਾਂ ਜਿਵੇਂ ਦੂਰ ਪਹਾੜੀ ਉੱਪਰ ਚੀੜ ਦੇ ਰੁੱਖ ਸਿਸਕੀਆਂ ਭਰਦੇ ਹੋਣ।

ਚਾਹੇ ਦਿਨ ਹੋਵੇ, ਕਮਰੇ ਅੰਦਰ ਰੌਸ਼ਨੀ ਮੱਧਮ ਰਹੇਗੀ ਕਿਉਂਕਿ ਢਾਲਵੀਂ ਛੱਤ ਹੇਠਲੀ ਕਿਨਾਰੀ, ਸੂਰਜ ਦੀਆਂ ਬਸ ਥੋੜ੍ਹੀਆਂ ਕੁ ਕਿਰਨਾਂ ਅੰਦਰ ਲੰਘਣ ਦਿੰਦੀ ਹੈ। ਛੱਤ ਤੋਂ ਲੈ ਕੇ ਫਰਸ਼ ਤੱਕ ਹਰੇਕ ਚੀਜ਼ ਸਹਿਜ ਵਿਚ ਟਿਕੀ ਦਿੱਸੇਗੀ। ਮਹਿਮਾਨ ਖ਼ੁਦ ਸਮਝਦਾਰ ਹਨ ਕਿ ਸਾਦਾ ਲਿਬਾਸ ਪਹਿਨ ਕੇ ਆਉਣਾ ਹੈ, ਸ਼ੋਖ ਰੰਗ ਨਹੀਂ ਹੋਣਗੇ। ਉਮਰ ਦੀ ਪਕਿਆਈ ਦਾ ਸਵਾਗਤ ਹੈ, ਤੜਕ ਭੜਕ ਉੱਪਰ ਪੂਰਨ ਪਾਬੰਦੀ। ਬਸ ਬਾਂਸ ਦੀ ਕੜਛੀ ਅਤੇ ਸੂਤੀ ਰੁਮਾਲ, ਇਕਦਮ ਸਾਫ਼ ਅਤੇ ਸਫ਼ੈਦ। ਚਾਹਖਾਨਾ ਅਤੇ ਚਾਹ ਦਾ ਸਾਜ਼ੋ-ਸਾਮਾਨ ਜਿੰਨਾ ਮਰਜ਼ੀ ਪੁਰਾਣਾ, ਰੰਗਹੀਣ ਬੇਸ਼ਕ ਹੋਵੇ ਪਰ ਹੋਵੇ ਇਕਦਮ ਸਾਫ਼ ਸੁਥਰਾ। ਕਿਸੇ ਹਨੇਰੇ ਕੋਨੇ ਵਿੱਚ ਵੀ ਧੂੜ ਦਾ ਕਣ ਨਹੀਂ ਦਿਸਣਾ ਚਾਹੀਦਾ। ਜੇ ਧੂੜ ਦਿਸ ਪਈ, ਫਿਰ ਮੇਜ਼ਬਾਨ ਚਾਹ ਉਸਤਾਦ ਨਹੀਂ, ਹੋਰ ਜੋ ਮਰਜ਼ੀ ਹੋਵੇ। ਚਾਹ ਉਸਤਾਦ ਦਾ ਮੁਢਲਾ ਗੁਣ ਇਹ ਹੈ ਕਿ ਉਸਨੂੰ ਝਾੜੂ ਮਾਰਨਾ, ਬਰਤਣ ਧੋਣੇ ਤੇ ਸਫ਼ਾਈ ਕਰਨੀ ਆਉਂਦੀ ਹੋਵੇ ਕਿਉਂਕਿ ਸਫ਼ਾਈ ਕਰਨ, ਗਰਦ ਝਾੜਨ ਦੀ ਆਪਣੀ ਸੁਲੱਖਣੀ ਕਲਾ ਹੈ। ਧਾਤ ਦੀ ਕੋਈ ਯਾਦਗਾਰੀ ਪੁਰਾਤਨ ਵਸਤੂ ਨੂੰ ਹਾਬੜਿਆਂ ਵਾਂਗ ਉਸ ਤਰ੍ਹਾਂ ਨਹੀਂ ਚੁੱਕਣਾ, ਦੇਖਣਾ ਜਿਵੇਂ ਜਾਹਲ ਡੱਚ ਔਰਤ ਕਰਿਆ ਕਰਦੀ ਹੈ। ਮਰਤਬਾਨ ਵਿੱਚ ਉੱਗੇ ਬੂਟੇ ਦੇ ਫੁੱਲਾਂ ਵਿੱਚੋਂ ਤ੍ਰੇਲਬੂੰਦਾਂ ਡਿਗਦੀਆਂ ਦਿਸਣ, ਉਨ੍ਹਾਂ ਨੂੰ ਪੂੰਝਣ ਦੀ ਕੋਈ ਲੋੜ ਨਹੀਂ, ਤ੍ਰੇਲ ਬੂੰਦਾਂ ਅਤੇ ਠੰਢਕ ਦਾ ਸਵਾਗਤ ਹੈ।

ਚਾਹ ਉਸਤਾਦ ਸਫ਼ਾਈ ਨੂੰ ਕਿਸ ਨਜ਼ਰੀਏ ਨਾਲ ਦੇਖਦੇ ਹਨ ਇਸ ਬਾਰੇ ਰਿਕਯੂ ਦੀ ਸਾਖੀ ਦਾ ਬਿਆਨ ਦਰੁਸਤ ਹੈ। ਰਿਕਯੂ ਆਪਣੇ ਬੇਟੇ ਸ਼ੋਆਨ ਨੂੰ ਬਾਗ ਦੇ ਰਸਤੇ ਉੱਪਰ ਝਾੜੂ ਦਿੰਦਾ ਤੇ ਪਾਣੀ ਛਿੜਕਦਾ ਦੇਖ ਰਿਹਾ ਸੀ। ਰਿਕਯੂ ਨੇ ਕਿਹਾ- ਬੇਟੇ ਠੀਕ ਸਫ਼ਾਈ ਨਹੀਂ ਹੋਈ। ਸ਼ੋਆਨ ਤਾਂ ਆਪਣੇ ਵੱਲੋਂ ਕੰਮ ਮੁਕਾ ਚੁੱਕਾ ਸੀ ਪਰ ਆਖਾ ਮੰਨ ਕੇ ਫਿਰ ਝਾੜੂ ਮਾਰਨ ਲੱਗ ਪਿਆ। ਘੰਟਾ ਭਰ ਹੋਰ ਲਾ ਕੇ ਥੱਕੇ ਬੇਟੇ ਨੇ ਕਿਹਾ, -ਪਿਤਾ ਜੀ ਹੋਰ ਤਾਂ ਨਹੀਂ ਕੁਝ

ਕਰਨ ਵਾਲਾ ਰਿਹਾ ? ਪੌੜੀਆਂ ਤਿੰਨ ਵਾਰ ਧੋ ਦਿੱਤੀਆਂ, ਪੱਥਰ ਦੇ ਸ਼ਮਾਦਾਨ ਧੋ ਦਿੱਤੇ, ਦਰਖ਼ਤਾਂ ਦੇ ਤਣਿਆਂ ਉੱਪਰ ਪਾਣੀ ਤਰੌਂਕ ਦਿੱਤਾ, ਕਾਈ ਅਤੇ ਘਾਹ ਲਿਸ਼ਕਾ ਦਿੱਤੇ, ਕੋਈ ਡੱਕਾ, ਕੋਈ ਪੱਤਾ ਰਸਤੇ ਵਿੱਚ ਨਹੀਂ ਰਹਿਣ ਦਿੱਤਾ।

ਚਾਹ ਉਸਤਾਦ ਬੋਲਿਆ– ਓ ਕਮਲੇ ! ਬਾਗ ਦਾ ਰਸਤਾ ਇਉਂ ਸਾਫ਼ ਥੋੜ੍ਹਾ ਕਰੀਦੈ ! ਇਹ ਕਹਿਕੇ ਉਹ ਬਾਗ ਅੰਦਰ ਗਿਆ ਤੇ ਦਰਖ਼ਤਾਂ ਦੇ ਟਾਹਣੇ ਜ਼ੋਰ ਜ਼ੋਰ ਨਾਲ ਹਿਲਾ ਕੇ ਲਾਲ ਪੀਲੇ ਪੱਤੇ ਹੇਠਾਂ ਜ਼ਮੀਨ ਉੱਪਰ ਝਾੜ ਦਿੱਤੇ... ਪਤਝੜ ਦਾ ਝਰਨਾ ! ਰਿਕਯੂ ਨੂੰ ਕੇਵਲ ਸਫ਼ਾਈ ਨਹੀਂ ਸੀ ਚਾਹੀਦੀ, ਕੁਦਰਤ ਦੀ ਸੁੰਦਰਤਾ ਵੀ ਲੋੜੀਂਦੀ ਸੀ, ਪਤਝੜ ਦੀ ਸ਼ਾਨ।

ਸੁਫ਼ਨ–ਮਹਿਲ ਦਾ ਮਤਲਬ ਹੈ ਉਹ ਰਿਹਾਇਸ਼ ਜਿੱਥੇ ਬੰਦੇ ਦੀਆਂ ਕਲਾਮਤਕ ਲੋੜਾਂ ਦੀ ਪੂਰਤੀ ਹੋਵੇ। ਚਾਹਖਾਨਾ, ਮਾਲਕ ਦੀ ਸੇਵਾ ਕਰਨ ਵਾਸਤੇ ਹੁੰਦਾ ਹੈ ਨਾ ਕਿ ਮਾਲਕ ਚਾਹਖਾਨੇ ਦੀ ਸੇਵਾ ਕਰਦਾ ਰਹੇ। ਮਨਸ਼ਾ ਇਹ ਨਹੀਂ ਹੁੰਦੀ ਕਿ ਇਹ ਮੁੱਦਤ ਤੱਕ ਪੀੜ੍ਹੀਆਂ ਦੀ ਸੇਵਾ ਕਰਦਾ ਰਹੇ, ਸੋ ਆਰਜ਼ੀ ਹੁੰਦਾ ਹੈ। ਹਰੇਕ ਬੰਦੇ ਦਾ ਆਪਣਾ ਘਰ ਹੋਵੇ ਇਹ ਖਿਆਲ ਜਾਪਾਨੀ ਨਸਲ ਦੀ ਪੁਰਾਣੀ ਪਰੰਪਰਾ ਸ਼ਿੰਟੋ ਵਿੱਚੋਂ ਆਇਆ ਹੈ। ਵਿਸ਼ਵਾਸ ਹੁੰਦਾ ਸੀ ਜਦੋਂ ਵਡੇਰੇ ਮਾਲਕ ਦਾ ਦੇਹਾਂਤ ਹੋ ਜਾਵੇ, ਉਸਦੇ ਜਾਨਸ਼ੀਨ ਘਰ ਖਾਲੀ ਕਰ ਦੇਣ। ਇਸ ਪਰੰਪਰਾ ਨਾਲ ਸਿਹਤ ਸਫ਼ਾਈ ਦਾ ਕੋਈ ਕਾਰਨ ਜੁੜਿਆ ਵੀ ਹੋ ਸਕਦਾ ਹੈ। ਦੂਜਾ ਪੁਰਾਣਾ ਰਿਵਾਜ ਇਹ ਵੀ ਸੀ ਕਿ ਹਰੇਕ ਨਵ–ਵਿਵਾਹਿਤ ਜੋੜੇ ਵਾਸਤੇ ਨਵਾਂ ਘਰ ਚਾਹੀਦਾ ਹੈ। ਇਸ ਤਰ੍ਹਾਂ ਦੇ ਰਿਵਾਜ਼ਾਂ ਕਾਰਨ ਅਸੀਂ ਦੇਖਿਆ ਹੈ ਕਿ ਪੁਰਾਣੇ ਸਮੇਂ ਦੇਸ਼ ਦਾ ਨਵਾਂ ਹਾਕਮ ਅਕਸਰ ਆਪਣੀ ਰਾਜਧਾਨੀ ਬਦਲ ਲਿਆ ਕਰਦਾ ਸੀ। ਸੂਰਜ ਦੇਵੀ ਈਸੇ ਦਾ ਕੇਂਦਰੀ ਮੰਦਰ ਹਰ ਵੀਹ ਸਾਲ ਪਿੱਛੋਂ ਨਵਾਂ ਉਸਾਰਿਆ ਜਾਂਦਾ, ਇਹ ਸਭ ਉਸੇ ਸਨਾਤਨ ਦੀਆਂ ਨਿਸ਼ਾਨੀਆਂ ਹਨ ਜੋ ਹੁਣ ਤੱਕ ਚਲਦੀਆਂ ਆ ਰਹੀਆਂ ਹਨ। ਇਹੋ ਜਿਹੀਆਂ ਰਵਾਇਤਾਂ ਤਾਂ ਹੀ ਜਾਰੀ ਰਹਿ ਸਕਦੀਆਂ ਹਨ ਜੇ ਲੱਕੜ ਦੀ ਇਮਾਰਤਸਾਜ਼ੀ ਸਾਡੀ ਆਪਣੀ ਦੇਸੀ ਕਿਸਮ ਦੀ ਹੋਵੇ, ਤਾਂ ਕਿ ਪੁਰਾਣੀਆਂ

ਲੱਕੜਾਂ, ਸ਼ਤੀਰ ਉਖਾੜ ਦੇ ਉਨ੍ਹਾਂ ਨਾਲ ਹੀ ਕੁਝ ਨਵਾਂ ਉਸਾਰ ਲਿਆ ਜਾਵੇ। ਆਰਾਮ ਨਾਲ ਢਾਹੋ ਆਰਾਮ ਨਾਲ ਮੁੜ ਉਸਾਰ ਲਓ। ਇੱਟਾਂ ਪੱਥਰਾਂ ਨਾਲ ਬਣਾਏ ਮਕਾਨ ਹੋਣ, ਫੇਰ ਬਾਸ਼ਿੰਦੇ ਨਵੀਆਂ ਥਾਵਾਂ ਤੇ ਪੁਨਰਵਾਸ ਨਹੀਂ ਕਰ ਸਕਣਗੇ। ਨਾਰਾ ਯੁਗ ਵਿੱਚ ਜਦੋਂ ਅਸੀਂ ਚੀਨ ਦੀ ਤਰਜ਼ ਤੇ ਵਿਸ਼ਾਲ ਇਮਾਰਤਾਂ ਉਸਾਰ ਲਈਆਂ ਸਾਡੇ ਨਾਲ ਇਹੋ ਦੁਰਘਟਨਾ ਵਾਪਰੀ ਸੀ।

ਪੰਦਰਵੀਂ ਸਦੀ ਵਿੱਚ ਜਦੋਂ ਜ਼ੇਨ ਵਿਅਕਤੀਵਾਦ ਛਾ ਗਿਆ ਤਦ ਚਾਹਖਾਨੇ ਬਾਰੇ ਪੁਰਾਤਨ ਖਿਆਲ ਹੋਰ ਵੀ ਵਧੀਕ ਮਹੱਤਵਪੂਰਨ ਲੱਗਣ ਲੱਗੇ। ਬੋਧ ਛਿਣਕ ਸਿਧਾਂਤ ਜ਼ੇਨ ਉੱਪਰ ਅਸਰਅੰਦਾਜ਼ ਹੋਇਆ ਤਾਂ ਪਦਾਰਥ ਉੱਪਰ ਸਪਿਰਿਟ ਦੀ ਉਤਮਤਾ ਪ੍ਰਵਾਨ ਹੋਈ, ਫਲਸਰੂਪ, ਇਮਾਰਤ, ਜਿਸਮ ਦੀ ਰਿਹਾਇਸ਼ ਵਾਸਤੇ ਆਰਜ਼ੀ ਟਿਕਾਣਾ ਹੋ ਗਈ। ਜਿਸਮ ਆਪਣੇ ਆਪ ਵਿੱਚ ਜੰਗਲ ਵਿਚਲੀ ਝੌਂਪੜੀ ਹੈ ਜਿਹੜੀ ਕੱਖਾਂ ਕਾਨਿਆਂ, ਘਾਹ ਫੂਸ ਨੂੰ ਗੁੰਦ ਵਟ ਕੇ ਬਣਾ ਲਈ। ਜਦੋਂ ਇਨ੍ਹਾਂ ਕੱਖਾਂ ਕਾਨਿਆਂ ਦੁਆਲਿਉਂ ਵਲੇਟਿਆ ਗਿਆ ਫੂਸ ਖਿੰਡ ਗਿਆ ਤਦ ਇਹ ਇਧਰ ਉਧਰ ਮੁੜ ਖਿਲਰ ਜਾਏਗੀ। ਚਾਹਖਾਨੇ ਦੀ ਛੱਤ ਘਾਹ ਫੂਸ ਦੀ ਹੋਣ ਕਰਕੇ ਬਿਨਸਣਹਾਰ ਹੈ, ਪਤਲੇ ਥਮਲੇ ਕਮਜ਼ੋਰੀ ਦਾ ਸੰਕੇਤ ਹਨ, ਬਾਂਸ ਹਲਕੇਪਣ ਦੇ ਚਿੰਨ੍ਹ ਹਨ ਤੇ ਸਾਂਝੀ ਵਰਤੋਂ ਵਾਲਾ ਸਾਮਾਨ ਬੇਪ੍ਰਵਾਹੀ ਵੱਲ ਇਸ਼ਾਰਾ ਕਰਦਾ ਹੈ। ਇਸ ਸਾਦੇ ਆਲੇ ਦੁਆਲੇ ਵਿੱਚੋਂ ਅੰਤਰਆਤਮਾ ਆਪਣੇ ਸੌਂਦਰਯ ਅਤੇ ਨਿਰਮਲਤਾ ਦੀ ਸੂਖਮ ਰੌਸ਼ਨੀ ਰਾਹੀਂ ਅਨੰਤ ਦੀ ਪ੍ਰਾਪਤੀ ਕਰੇਗੀ।

ਚਾਹਖਾਨਾ ਜੇ ਕਿਸੇ ਬੰਦੇ ਦੀ ਨਿੱਜੀ ਪਸੰਦ ਮੁਤਾਬਕ ਬਣਾਇਆ ਜਾਵੇ ਤਦ ਇਹ ਕਲਾ ਸਿਧਾਂਤ ਨਾਲ ਜ਼ਿਆਦਤੀ ਹੈ। ਕਲਾ ਦਾ ਪੂਰਾ ਮੁੱਲ ਉਦੋਂ ਪੈਂਦਾ ਹੈ ਜਦੋਂ ਇਹ ਸਮਕਾਲੀ ਜੀਵਨ ਉੱਪਰ ਖਰੀ ਉਤਰੇ। ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਦਾਅਵਾ ਨਜ਼ਰਅੰਦਾਜ਼ ਕਰ ਦੇਈਏ ਅਜਿਹੀ ਕੋਈ ਗੱਲ ਨਹੀਂ, ਤਾਂ ਵੀ ਸਾਨੂੰ ਵਰਤਮਾਨ ਦਾ ਲੁਤਫ ਉਠਾਉਣਾ ਚਾਹੀਦਾ ਹੈ। ਭੂਤਕਾਲ ਦੀਆਂ ਕਲਾਕ੍ਰਿਤੀਆਂ ਦਾ ਨਿਰਾਦਰ ਨਹੀਂ ਕਰਨਾ, ਉਨ੍ਹਾਂ ਨੂੰ ਆਪਣੀ ਸੁਰਤ ਵਿੱਚ ਵਸਾ ਲਈਏ, ਸਮਾ ਲਈਏ। ਪਰੰਪਰਾਵਾਂ ਅਤੇ ਸੂਤਰਾਂ

ਦੇ ਗੁਲਾਮ ਹੋਣ ਨਾਲ ਇਮਾਰਤਸਾਜ਼ੀ ਵਿੱਚ ਨਿਜਵਾਦ ਦੇ ਲੱਛਣ ਪੈਦਾ ਹੁੰਦੇ ਹਨ। ਆਧੁਨਿਕ ਜਾਪਾਨ ਵਿੱਚ ਯੋਰਪੀਅਨ ਇਮਾਰਤਾਂ ਦੀ ਮੂਰਖਤਾਪੂਰਨ ਨਕਲ ਦੇਖ ਕੇ ਰੋਣ ਆਉਂਦਾ ਹੈ। ਹੈਰਾਨੀ ਹੁੰਦੀ ਹੈ ਪੱਛਮ ਦੀਆਂ ਅਤਿ ਪ੍ਰਗਤੀਸ਼ੀਲ ਕੌਮਾ ਦੀ ਭਵਨ ਨਿਰਮਾਣ ਕਲਾ ਮੌਲਿਕਤਾ ਤੋਂ ਸੱਖਣੀ ਹੈ, ਪੁਰਾਣੀ ਸ਼ੈਲੀ ਦੀ ਫ਼ਜ਼ੂਲ ਨਕਲ। ਅਸੀਂ ਆਰਟ ਦੇ ਲੋਕਤੰਤਰੀ ਯੁਗ ਵਿੱਚੋਂ ਲੰਘ ਰਹੇ ਹਾਂ ਤੇ ਇਹ ਵੀ ਉਡੀਕ ਕਰ ਰਹੇ ਹਾਂ ਕਿ ਕੋਈ ਸ਼ਾਹੀ ਉਸਤਾਦ, ਕੋਈ ਸ਼ਾਹਜ਼ਾਦਾ ਨਵੀਂ ਸਲਤਨਤ ਕਾਇਮ ਕਰ ਲਏ। ਚੰਗਾ ਹੁੰਦਾ ਅਸੀਂ ਆਪਣੇ ਪੂਰਵਜਾਂ ਦੀ ਨਕਲ ਘੱਟ, ਪਿਆਰ ਵਧੀਕ ਕਰਦੇ। ਕਿਹਾ ਜਾਂਦਾ ਹੈ ਯੂਨਾਨੀ ਇਸ ਕਰਕੇ ਮਹਾਨ ਸਨ ਕਿਉਂਕਿ ਉਨ੍ਹਾਂ ਨੇ ਪੁਰਾਤਨ ਦੀ ਨਕਲ ਨਹੀਂ ਕੀਤੀ।

ਇਕਾਂਤ-ਵਾਸ, ਸ਼ਬਦ ਤਾਉਵਾਦ ਦੇ ਸਰਬਸੰਪੰਨ ਸਿਧਾਂਤ ਨੂੰ ਤਾਂ ਪ੍ਰਗਟ ਕਰਦਾ ਹੀ ਹੈ, ਸਜਾਵਟ ਨਿਰੰਤਰ ਪਰਿਵਰਤਨਸ਼ੀਲ ਹੈ, ਵੱਲ ਵੀ ਇਸ਼ਾਰਾ ਕਰਦਾ ਹੈ। ਸਿਵਾਇ ਇਸਦੇ ਕਿ ਸੌਂਦਰਯ ਬੋਧ ਦੀ ਵਕਤੀ ਪ੍ਰਾਪਤੀ ਹੋ ਸਕੇ, ਉੱਥੇ ਕੁਝ ਸਾਮਾਨ ਰੱਖਿਆ ਜਾਂਦਾ ਹੈ ਵਰਨਾ ਚਾਹਖਾਨਾ ਪੂਰਨ ਖਾਲੀ ਕਮਰਾ ਹੁੰਦਾ ਹੈ। ਕਿਸੇ ਖ਼ਾਸ ਮੌਕੇ ਕੋਈ ਆਰਟ ਦੀ ਵਸਤੂ ਲਿਆਂਦੀ ਜਾ ਸਕਦੀ ਹੈ, ਬਾਕੀ ਸਭ ਕੁਝ ਚੁਣ ਕੇ ਸਜਾਇਆ ਜਾਂਦਾ ਹੈ ਤਾਂ ਕਿ ਨਿਸ਼ਚਿਤ ਆਸ਼ੇ ਦੀ ਪੂਰਤੀ ਹੋ ਸਕੇ। ਇਕੋ ਸਮੇਂ ਕੋਈ ਬੰਦਾ ਸੰਗੀਤ ਦੀਆਂ ਵੱਖ-ਵੱਖ ਧੁਨਾ ਨਹੀਂ ਸੁਣ ਸਕਦਾ, ਸੌਂਦਰਯ ਦਾ ਬੋਧ ਕੇਵਲ ਇਕ ਉੱਤੇ ਧਿਆਨ ਕੇਂਦਰਿਤ ਕਰਨ ਨਾਲ ਹੁੰਦਾ ਹੈ। ਇਸੇ ਕਰਕੇ ਸਾਡੇ ਚਾਹਖਾਨੇ ਵਿੱਚ ਸਜਾਵਟ ਦੀ ਸ਼ੈਲੀ ਪੱਛਮ ਨਾਲੋਂ ਬਿਲਕੁਲ ਵੱਖ ਹੈ। ਪੱਛਮ ਵਿਚ ਘਰ ਅੰਦਰਲਾ ਸਾਰਾ ਕੁਝ ਅਜਾਇਬ ਘਰ ਬਣਾ ਰੱਖਿਆ ਹੁੰਦਾ ਹੈ। ਸਾਦਗੀ ਦੀ ਆਦਤ ਅਤੇ ਲਗਾਤਾਰ ਸਜਾਵਟ ਦੇ ਤੌਰ ਤਰੀਕੇ ਬਦਲਦੇ ਰਹਿਣ ਦੀ ਜਾਪਾਨੀਆਂ ਦੀ ਆਦਤ ਹੈ ਪਰ ਪੱਛਮੀ ਘਰ ਅਨੇਕ ਤਸਵੀਰਾਂ, ਬੁੱਤਾਂ ਅਤੇ ਹੋਰ ਕਬਾੜ ਨਾਲ ਭਰਿਆ ਰਹਿੰਦਾ ਹੈ ਜੋ ਅਮੀਰੀ ਦੀ ਹੋਛੀ ਭੱਦੀ ਨੁਮਾਇਸ਼ ਦਾ ਰੁਹਬਦਾਬ ਹੈ। ਇਕੋ ਇਕ ਸ਼ਾਹਕਾਰ ਦੀ ਸਿਫ਼ਤ ਵਾਸਤੇ, ਆਨੰਦ ਲੈਣ

ਵਾਸਤੇ ਭਾਰੀ ਜੇਰਾ ਚਾਹੀਦਾ ਹੈ। ਇਨੇ ਰੰਗਾਂ, ਮੂਰਤਾਂ ਵਿੱਚ ਉਲਝੇ ਹੋਏ ਯੋਰਪੀਅਨ ਤੇ ਅਮਰੀਕਣ ਲੋਕ ਆਪਣੇ ਘਰਾਂ ਵਿੱਚ ਕਿਵੇਂ ਸੁਖਾਲੇ ਰਹਿੰਦੇ ਹੋਣਗੇ ?

ਉਘੜ ਦੁਘੜਾ ਘਰ, ਸਾਡੀ ਸਜਾਵਟ ਦੀ ਇਕ ਹੋਰ ਵਿਉਂਤ ਹੈ। ਪੱਛਮੀ ਆਲੋਚਕਾਂ ਦਾ ਧਿਆਨ ਸਾਡੇ ਆਰਟ ਵਿੱਚ ਇਕਸੁਰਤਾ ਦੀ ਅਣਹੋਂਦ ਵੱਲ ਗਿਆ ਹੈ। ਇਹ ਵੀ ਤਾਉ ਆਰਟ ਦਾ ਜ਼ੇਨਵਾਦ ਅੰਦਰ ਵਿਚਰਨ ਦਾ ਨਤੀਜਾ ਹੈ। ਕਨਫਿਊਸ਼ਿਅਸ ਦਾ ਗਹਿਰਾ ਦਵੈਤਵਾਦ, ਉਤਰੀ ਬੋਧਮਤਿ ਦੀ ਤ੍ਰੀਮੂਰਤੀ, ਪੂਜਾ ਇਕਸੁਰਤਾ ਦੇ ਕਿਵੇਂ ਵੀ ਵਿਰੋਧੀ ਨਹੀਂ ਹਨ। ਦਰਅਸਲ ਜੇ ਅਸੀਂ ਪੁਰਾਤਨ ਚੀਨ ਦੇ ਕਾਂਸੀ ਦੇ ਬੁੱਤਾਂ ਦਾ ਅਧਿਐਨ ਕਰੀਏ ਜਾਂ ਤਾਂਗ ਸਲਤਨਤ ਅਤੇ ਨਾਰਾ ਯੁਗ ਦਾ ਅਧਿਐਨ ਕਰੀਏ ਅਸੀਂ ਦੇਖਾਂਗੇ ਨਿਰੰਤਰ ਇਕਸੁਰਤਾ ਮੌਜੂਦ ਹੈ। ਸਾਡੇ ਘਰਾਂ ਵਿਚਲੀ ਸਜਾਵਟ ਨਿਰੰਤਰ ਸੁਚੱਜੇ ਪ੍ਰਬੰਧਨ ਦੀ ਗਵਾਹੀ ਭਰਦੀ ਹੈ। ਹਾਂ, ਸੰਪੂਰਨਤਾ ਬਾਰੇ ਤਾਓਵਾਦੀਆਂ ਅਤੇ ਜ਼ੇਨ-ਵਾਦੀਆਂ ਦੇ ਸੰਕਲਪ ਵੱਖ-ਵੱਖ ਸਨ। ਉਨ੍ਹਾਂ ਦੀ ਗਤੀਸ਼ੀਲ ਫਿਲਾਸਫੀ ਆਪਣਾ ਧਿਆਨ ਉਸ ਪ੍ਰਕਿਰਿਆ ਉੱਤੇ ਕੇਂਦਰਿਤ ਕਰਦੀ ਸੀ ਜਿਸ ਰਾਹੀਂ ਸੰਪੂਰਨਤਾ ਪ੍ਰਾਪਤ ਕੀਤੀ ਜਾਵੇ, ਨਾ ਕਿ ਸੰਪੂਰਨਤਾ ਉੱਤੇ ਵਿਜੇ। ਸੱਚੀ ਸੁੰਦਰਤਾ ਕੇਵਲ ਉਹੀ ਲੱਭੇਗਾ ਜਿਸਨੇ ਅਧੂਰੇ ਮਨ ਨੂੰ ਪੂਰਾ ਕਰ ਲਿਆ ਹੋਵੇ। ਜੀਵਨ ਅਤੇ ਕਲਾ ਉਦੋਂ ਨਿੱਗਰ ਹੋਣਗੇ ਜਦੋਂ ਉਨ੍ਹਾਂ ਵਿੱਚ ਵਿਕਾਸ ਦੀਆਂ ਸੰਭਾਵਨਾਵਾਂ ਹੋਈਆਂ। ਚਾਹਖਾਨੇ ਵਿੱਚ ਮੌਜੂਦ ਹਰੇਕ ਮਹਿਮਾਨ ਆਪ ਆਪਣੀ ਕਲਪਨਾ ਰਾਹੀਂ ਦਿਸਦੇ ਪ੍ਰਭਾਵ ਨੂੰ ਸੰਪੂਰਨ ਕਰੇ। ਅੱਜ ਜ਼ੇਨਵਾਦ ਵਿਚਾਰ ਆਤਮ ਪ੍ਰਗਟਾਵੇ ਦਾ ਸਾਧਨ ਬਣ ਗਿਆ ਹੈ ਇਸ ਕਰਕੇ ਜਾਣ ਬੁੱਝ ਕੇ ਸਮਰੂਪਤਾ ਤੋਂ ਬਚਿਆ ਜਾਂਦਾ ਹੈ ਕਿਉਂਕਿ ਚਾਹੀਦੀ ਸੰਪੂਰਨਤਾ ਸੀ ਪਰ ਹੋਣ ਲੱਗ ਪਿਆ ਸੀ ਦੁਹਰਾਉ। ਡਿਜ਼ਾਇਨ ਦੀ ਸਮਰੂਪਤਾ ਕਲਪਨਾ ਦੀ ਤਾਜ਼ਗੀ ਲਈ ਮਾਰੂ ਹੈ। ਇਸੇ ਕਰਕੇ ਚਿਤਰਕਾਰੀ ਵਿੱਚ ਮਨੁੱਖ ਨੂੰ ਕੇਂਦਰ ਵਿੱਚ ਰੱਖਣ ਦੀ ਥਾਂ ਵਿਸਤ੍ਰਿਤ ਮੈਦਾਨ, ਪੰਛੀ, ਫੁੱਲ ਪ੍ਰਗਟਾਵੇ ਦੇ ਮਾਧਿਅਮ

ਬਣ ਗਏ। ਮਨੁੱਖ ਵੀ ਹਾਜ਼ਰ ਰਹੇਗਾ ਪਰ ਦਰਸ਼ਕ ਦੇ ਰੂਪ ਵਿੱਚ। ਅਸੀਂ ਆਪਣੇ ਆਪ ਦੀ ਨੁਮਾਇਸ਼ ਵਧੇਰੀ ਲਾਉਣ ਲੱਗ ਪਏ ਹਾਂ। ਆਖਦੇ ਇਸਨੂੰ ਸ੍ਵੈਮਾਣ ਹਾਂ ਪਰ ਹੈ ਇਹ ਹੰਕਾਰ ਜਿਹੜਾ ਕਲਾ ਵਿੱਚ ਇਕਹਿਰਾ ਤੇ ਬੇਸੁਰਾ ਲਗਦਾ ਹੈ।

ਚਾਹਖਾਨੇ ਵਿੱਚ ਦੁਹਰਾਉ ਦਾ ਡਰ ਹਰ ਵਕਤ ਮੌਜੂਦ ਹੁੰਦਾ ਹੈ। ਕਮਰੇ ਵਿੱਚ ਸਜਾਵਟ ਲਈ ਰੱਖੀਆਂ ਵਸਤੂਆਂ ਇਸ ਤਰ੍ਹਾਂ ਚੁਣੀਆਂ ਜਾਣ ਕਿ ਰੰਗ ਅਤੇ ਆਕਾਰ ਦੁਹਰਾਏ ਨਾ ਗਏ ਹੋਣ। ਜੇ ਤੁਸੀਂ ਗਮਲੇ ਵਿੱਚ ਖਿੜੇ ਫੁੱਲਾਂ ਦਾ ਸਜੀਵ ਬੂਟਾ ਲਾ ਰੱਖਿਐ, ਫਿਰ ਉਸਦੇ ਨੇੜੇ ਫੁੱਲਾਂ ਦੀ ਤਸਵੀਰ ਨਾ ਹੋਵੇ। ਜੇ ਪਤੀਲੀ ਗੋਲ ਹੈ ਫਿਰ ਕੇਤਲੀ ਚੌਰਸ ਹੋਵੇ। ਚਾਹ ਦੀ ਪਿਆਲੀ ਕਾਲੇ ਰੰਗ ਦੀ ਹੈ ਤਦ ਪਿਆਲੀ ਰੱਖਣ ਲਈ ਮੇਜ਼ ਕਾਲੇ ਰੰਗ ਦੀ ਲਾਖ ਦਾ ਨਾ ਹੋਵੇ। ਧੂਪ ਦੀ ਕਟੋਰੀ ਕਾਨਸ ਦੇ ਐਨ ਵਿਚਕਾਰ ਨਹੀਂ ਰੱਖਣੀ, ਇਸ ਨਾਲ ਇਹ ਕਾਨਸ ਨੂੰ ਦੋ ਬਰਾਬਰ ਹਿੱਸਿਆਂ ਵਿੱਚ ਵੰਡ ਦਏਗੀ। ਕਾਨਸ ਦੇ ਥਮ੍ਹਲੇ ਉਸੇ ਲੱਕੜ ਦੇ ਬਣੇ ਹੋਏ ਨਾ ਹੋਣ ਜਿਹੜੀ ਲੱਕੜ ਦੇ ਬਾਕੀ ਥਮ੍ਹਲੇ ਬਣੇ ਹੋਏ ਹਨ ਤਾਂ ਕਿ ਕਮਰੇ ਵਿੱਚ ਸਮਰੂਪਤਾ ਦੀ ਸੁਸਤੀ ਨਾ ਦਿਸੇ।

ਜਾਪਾਨੀਆਂ ਦੇ ਘਰਾਂ ਦੀ ਅੰਦਰੂਨੀ ਸਜਾਵਟ ਪੱਛਮ ਨਾਲੋਂ ਵੱਖਰੀ ਹੈ ਜਿੱਥੇ ਸਾਰੀਆਂ ਚੀਜ਼ਾਂ ਟਿਕਾਣਿਆਂ ਉੱਪਰ ਨਿਸ਼ਚਿਤ ਕ੍ਰਮ ਵਿੱਚ ਰੱਖੀਆਂ ਹੁੰਦੀਆਂ ਹਨ। ਪੱਛਮੀ ਘਰਾਂ ਵਿੱਚ ਡਿਜ਼ਾਇਨ ਦਾ ਦੁਹਰਾਉ ਅਕਾ ਦਿੰਦਾ ਹੈ। ਜਦੋਂ ਉਸਦੇ ਘਰ ਵਿਚ ਅਸੀਂ ਗੋਰੇ ਨਾਲ ਗੱਲ ਕਰਨ ਲਗਦੇ ਹਾਂ, ਉਦੋਂ ਉਸਦੇ ਪਿੱਛੇ ਉਸੇ ਦੀ ਆਦਮਕੱਦ ਤਸਵੀਰ ਸਾਡੇ ਵੱਲ ਅੱਖਾਂ ਕੱਢਣ ਲੱਗਦੀ ਹੈ। ਸਾਨੂੰ ਪਤਾ ਨਹੀਂ ਲੱਗਦਾ ਦੋਹਾਂ ਵਿੱਚੋਂ ਕਿਹੜਾ ਅਸਲੀ ਹੈ, ਸਾਡੇ ਨਾਲ ਗੱਲਾਂ ਕਰਨ ਵਾਲਾ ਕਿ ਕੰਧ ਉੱਪਰ ਲਟਕਦਾ, ਇਨ੍ਹਾਂ ਦੋਹਾਂ ਵਿੱਚ ਇਕ ਤਾਂ ਯਕੀਨਨ ਫਰਾਡ ਹੈ ਹੀ। ਬਹੁਤ ਵਾਰ ਅਸੀਂ ਸੁਆਦਲੇ ਖਾਣੇ ਦੀ ਉਡੀਕ ਵਿੱਚ ਅਨੰਦ-ਮਗਨ ਬੈਠੇ ਹੁੰਦੇ ਹਾਂ ਕਿ ਕਮਰੇ ਦੀਆਂ ਕੰਧਾਂ ਚਿਤ੍ਰਕਾਰੀ ਨਾਲ ਭਰੀਆਂ ਪਈਆਂ ਦੇਖ ਕੇ ਸਾਡੇ ਪੇਟ ਵਿੱਚ ਧੁੜਧੁੜੀ ਛਿੜ ਜਾਂਦੀ ਹੈ।

ਸ਼ਿਕਾਰ ਖੇਡਣ ਦੀਆਂ, ਮੱਛੀਆਂ ਦੀਆਂ ਅਤੇ ਫਲਾਂ ਦੀਆਂ ਤਸਵੀਰਾਂ ਕਿਸ ਵਾਸਤੇ ਫਾਹੇ ਟੰਗ ਰੱਖੀਆਂ ਹਨ ? ਪਰਿਵਾਰ ਦੇ ਉਨ੍ਹਾਂ ਜੀਆਂ ਦੀਆਂ ਤਸਵੀਰਾਂ ਜਿਹੜੇ ਇੱਥੇ ਬੈਠ ਕੇ ਖਾਣਾ ਖਾਇਆ ਕਰਦੇ ਸਨ ਤੇ ਖਾਂਦੇ ਪੀਂਦੇ ਮਰ ਗਏ, ਉਨ੍ਹਾਂ ਦੀ ਨੁਮਾਇਸ਼ ਕਿਸ ਵਾਸਤੇ ?

ਸਾਦਗੀ, ਸ਼ਾਇਸਤਗੀ ਅਤੇ ਦੁਨੀਆਦਾਰੀ ਦੇ ਜੰਜਾਲ ਤੋਂ ਮੁਕਤ ਕਰਨ ਵਾਲੀ ਪਵਿੱਤਰ ਥਾਂ ਦਾ ਨਾਮ ਚਾਹਖਾਨਾ ਹੈ। ਅਨੰਤ ਸੌਂਦਰਯ ਉੱਤੇ ਧਿਆਨ ਧਰਕੇ ਇਕਾਂਤਵਾਸ ਵਾਸਤੇ ਇਹੋ ਇਕ ਥਾਂ ਹੈ। ਜਿਹੜੇ ਜੰਗਬਾਜ਼ ਅਤੇ ਸਿਆਸਤਦਾਨ ਸੋਲ੍ਹਵੀਂ ਸਦੀ ਵਿੱਚ ਜਾਪਾਨ ਨੂੰ ਸੰਗਠਿਤ ਅਤੇ ਪੁਨਰ ਨਿਰਮਾਣਿਤ ਕਰਨ ਲਈ ਪਸੀਨੋ ਪਸੀਨਾ ਹੁੰਦੇ ਰਹਿੰਦੇ ਸਨ, ਚਾਹਖਾਨਾ ਉਨ੍ਹਾਂ ਵਾਸਤੇ ਰਾਹਤ, ਆਰਾਮਗਾਹ ਅਤੇ ਵਰਦਾਨ ਹੁੰਦਾ ਸੀ। ਸਤਾਰ੍ਹਵੀਂ ਸਦੀ ਵਿੱਚ ਤੋਕੂਗਾਵਾ ਹਕੂਮਤ ਵਿਕਸਿਤ ਹੋ ਗਈ, ਇਸਨੇ ਕਲਾਤਮਿਕ ਰੁਝਾਣ ਦੇ ਪ੍ਰਗਟਾਵੇ ਵਾਸਤੇ ਸੰਭਵ ਮੌਕੇ ਦਿੱਤੇ। ਜਦੋਂ ਆਰਟ ਦੇ ਮਹਾਨ ਕੰਮ ਦਾ ਮਸਲਾ ਹੁੰਦਾ ਉਦੋਂ ਦਾਇਮੀਓਂ, ਸਮੁਰਾਇ ਅਤੇ ਆਮ ਆਦਮੀ ਵਿੱਚ ਕੋਈ ਫਰਕ ਨਾ ਕੀਤਾ ਜਾਂਦਾ। ਹੁਣ ਉਦਯੋਗੀਕਰਨ ਦੇ ਸਮੇਂ ਸਾਰੇ ਸੰਸਾਰ ਅੰਦਰ ਸੂਖਮਤਾ ਦੁਰਲਭ ਹੁੰਦੀ ਜਾ ਰਹੀ ਹੈ। ਕੀ ਹੁਣ ਸਾਨੂੰ ਚਾਹਖਾਨੇ ਦੀ ਲੋੜ ਪਹਿਲਾਂ ਨਾਲੋਂ ਵਧੀਕ ਨਹੀਂ ਹੈ ?



— ਅਧਿਆਇ ਪੰਜਵਾਂ —

ਕਲਾ ਦਾ ਸੁਹਜ ਸੁਆਦ

ਤੁਸੀਂ ਤਾਉਵਾਦੀ ਸਾਖੀ, *ਵੀਣਾ ਦਾ ਵਸੀਕਰਣ* ਸੁਣੀ ਹੈ ?

ਬਹੁਤ ਪੁਰਾਣੇ ਸਮੇਂ ਲੁੰਗਮੇਂ ਦੀ ਨਦੀ ਕਿਨਾਰੇ ਕਿਰੀ ਨਾਮ ਦਾ ਦਰਖ਼ਤ ਹੋਇਆ ਕਰਦਾ ਸੀ, ਜੰਗਲ ਦਾ ਅਸਲੀ ਰਾਜਾ। ਸਿਰ ਉੱਚਾ ਕਰਕੇ ਉਹ ਤਾਰਿਆਂ ਨਾਲ ਗੱਲਾਂ ਕਰਿਆ ਕਰਦਾ, ਇਸਦੀਆਂ ਸੁਨਹਿਰੀ ਜੜ੍ਹਾਂ ਪਤਾਲ ਤੱਕ ਪੁੱਜ ਕੇ ਸੁੱਤੇ ਹੋਏ ਚਾਂਦੀ ਰੰਗੇ ਅਜਗਰ ਦੀ ਕੁੰਡਲੀ ਦੁਆਲੇ ਵਲ ਪਾ ਲੈਂਦੀਆਂ। ਸਮਾਂ ਬੀਤਦਾ ਗਿਆ ਤੇ ਹੋਇਆ ਇਹ ਕਿ ਤਾਕਤਵਰ ਜਾਦੂਗਰ ਨੇ ਆ ਕੇ ਇਸ ਦਰਖ਼ਤ ਨੂੰ ਅਦਭੁਤ ਵੀਣਾ ਵਿੱਚ ਬਦਲ ਦਿੱਤਾ। ਦਰਖ਼ਤ ਦੀ ਹਠੀ ਰੂਹ ਸਿਧਾਈ ਤਾਂ ਜਾ ਸਕਦੀ ਸੀ ਪਰ ਕਿਸੇ ਮਹਾਨਤਮ ਸੰਗੀਤਕਾਰ ਦੁਆਰਾ। ਲੰਮੇ ਅਰਸੇ ਤੱਕ ਸਾਜ਼ ਚੀਨੀ ਬਾਦਸ਼ਾਹ ਦੇ ਖ਼ਜ਼ਾਨੇ ਵਿੱਚ ਬੰਦ ਪਿਆ ਰਿਹਾ। ਜਿੰਨੇ ਵੀ ਸਾਜਿੰਦੇ ਆਏ, ਵਜਾਣ ਦੇ ਯਤਨ ਕੀਤੇ ਪਰ ਇਹ ਕਿੱਥੇ ਸੀ ਕਿਸੇ ਦੇ ਕਾਬੂ ਵਿੱਚ ਆਉਣ ਵਾਲਾ ? ਜਦੋਂ ਉਸਤਾਦ ਇਸਨੂੰ ਵਜਾਉਣ ਦਾ ਯਤਨ ਕਰਦੇ, ਬੇਸੁਰੀਆਂ ਆਵਾਜ਼ਾਂ ਨਿਕਲਦੀਆਂ, ਗਾਉਣ ਵਾਲੇ ਦੇ ਸੁਰ ਨਾਲ ਸੁਰ ਮਿਲਦੇ ਹੀ ਨਾ। ਵੀਣਾ ਨੇ ਕਿਸੇ ਉਸਤਾਦ ਦੀ ਈਨ ਨਹੀਂ ਮੰਨੀ।

ਆਖ਼ਰ ਵੀਣਾਵਾਦਕਾਂ ਦਾ ਸ਼ਾਹਜ਼ਾਦਾ ਉਸਤਾਦ ਪਾਈ ਯਾ ਉਥੇ ਪੁੱਜਾ। ਵੀਣਾ ਉੱਪਰ ਉਸਨੇ ਆਪਣਾ ਕੂਲਾ ਹੱਥ ਇਉਂ ਫੇਰਿਆ ਜਿਵੇਂ ਅਥਰੇ ਘੋੜੇ ਨੂੰ ਪਲੋਸੀਦਾ ਹੈ। ਪੋਲੀਆਂ ਉਂਗਲਾਂ ਦੀ ਸੂਖਮਤਾ ਨਾਲ ਤਾਰਾਂ ਛੁਹੀਆਂ। ਉਸਨੇ ਜਦੋਂ ਕੁਦਰਤ ਦਾ, ਮੌਸਮਾਂ ਦਾ, ਪਹਾੜਾਂ, ਝਰਨਿਆਂ ਦਾ ਗੀਤ

ਗਾਇਆ, ਦਰਖ਼ਤ ਦੀਆਂ ਸੁੱਤੀਆਂ ਯਾਦਾਂ ਜਾਗ ਪਈਆਂ। ਬਸੰਤ ਰੁੱਤ ਦਾ ਮਿੱਠਾ ਸਾਹ ਉਸਦੀਆਂ ਟਾਹਣੀਆਂ ਵਿੱਚੋਂ ਸਰਸਰਾਉਣ ਲੱਗਾ। ਨਦੀ ਵਿਚਲੇ ਅੱਲ੍ਹੜ ਝਰਨੇ, ਖਿੜੇ ਫੁੱਲਾਂ ਨੂੰ ਦੇਖ ਕੇ ਉਨ੍ਹਾਂ ਉੱਪਰ ਹੱਸਣ ਲੱਗੇ। ਫਿਰ ਇਕਦਮ ਗਰਮੀ ਅਤੇ ਇਸਦੇ ਅਦਭੁਤ ਬੀਂਡਿਆਂ ਦੀਆਂ ਸੁਫਨਮਈ ਆਵਾਜ਼ਾਂ ਆਉਣ ਲੱਗੀਆਂ, ਕਣੀਆਂ ਦੀ ਟੱਪ ਟੱਪ, ਕੋਇਲ ਦੀ ਹੂਕ। ਅਹਾ ਹਾਹਾ, ਚੀਤੇ ਦੀ ਗਰਜ ਨਾਲ ਵਾਦੀ ਗੂੰਜਦੀ, ਜਵਾਬ ਦੇ ਰਹੀ। ਲਉ, ਇਸ ਪਿੱਛੋਂ ਪਤਝੜ, ਮਾਰੂਥਲ ਦੀ ਰਾਤ, ਤ੍ਰੇਲ ਬੂੰਦਾਂ ਨਾਲ ਭਿੱਜੇ ਘਾਹ ਉੱਤੇ ਤਲਵਾਰ ਵਰਗਾ ਤਿੱਖਾ ਚੰਦਰਮਾ ਪ੍ਰਗਟ!

ਲਉ ਹੁਣ ਸਰਦ ਰੁੱਤ ਦਾ ਰਾਜ, ਬਰਫਾਨੀ ਹਵਾ ਵਿੱਚ ਤੈਰਦੇ ਹੰਸਾਂ ਦੇ ਝੁੰਡ, ਗੜਗੜਾਉਂਦੇ ਹੋਏ ਗੜ੍ਹੇ ਜਾਂਗਲੀ ਖ਼ੁਸ਼ੀ ਨਾਲ ਦੂਹਰੇ ਹੋ ਹੋ ਝਾੜੀਆਂ ਨੂੰ ਕੁੱਟ ਰਹੇ, ਪਟਕਾ ਰਹੇ!

ਫੇਰ ਪਾਈ ਯਾ ਨੇ ਸਰਗਮ ਬਦਲੀ ਤੇ ਪਿਆਰ ਦਾ ਗੀਤ ਗਾਇਆ। ਆਪਣੇ ਖ਼ਿਆਲਾਂ ਵਿੱਚ ਡੁੱਬਾ ਹੋਇਆ ਪੂਰਾ ਜੰਗਲ ਵਿਸਮਾਦਿਤ ਗਡਰੀਏ ਵਾਂਗ ਝੂਮਣ ਲੱਗਾ। ਮਾਣਮੱਤੀ ਨੱਢੀ ਵਾਂਗ ਚਮਕੀਲਾ ਬੱਦਲ ਹੂੰਝਾ ਫੇਰਦਾ ਜ਼ਮੀਨ ਉੱਪਰ ਲੰਮੇ ਕਾਲੇ ਉਦਾਸ ਪਰਛਾਵੇਂ ਵਿਛਾਉਂਦਾ ਗਿਆ ਲੰਘਿਆ। ਮੁੜ ਫੇਰ ਸਰਗਮ ਬਦਲੀ, ਪਾਈ ਯਾ ਨੇ ਬੀਰ ਰਸ ਵਿੱਚ ਯੁੱਧ ਦਾ ਗੀਤ ਗਾਇਆ, ਕਿਰਪਾਨਾਂ ਦੀ ਖਣਕ ਅਤੇ ਘੋੜਿਆਂ ਦੇ ਪੌੜਾਂ ਦੀਆਂ ਟਾੱਪਾਂ...! ਫਿਰ ਵੀਣਾ ਵਿੱਚੋਂ ਲੁੰਗਮੇਂ ਤੂਫ਼ਾਨ ਉਠਿਆ, ਅਜਗਰ ਬਿਜਲੀਆਂ ਉੱਪਰ ਸਵਾਰ ਹੋ ਗਿਆ, ਗੱਜਦੇ ਹੋਏ ਬਰਫ ਦੇ ਤੋਦੇ ਪਰਬਤ ਤੋੜਨ ਲੱਗੇ। ਵਿਸਮਾਦਿਤ ਹੋਏ ਬਾਦਸ਼ਾਹ ਨੇ ਪਾਈ ਯਾ ਨੂੰ ਪੁੱਛਿਆ ਕਿ ਉਸ ਦੀ ਫਤਿਹ ਪਿੱਛੇ ਰਾਜ਼ ਕੀ ਹੈ? ਉਸਨੇ ਕਿਹਾ– ਮਹਾਰਾਜ, ਦੂਜੇ ਉਸਤਾਦ ਕਾਮਯਾਬ ਨਹੀਂ ਹੋਏ ਕਿਉਂਕਿ ਗਾਉਣ ਵੇਲੇ ਉਨ੍ਹਾਂ ਨੇ ਮਨਮਰਜ਼ੀ ਕੀਤੀ। ਮੈਂ ਫੈਸਲਾ ਵੀਣਾ ਉੱਪਰ ਛੱਡ ਦਿੱਤਾ। ਮੈਨੂੰ ਪਤਾ ਈ ਨਾ ਲੱਗਾ ਕਿ ਪਾਈ ਯਾ ਵੀਣਾ ਹੈ ਕਿ ਵੀਣਾ ਪਾਈ ਯਾ ਹੈ।

ਇਹ ਸਾਖੀ ਕਲਾ ਦੇ ਸੁਹਜ ਸੁਆਦ ਦਾ ਰਹੱਸ ਚੰਗੀ ਤਰ੍ਹਾਂ ਬਿਆਨ

ਕਰਦੀ ਹੈ। ਸ਼ਾਹਕਾਰ ਉਹ ਧੁਨ ਹੁੰਦੀ ਹੈ ਜਿਹੜੀ ਸਾਡੀਆਂ ਮਹੀਨਤਮ ਭਾਵਨਾਵਾਂ ਉੱਪਰ ਵਜਦੀ ਹੈ। ਦੈਵੀ ਆਰਟ ਪਾਈ ਯਾ ਹੈ ਅਤੇ ਅਸੀਂ ਲੁੰਗਮੇਂ ਦੀ ਵੀਣਾ। ਸੌਂਦਰਯ ਦੀ ਜਾਦੂਈ ਛੁਹ ਨਾਲ ਸਾਡੀ ਹੋਂਦ ਦੀਆਂ ਤਾਰਾਂ ਸਜੀਵ ਹੋ ਜਾਂਦੀਆਂ ਹਨ, ਅਸੀਂ ਮਾਹੀ ਦੀ ਸੱਦ ਨਾਲ ਥਰਕਦੇ ਹੋਏ ਜਾਗ ਪੈਂਦੇ ਹਾਂ। ਦਿਲ, ਦਿਲ ਦਾ ਹੁੰਗਾਰਾ ਭਰਦਾ ਹੈ। ਅਸੀਂ ਅਕੱਥ ਨੂੰ ਸੁਣਦੇ ਹਾਂ, ਅਦਿੱਖ ਨੂੰ ਦੇਖਦੇ ਹਾਂ। ਉਸਤਾਦ ਉਹ ਸੁਨੇਹੜੇ ਭੇਜਦਾ ਹੈ ਜਿਨ੍ਹਾਂ ਦਾ ਸਾਨੂੰ ਪਤਾ ਨਹੀਂ ਲਗਦਾ। ਭੁੱਲੀਆਂ ਵਿਸਰੀਆਂ ਯਾਦਾਂ ਨਵੇਂ ਮਾਇਨਿਆਂ ਨਾਲ ਵਾਪਸ ਮੁੜਦੀਆਂ ਹਨ। ਦਬੀਆਂ ਉਮੀਦਾਂ, ਡਰ ਸਦਕਾ ਜਿਨ੍ਹਾਂ ਨੂੰ ਪਛਾਣਨ ਦਾ ਹੌਂਸਲਾ ਨਹੀਂ ਹੁੰਦਾ ਸੀ, ਨਵੀਂ ਸ਼ਾਨ ਨਾਲ ਸਾਹਮਣੇ ਆ ਖਲੋਂਦੀਆਂ ਹਨ। ਸਾਡਾ ਮਨ ਕੈਨਵਸ ਹੈ ਜਿਸ ਉੱਪਰ ਚਿਤ੍ਰਕਾਰ ਰੰਗ ਵਿਛਾਉਂਦਾ ਹੈ, ਰੰਗਾਂ ਦੀ ਆਭਾ ਸਾਡੇ ਜਜ਼ਬਾਤ ਹਨ, ਉਨ੍ਹਾਂ ਦੀਆਂ ਧੁੱਪਾਂ ਛਾਵਾਂ ਸਾਡੀਆਂ ਖ਼ੁਸ਼ੀਆਂ ਗਮੀਆਂ। ਅਸੀਂ ਆਪ ਸ਼ਾਹਕਾਰ ਹਾਂ ਤੇ ਸ਼ਾਹਕਾਰ ਸਾਡਾ ਆਪਾ, ਸਾਡਾ ਵਜੂਦ ਹੈ।

ਆਰਟ ਦਾ ਸੁਹਜ ਸੁਆਦ ਮਾਣਨ ਵਾਸਤੇ ਆਪਸੀ ਇਕਸੁਰਤਾ ਉੱਪਰ ਆਧਾਰਿਤ ਮਨਾਂ ਦਾ ਮਰਮ ਸੰਚਾਰ ਜ਼ਰੂਰੀ ਹੈ। ਸੰਦੇਸ਼ ਪ੍ਰਾਪਤ ਕਿਵੇਂ ਕਰਨਾ ਹੈ, ਦਰਸ਼ਕ ਉਡੀਕਵਾਨ ਹੋਵੇ ਅਤੇ ਕਲਾਕਾਰ ਨੂੰ ਪਤਾ ਹੋਵੇ ਸੁਨੇਹਾ ਦੇਣਾ ਕਿਵੇਂ ਹੈ। ਚਾਹ ਉਸਤਾਦ ਕੋਬੋਰੀ ਇੰਸ਼ੂ ਜੋ ਜ਼ਿਮੀਦਾਰ ਸੀ, ਸਾਨੂੰ ਯਾਦਗਾਰੀ ਸੁਨੇਹਾ ਦੇ ਗਿਆ ਹੈ,"ਮਹਾਨ ਪੇਂਟਿੰਗ ਕੋਲ ਇਸ ਤਰ੍ਹਾਂ ਜਾਉ ਜਿਵੇਂ ਤੁਸੀਂ ਕਿਸੇ ਮਹਾਨ ਸ਼ਾਹਜ਼ਾਦੇ ਨਾਲ ਮੁਲਾਕਾਤ ਕਰਨੀ ਹੋਵੇ।"ਸ਼ਾਹਕਾਰ ਦੀ ਥਾਹ ਪਾਉਣ ਵਾਸਤੇ ਇਸ ਅਗੇ ਝੁਕੋ ਤੇ ਸਾਹ ਰੋਕ ਕੇ ਸੁਣੋ ਇਹ ਕਹਿੰਦਾ ਕੀ ਹੈ। ਪ੍ਰਸਿੱਧ ਸੁੰਗ ਆਲੋਚਕ ਨੇ ਦਿਲਚਸਪ ਇਕਬਾਲੀਆ ਬਿਆਨ ਦਿੱਤਾ ਸੀ,"ਜਦ ਮੈਂ ਜੁਆਨ ਸਾਂ ਮੈਂ ਉਸ ਉਸਤਾਦ ਦੀਆਂ ਸਿਫ਼ਤਾਂ ਕਰਦਾ ਜਿਸ ਦੀਆਂ ਤਸਵੀਰਾਂ ਮੈਨੂੰ ਚੰਗੀਆਂ ਲਗਦੀਆਂ, ਹੌਲੀ-ਹੌਲੀ ਜਦੋਂ ਸਿਆਣਾ ਹੁੰਦਾ ਗਿਆ ਮੈਂ ਆਪਣੇ ਆਪ ਦੀ ਪ੍ਰਸ਼ੰਸਾ ਕਰਨ ਲੱਗਾ ਕਿ ਉਸਤਾਦ ਨੇ ਮੈਨੂੰ ਉਸਦੀ ਕਿਰਤ ਦੀ ਸਿਫਤ ਕਰਨ ਵਾਸਤੇ ਚੁਣ ਲਿਆ।" ਅਫਸੋਸ,

ਕਿੰਨੇ ਕੁ ਹਨ ਸਾਡੇ ਵਿੱਚ ਜਿਹੜੇ ਉਸਤਾਦ ਦਾ ਮੂਡ ਜਾਣਨ ਦੀ ਤਕਲੀਫ ਉਠਾਣ ? ਆਪਣੀ ਸਿਧ ਪੱਧਰੀ ਅਗਿਆਨਤਾ ਕਾਰਨ ਅਸੀਂ ਉਸਦੀ ਮਾਮੂਲੀ ਉਸਤਤਿ ਕਰਨ ਜੋਗੇ ਵੀ ਨਹੀਂ ਜਿਸ ਕਰਕੇ ਸਾਡੇ ਆਲੇ ਦੁਆਲੇ ਅੱਖਾਂ ਸਾਹਮਣੇ ਪਏ ਮਹਿੰਗੇ ਪ੍ਰਸ਼ਾਦ ਨੂੰ ਚੱਖਣੋ ਵੰਚਿਤ ਰਹਿ ਜਾਂਦੇ ਹਾਂ। ਦੇਣ ਵਾਸਤੇ ਉਸਤਾਦ ਕੋਲ ਹਰ ਵਕਤ ਬਖ਼ਸ਼ਿਸ਼ ਹੋਇਆ ਕਰਦੀ ਹੈ ਪਰ ਅਸੀਂ ਭੁੱਖੇ ਪਰਤ ਆਉਂਦੇ ਹਾਂ ਕਿਉਂਕਿ ਸਾਡੇ ਕੋਲ ਕਟੋਰਾ ਨਹੀਂ।

ਜਜ਼ਬਿਆਂ ਨਾਲ ਸ਼ਰਸਾਰ ਦਿਲ ਵਾਲੇ ਬੰਦੇ ਵਾਸਤੇ ਸ਼ਾਹਕਾਰ ਸਜੀਵ ਸੱਚ ਹੋ ਜਾਂਦਾ ਹੈ ਜਿਸ ਵਲ ਬੰਨ੍ਹੇ ਹੋਏ ਅਸੀਂ ਖਿੱਚੇ ਤੁਰੇ ਜਾਂਦੇ ਹਾਂ। ਉਸਤਾਦ ਅਮਰ ਹਨ ਕਿਉਂਕਿ ਉਨ੍ਹਾਂ ਦਾ ਪਿਆਰ ਅਤੇ ਭੈਅ ਸਾਡੇ ਵਿਚਕਾਰ ਬਾਰ ਬਾਰ ਆਉਂਦਾ ਹੈ। ਹੱਥ ਨਹੀਂ, ਆਤਮਾ, ਕਾਰੀਗਰੀ ਨਹੀਂ, ਆਦਮੀ ਸਾਨੂੰ ਮੋਂਹਦਾ ਹੈ। ਜਿੰਨਾ ਹਮਦਰਦੀ ਭਰਿਆ ਸੱਦਾ, ਉਨਾ ਡੂੰਘਾ ਸਾਡਾ ਪ੍ਰਤੀਕਰਮ। ਉਸਤਾਦ ਅਤੇ ਸਾਡੇ ਵਿਚਕਾਰ ਇਹ ਰਹੱਸਮਈ ਸਹਿਮਤੀ ਹੁੰਦੀ ਹੈ ਕਿ ਕਵਿਤਾ ਜਾਂ ਰੋਮਾਂਸ ਵਿੱਚ ਅਸੀਂ ਨਾਇਕ ਨਾਇਕਾ ਨਾਲ ਹੱਸਦੇ ਰੋਂਦੇ ਹਾਂ। ਸਾਡੇ ਜਾਪਾਨੀ ਸ਼ੇਕਸਪੀਅਰ ਚਿਕਮਾਸੂ ਨੇ ਆਪਣੇ ਨਾਟਕ ਦੀ ਬਣਤਰ ਦਾ ਪਹਿਲਾ ਅਸੂਲ ਇਹ ਦਿੱਤਾ ਹੈ ਕਿ ਦਰਸ਼ਕ, ਲੇਖਕ ਦੇ ਭਰੋਸੇ ਵਿੱਚ ਆ ਜਾਣ, ਇਕਸੁਰ ਹੋ ਜਾਣ। ਉਸਦੇ ਬਥੇਰੇ ਸ਼ਾਗਿਰਦਾਂ ਨੇ ਪ੍ਰਵਾਨਗੀ ਵਾਸਤੇ ਉਸਨੂੰ ਆਪੋ ਆਪਣੇ ਨਾਟਕ ਦਿੱਤੇ। ਉਸਨੂੰ ਕੇਵਲ ਇਕ ਟੋਟਾ ਪਸੰਦ ਆਇਆ। ਇਹ ਇਕ ਨਾਟਕ ਸੀ ਜਿਹੜਾ Comedy of Errors ਨਾਲ ਕੁਝ ਕੁਝ ਮਿਲਦਾ ਜੁਲਦਾ ਸੀ। ਇਸ ਵਿੱਚ ਇਕੋ ਜਿਹੀ ਸ਼ਕਲ ਹੋਣ ਕਾਰਨ ਦੋ ਜੌੜੇ ਭਰਾ ਦੁੱਖ ਭੋਗਦੇ ਹਨ। ਚਿਕਮਾਸੂ ਨੇ ਕਿਹਾ, "ਇਹ ਹੈ ਨਾਟਕ ਦੀ ਸਹੀ ਰੂਹ ਕਿਉਂਕਿ ਇਸ ਨੂੰ ਪਤਾ ਹੈ ਦਰਸ਼ਕ ਕਿੰਨੇ ਉੱਚੇ, ਕਿੰਨੇ ਸੂਖਮ ਹੁੰਦੇ ਹਨ। ਨਾਟਕ ਬਾਰੇ ਦਰਸ਼ਕ ਇੰਨਾ ਕੁਝ ਜਾਣਦੇ ਹੁੰਦੇ ਹਨ ਜਿੰਨਾ ਐਕਟਰ ਨਹੀਂ ਜਾਣਦੇ। ਦਰਸ਼ਕਾਂ ਨੂੰ ਪਤਾ ਲੱਗ ਜਾਂਦਾ ਹੈ ਐਕਟਰ ਕਿੱਥੇ ਗਲਤੀ ਕਰ ਰਹੇ ਹਨ ਤੇ ਤਰਸ ਜਤਾਉਂਦੇ ਹਨ, ਦਇਆ ਕਰਦੇ ਹਨ।"

ਪੂਰਬ ਦੇ ਹੋਣ ਚਾਹੇ ਪੱਛਮ ਦੇ, ਮਹਾਨ ਉਸਤਾਦਾਂ ਨੂੰ ਸੰਕੇਤਾਂ ਦੀ

ਕੀਮਤ ਦਾ ਪਤਾ ਹੈ ਜਿਸ ਸਦਕਾ ਉਹ ਦਰਸ਼ਕਾਂ ਦਾ ਦਿਲ ਜਿਤਦੇ ਹਨ। ਸਾਹਮਣੇ ਪੇਸ਼ ਕੀਤੇ ਗਏ ਵਿਸ਼ਾਲ ਚਿੰਤਨ ਤੋਂ ਭੈਭੀਤ ਹੋਏ ਬਿਨਾਂ ਕੌਣ ਮਾਸਟਰਪੀਸ ਉੱਪਰ ਧਿਆਨ ਕੇਂਦਰਿਤ ਕਰ ਸਕਦਾ ਹੈ ? ਦਰਸ਼ਕਾਂ ਦੇ ਕਿੰਨੇ ਨਜ਼ਦੀਕ ਅਤੇ ਕਿੰਨੇ ਹਮਦਰਦ ਹੁੰਦੇ ਨੇ ਰੰਗਮੰਚ ਉਪਰਲੇ ਸਾਰੇ ਪਾਤਰ, ਆਮ ਜਿਹੀਆਂ ਆਧੁਨਿਕ ਰਚਨਾਵਾਂ ਵਿਚ ਕਿੰਨੇ ਠੰਢੇ, ਕਿੰਨੇ ਨੀਰਸ! ਪੁਰਾਣਿਆਂ ਵਿੱਚ ਦਿਲ ਦਾ ਨਿਘ ਹੋਇਆ ਕਰਦਾ ਸੀ, ਨਵੇਂ ਰਸਮੀ ਸਲੂਟ ਮਾਰਦੇ ਹਨ। ਆਪਣੀ ਤਕਨੀਕ ਵਿੱਚ ਉਲਝਿਆ ਆਧੁਨਿਕ ਕਲਾਕਾਰ ਆਪਣੇ ਆਪ ਤੋਂ ਉੱਪਰ ਉਠ ਹੀ ਨਹੀਂ ਸਕਦਾ। ਜਿਨ੍ਹਾਂ ਦੇ ਵਸ ਵਿੱਚ ਲੁੰਗਮੇਂ ਵੀਣਾ ਨਾ ਆਈ, ਉਹ ਆਧੁਨਿਕ ਕਲਾਕਾਰ ਆਪਣੇ ਆਪ ਨੂੰ ਖੁਸ਼ ਕਰਨ ਲਈ ਗਾਉਂਦੇ ਹਨ। ਅਜਿਹੇ ਕਲਾਕਾਰ ਬੇਸ਼ਕ ਵਿਗਿਆਨ ਵਾਂਗ ਬਿਲਕੁਲ ਸਹੀ ਹੋਣ ਪਰ ਮਾਨਵਤਾ ਤੋਂ ਦੂਰ ਹਨ। ਜਾਪਾਨ ਦਾ ਇਕ ਪੁਰਾਣਾ ਅਖਾਣ ਹੈ ਕਿ ਉਸ ਬੰਦੇ ਨੂੰ ਔਰਤ ਪਿਆਰ ਨਹੀਂ ਕਰੇਗੀ ਜਿਸ ਦੇ ਦਿਲ ਵਿੱਚ ਹੰਕਾਰ ਭਰਿਆ ਹੋਇਆ ਹੈ ਕਿਉਂਕਿ ਪਿਆਰ ਵਾਸਤੇ ਤਾਂ ਉਸਦੇ ਦਿਲ ਦਾ ਕੋਈ ਖਾਨਾ ਖਾਲੀ ਹੈ ਈ ਨੀਂ। ਸੂਖਮ ਅਹਿਸਾਸਾਂ ਵਾਸਤੇ ਹੰਕਾਰ ਘਾਤਕ ਹੈ, ਆਰਟਿਸਟ ਅਤੇ ਪਬਲਿਕ ਦੋਹਾਂ ਲਈ।

ਇਕਸਮਾਨ ਰੂਹਾਂ ਦੇ ਮੇਲ ਤੋਂ ਵਧੀਕ ਪਵਿੱਤਰ ਆਰਟ ਵਿੱਚ ਹੋਰ ਕੋਈ ਚੀਜ਼ ਨਹੀਂ ਹੁੰਦੀ। ਮਿਲਾਪ ਵਕਤ ਕਲਾ-ਪ੍ਰੇਮੀ ਆਪਣੀ ਹੋਂਦ ਤੋਂ ਉੱਪਰ ਉੱਠਕੇ ਵਿਸਮਾਦਿਤ ਹੋ ਜਾਂਦਾ ਹੈ। ਉਹ ਹੈ ਵੀ ਅਤੇ ਨਹੀਂ ਵੀ, ਹੋਂਦ, ਅਣਹੋਂਦ ਤੋਂ ਪਾਰ। ਉਹ ਅਨੰਤਤਾ ਦਾ ਦ੍ਰਿਸ਼ ਫੜ ਲੈਂਦਾ ਹੈ ਪਰ ਉਸਦੇ ਆਨੰਦ ਦਾ ਵਰਣਨ ਸ਼ਬਦ ਨਹੀਂ ਕਰ ਸਕਦੇ ਕਿਉਂਕਿ ਅੱਖਾਂ ਕੋਲ ਜੀਭ ਨਹੀਂ ਹੁੰਦੀ। ਸੰਸਾਰਕ ਝਮੇਲਿਆਂ ਤੋਂ ਮੁਕਤ ਉਸਦੀ ਰੂਹ ਬ੍ਰਹਿਮੰਡੀ ਤਰੰਗਾਂ ਵਿੱਚ ਤੈਰਦੀ ਹੈ। ਇਸ ਤਰੀਕੇ ਆਰਟ, ਧਰਮ ਹੋ ਜਾਂਦਾ ਹੈ ਤੇ ਮਾਨਵਤਾ ਦਾ ਕਲਿਆਣ ਕਰਦਾ ਹੈ। ਰਚਨਾ ਪਹਿਲਾਂ ਸ਼ਾਹਕਾਰ ਬਣਦੀ ਹੈ, ਫਿਰ ਦੈਵੀ, ਪਵਿੱਤਰ। ਪੁਰਾਣੇ ਵੇਲਿਆਂ ਵਿੱਚ ਆਰਟ ਦੇ ਕੰਮ ਦੀ ਜਾਪਾਨੀ ਜਿਵੇਂ ਪੂਜਾ ਕਰਿਆ ਕਰਦੇ ਸਨ ਉਹ ਵਿਲੱਖਣ ਸੀ। ਚਾਹ ਉਸਤਾਦ ਧਾਰਮਿਕ ਰਹੱਸ

ਵਾਂਗ ਆਪਣੇ ਖ਼ਜ਼ਾਨਿਆਂ ਨੂੰ ਲੁਕਾ ਕੇ ਰੱਖਿਆ ਕਰਦੇ, ਇਕ ਡੱਬੇ ਵਿੱਚ ਬੰਦ ਦੂਜਾ, ਦੂਜੇ ਵਿੱਚ ਬੰਦ ਤੀਜਾ, ਅਖੀਰ ਅਨੇਕ ਡੱਬਿਆਂ ਤੋਂ ਬਾਅਦ ਰੇਸ਼ਮੀ ਰੁਮਾਲਾਂ ਵਿੱਚ ਲਪੇਟਿਆ ਪਵਿੱਤਰ ਖ਼ਜ਼ਾਨਾ ਲੁਕੋਇਆ ਹੁੰਦਾ। ਇਸ ਅਨਮੋਲ ਖ਼ਜ਼ਾਨੇ ਦੇ ਦਰਸ਼ਨ ਕਦੀ ਕਦਾਈਂ ਕਰਵਾਏ ਜਾਂਦੇ, ਉਹ ਵੀ ਆਮ ਨੂੰ ਨਹੀਂ ਕੇਵਲ ਉਨ੍ਹਾਂ ਨੂੰ ਜਿਨ੍ਹਾਂ ਨੇ ਦੀਖਿਆ ਲਈ ਹੋਈ ਹੁੰਦੀ।

ਜਿਨ੍ਹਾਂ ਜ਼ਮਾਨਿਆਂ ਵਿੱਚ ਚਾਹਵਾਦ ਦੀ ਸ਼ਾਨ ਸਿਖਰ ਉੱਪਰ ਸੀ ਯੁੱਧ ਜਿੱਤਣ ਪਿੱਛੋਂ ਇਨਾਮ ਵਿੱਚ ਜ਼ਮੀਨਾਂ ਜਾਇਦਾਦਾਂ ਪ੍ਰਾਪਤ ਕਰਨ ਦੀ ਥਾਂ ਸੈਨਾਪਤੀ ਉਦੋਂ ਵਧੀਕ ਪ੍ਰਸੰਨ ਹੁੰਦੇ ਜਦੋਂ ਬਾਦਸ਼ਾਹ ਤਾਇਕੋ ਉਨ੍ਹਾਂ ਨੂੰ ਇਨਾਮ ਵਿੱਚ ਆਰਟ ਦੀ ਕੋਈ ਅਲੌਕਿਕ ਵਸਤੂ ਦਿੰਦਾ। ਸਾਡੇ ਬਹੁਤੇ ਨਾਟਕਾਂ ਦੀ ਕਥਾ ਕਿਸੇ ਮਹਾਨ ਕਲਾਕ੍ਰਿਤੀ ਦੇ ਗੁੰਮਣ ਅਤੇ ਲੱਭਣ ਦੁਆਲੇ ਘੁੰਮਿਆ ਕਰਦੀ ਹੈ। ਉਦਾਹਰਣ ਵਜੋਂ ਇਕ ਨਾਟਕ ਵਿੱਚ, ਨਿਗਰਾਨ ਸੈਨਾਪਤੀ ਦੀ ਅਣਗਹਿਲੀ ਦੌਰਾਨ ਲਾਰਡ ਹੋਸੋਕਾਵਾ ਦੇ ਮਹਿਲ ਨੂੰ ਅੱਗ ਲੱਗ ਗਈ। ਮਹਿਲ ਵਿੱਚ ਸੇਸ਼ਨ ਦੀ ਬਣਾਈ ਧਰੂਮਾ ਦੀ ਮਹਾਨ ਪੇਂਟਿੰਗ ਸੁਸ਼ੋਭਿਤ ਸੀ। ਹਰ ਖਤਰੇ ਵਿੱਚੋਂ ਲੰਘ ਕੇ ਅਣਮੋਲ ਪੇਂਟਿੰਗ ਬਚਾਉਣੀ ਹੈ, ਉਸਨੇ ਨੱਠ ਕੇ ਮਹਿਲ ਅੰਦਰ ਛਾਲ ਮਾਰੀ। ਬਾਹਰ ਜਾਣ ਦਾ ਕੋਈ ਸੁਰੱਖਿਅਤ ਰਸਤਾ ਨਹੀਂ ਸੀ। ਉਸਨੇ ਗੋਲ ਕਰਕੇ ਪੇਂਟਿੰਗ ਦੁਆਲੇ ਕਮੀਜ਼ ਵਲੇਟਦਿਆਂ, ਤਲਵਾਰ ਨਾਲ ਆਪਣੇ ਜਿਸਮ ਨੂੰ ਕੱਟ ਕੇ ਉਸ ਵਿੱਚ ਪੇਂਟਿੰਗ ਘੁਸੋ ਦਿੱਤੀ। ਆਖਰ ਅੱਗ ਉੱਪਰ ਕਾਬੂ ਪਾ ਲਿਆ ਗਿਆ। ਸੁਲਗਦੀਆਂ ਹੋਈਆਂ ਵਸਤਾਂ ਵਿੱਚੋਂ ਇਕ ਅਧਜਲੀ ਲਾਸ਼ ਮਿਲੀ ਜਿਸ ਵਿੱਚੋਂ ਪੇਂਟਿੰਗ ਸੁਰੱਖਿਅਤ ਪਈ ਮਿਲ ਗਈ। ਇਹ ਸਾਖੀਆਂ ਬੇਸ਼ਕ ਖ਼ੌਫ਼ਨਾਕ ਹਨ ਪਰ ਇਨ੍ਹਾਂ ਤੋਂ ਪਤਾ ਲੱਗਦਾ ਹੈ ਅਸੀਂ ਆਪਣੀਆਂ ਸ਼ਾਹਕਾਰ ਕਲਾਕ੍ਰਿਤਾਂ ਦਾ ਮੁੱਲ ਕਿਵੇਂ ਪਾਇਆ ਕਰਦੇ ਸਾਂ ਤੇ ਸਾਡੇ ਭਰੋਸੇਯੋਗ ਜਰਨੈਲ ਕਿਹੋ ਜਿਹੀ ਸਾਧਨਾ ਵਾਲੇ ਹੁੰਦੇ ਸਨ।

ਚੇਤੇ ਰਹੇ ਕਿ ਆਰਟ ਕੇਵਲ ਉਦੋਂ ਕਿਸੇ ਕੰਮ ਦਾ ਹੁੰਦਾ ਹੈ ਜਦੋਂ ਉਹ ਸਾਡੇ ਨਾਲ ਗੱਲਾਂ ਕਰਦਾ ਹੈ। ਜੇ ਸਾਡਾ ਦਿਲ ਵਿਸ਼ਵ ਵਿਆਪਕ ਹਮਦਰਦੀ ਨਾਲ ਸਰਸ਼ਾਰ ਹੈ ਤਦ ਆਰਟ ਬ੍ਰਹਿਮੰਡੀ ਬੋਲੀ ਵਿੱਚ ਗੱਲਾਂ ਕਰੇਗਾ। ਸਾਡਾ

ਸੀਮਤ ਸੁਭਾਅ, ਪਰੰਪਰਾ ਦੀ ਜਕੜ ਤੇ ਸਾਡੀਆਂ ਖਾਨਦਾਨੀ ਪ੍ਰਵਿਰਤੀਆਂ ਕਲਾਤਮਿਕ ਆਨੰਦ ਲੈਣ ਦੇ ਰਸਤੇ ਵਿੱਚ ਰੋਕ ਪਾਉਂਦੀਆਂ ਹਨ ਭਾਵੇਂ ਸਾਡੀਆਂ ਸੰਭਾਵਨਾਵਾਂ ਜਿੰਨੀਆਂ ਮਰਜ਼ੀ ਉੱਚੀਆਂ ਹੋਣ। ਸਾਡਾ ਨਿੱਜਤਵ ਸਾਡੀ ਸਮਝ ਅੱਗੇ ਡੱਕੇ ਲਾ ਦਿੰਦਾ ਹੈ। ਸਾਡਾ ਭੂਤਕਾਲ ਸਾਡੀ ਸ਼ਖ਼ਸੀਅਤ ਦੇ ਸੌਂਦਰਯਬੋਧ ਨੂੰ ਨਿਰਧਾਰਿਤ ਕਰਦਾ ਹੈ। ਸੱਚ ਹੈ ਕਿ ਜੇ ਅਸੀਂ ਆਪਣੀ ਸ਼ਖ਼ਸੀਅਤ ਦਾ ਵਿਕਾਸ ਕਰ ਲਈਏ ਤਦ ਅਸੀਂ ਸੁੰਦਰਤਾ ਦੇ ਉਹ ਪੱਖ ਵੀ ਜਾਣ ਲਵਾਂਗੇ ਜਿਨ੍ਹਾਂ ਤੋਂ ਪਹਿਲਾਂ ਅਨਜਾਣ ਸਾਂ। ਪਰ ਹੁੰਦਾ ਇਹ ਹੈ ਕਿ ਬ੍ਰਹਿਮੰਡ ਵਿੱਚੋਂ ਸਾਨੂੰ ਆਪਣੀ ਹੀ ਮੂਰਤ ਦਿਸੀ ਜਾਂਦੀ ਹੈ, ਜਿਹੋ ਜਿਹੀ ਸਾਡੇ ਵਹਿਮ ਭਰਮ ਉਹੋ ਜਿਹੀਆਂ ਸਾਡੀਆਂ ਸੰਵੇਦਨਾਵਾਂ, ਕਲਪਨਾਵਾਂ। ਜਿਡੇ ਵੱਡੇ ਚਾਹ ਉਸਤਾਦ ਖ਼ੁਦ, ਉਡੀਆਂ ਵੱਡੀਆਂ ਉਨ੍ਹਾਂ ਦੀਆਂ ਪਸੰਦਾਂ, ਉਡੇ ਵੱਡੇ ਉਨ੍ਹਾਂ ਦੇ ਮਾਪਦੰਡ। ਉਨ੍ਹਾਂ ਨੇ ਵੱਡੀਆਂ ਚੀਜ਼ਾਂ ਸੰਭਾਲੀਆਂ।

ਇਸੇ ਨਾਲ ਮਿਲਦੀ ਜੁਲਦੀ ਕੋਬੋਰੀ-ਇਨਸ਼ੀਊ ਦੀ ਸਾਖੀ ਯਾਦ ਆ ਗਈ। ਇਨਸ਼ੀਓ ਨੇ ਜਿਹੜੀਆਂ ਦੁਰਲਭ ਵਸਤਾਂ ਦੀ ਨੁਮਾਇਸ਼ ਲਾਈ, ਦਰਸ਼ਕਾਂ ਨੇ ਉਨ੍ਹਾਂ ਦੀ ਸ਼ਲਾਘਾ ਕਰਦਿਆਂ ਕਿਹਾ- ਤੁਹਾਡਾ ਟੇਸਟ ਕਮਾਲ ਦਾ ਹੈ। ਉਨ੍ਹਾਂ ਕਿਹਾ- ਹਰ ਵਸਤ ਬੇਮਿਸਾਲ ਹੋਵੇ ਤਾਂ ਪ੍ਰਸ਼ੰਸਾ ਕਰਨ ਬਿਨ ਰਿਹਾ ਵੀ ਨੀ ਜਾਂਦਾ। ਮੈਨੂੰ ਤਾਂ ਇਉਂ ਲਗਦੈ ਜਿਵੇਂ ਤੁਹਾਡੀ ਪਸੰਦ ਅਤੇ ਚੋਣ ਰਿਕਯੂ ਤੋਂ ਉੱਤੇ ਹੋਵੇ। ਰਿਕਯੂ ਦੀਆਂ ਇਕੱਤਰ ਵਸਤੂਆਂ ਤਾਂ ਹਜ਼ਾਰ ਵਿੱਚੋਂ ਕਿਸੇ ਇਕ ਨੂੰ ਪਸੰਦ ਆਉਂਦੀਆਂ ਨੇ। ਉਦਾਸ ਹੋ ਕੇ ਇਨਸ਼ੀਊ ਬੋਲਿਆ- ਇਸ ਤੋਂ ਸਾਬਤ ਹੋਇਆ ਮੈਂ ਕਿੰਨਾ ਆਮ ਹਾਂ। ਮਹਾਨ ਰਿਕਯੂ ਕੇਵਲ ਉਨ੍ਹਾਂ ਵਸਤਾਂ ਨੂੰ ਪਿਆਰ ਕਰਦਾ ਸੀ ਜਿਹੜੀਆਂ ਯਕੀਨਨ ਉਸਨੂੰ ਚੰਗੀਆਂ ਲਗਦੀਆਂ ਪਰ ਮੈਂ ਉਹ ਕੁਝ ਇਕੱਠਾ ਕਰਦਾ ਰਹਿਨਾ ਜਿਹੜਾ ਹਰ ਆਮ ਖਾਸ ਨੂੰ ਚੰਗਾ ਲੱਗੇ, ਬਹੁਤਿਆਂ ਨੂੰ ਭਾਵੇ। ਰਿਕਯੂ ਸੀ ਹਜ਼ਾਰਾਂ ਵਿੱਚੋਂ ਇਕੋ ਇਕ ਚਾਹ ਉਸਤਾਦ!

ਇਸ ਗੱਲ ਦਾ ਅਫਸੋਸ ਹੈ ਕਿ ਅੱਜ ਕੱਲ੍ਹ ਆਰਟ ਵਾਸਤੇ ਜਿਹੜਾ ਉਤਸ਼ਾਹ ਦਿਸਦਾ ਹੈ ਉਸਦੀਆਂ ਨਾ ਕੋਈ ਜੜ੍ਹਾਂ ਹਨ ਨਾ ਸਹੀ ਭਾਵਨਾਵਾਂ।

ਸਾਡੇ ਲੋਕਤਾਂਤਰਿਕ ਯੁਗ ਵਿੱਚ, ਭਾਵਨਾਵਾਂ ਤੋਂ ਲਾਪ੍ਰਵਾਹ ਸਾਡੇ ਲੋਕ ਉਸੇ ਦੇ ਹੱਕ ਵਿੱਚ ਤਾੜੀਆਂ ਮਾਰੀ ਜਾਂਦੇ ਹਨ ਜਿਸਨੂੰ ਬਹੁਤੇ ਪਸੰਦ ਕਰਨ, ਜਿਹੜਾ ਬਿਹਤਰੀਨ ਮੰਨਿਆ ਜਾਵੇ। ਸੂਖਮ ਨਾਲੋਂ ਉਨ੍ਹਾਂ ਨੂੰ ਮਹਿੰਗਾ ਵਧੀਕ ਚੰਗਾ ਲਗਦਾ ਹੈ, ਕੁਦਰਤੀ ਸੁਹੱਪਣ ਨਾਲੋਂ ਫੈਸ਼ਨ ਜ਼ਿਆਦਾ ਪਸੰਦ ਆਉਂਦਾ ਹੈ। ਦਿਖਾਵਾ ਕਰਦੇ ਹਨ ਜਿਵੇਂ ਇਤਾਲਵੀ ਜਾਂ ਆਸ਼ਿਕਾਗਾ ਕਲਾਕਾਰਾਂ ਤੋਂ ਆਨੰਦ ਲੈਂਦੇ ਹੋਣ ਪਰ ਭੀੜ ਨੂੰ ਚੰਗੇ ਲੱਗਦੇ ਨੇ ਉਹ ਸਚਿਤ੍ਰ ਰਸਾਲੇ ਜਿਹੜੇ ਉਦਯੋਗੀਕਰਨ ਵੀ ਪੈਦਾਵਾਰ ਹਨ। ਆਰਟ ਦੇ ਕੰਮ ਦਾ ਪੱਧਰ ਕੀ ਹੈ, ਇਸ ਨਾਲ ਸਰੋਕਾਰ ਨਹੀਂ, ਕਲਾਕਾਰ ਦਾ ਨਾਮ ਵੱਡਾ ਹੈ ਤਾਂ ਬਸ ਫਿਰ ਉਸਦਾ ਸਭ ਕੁਝ ਵਧੀਆ, ਸਭ ਕੁਝ ਮਹਾਨ। ਕਈ ਸਦੀਆਂ ਪਹਿਲਾਂ ਚੀਨ ਦੇ ਦਾਨਿਸ਼ਵਰ ਨੇ ਕਿਹਾ ਸੀ- ਤਸਵੀਰ ਦੀ ਉਪਮਾ ਲੋਕ ਅੱਖਾਂ ਨਾਲ ਦੇਖਕੇ ਨਹੀਂ, ਕੰਨਾਂ ਨਾਲ ਸੁਣਕੇ ਕਰਦੇ ਹਨ। ਕਿਉਂਕਿ ਸਾਨੂੰ ਉਤਮ ਦੀ ਪਛਾਣ ਨਹੀਂ ਰਹੀ, ਨਕਲੀ-ਕਲਾਸਿਕ ਕਲਾਕਾਰਾਂ ਦਾ ਹਊਆ ਸਾਡਾ ਸਵਾਗਤ ਕਰੇਗਾ, ਭਾਵੇਂ ਕਿਤੇ ਚਲੇ ਜਾਈਏ।

ਦੂਜੀ ਆਮ ਗਲਤੀ ਲੋਕ ਇਹ ਕਰਦੇ ਹਨ ਕਿ ਉਹ ਆਰਟ ਅਤੇ ਇਮਾਰਤਸਾਜ਼ੀ ਵਿੱਚ ਉਲਝ ਜਾਂਦੇ ਹਨ। ਪੁਰਾਤਨ ਨੂੰ ਪਵਿੱਤਰ ਜਾਣਨ ਦਾ ਮਨੁੱਖੀ ਰੁਝਾਣ ਮਨੁੱਖੀ ਫਿਤਰਤ ਦਾ ਬਹੁਤ ਉੱਚਾ ਗੁਣ ਹੈ, ਚੰਗਾ ਹੋਵੇ ਇਹ ਗੁਣ ਵੱਡੀ ਮਾਤਰਾ ਵਿੱਚ ਪ੍ਰਫੁੱਲਤ ਹੋਵੇ। ਪੁਰਾਣੇ ਉਸਤਾਦ ਸਨਮਾਨ ਦੇ ਸਹੀ ਹੱਕਦਾਰ ਹਨ ਕਿਉਂਕਿ ਉਨ੍ਹਾਂ ਨੇ ਭਵਿੱਖ ਵਾਸਤੇ ਜਾਗਰਣ ਦਾ ਦਰਵਾਜ਼ਾ ਖੋਲ੍ਹਿਆ। ਸਦੀਆਂ ਬੀਤ ਗਈਆਂ, ਉਨ੍ਹਾਂ ਖਿਲਾਫ ਆਲੋਚਨਾ ਨਹੀਂ ਹੋਈ, ਨਿੰਦਿਆਂ ਦੇ ਦਾਗਾਂ ਤੋਂ ਪਾਕ ਸਾਫ ਬਚ ਗਏ ਤੇ ਪੂਰੀ ਸ਼ਾਨ ਨਾਲ ਸਾਡੇ ਦਿਲਾਂ ਤੇ ਅੱਜ ਤੱਕ ਰਾਜ ਕਰ ਰਹੇ ਹਨ। ਤਾਂ ਵੀ ਇਹ ਸਾਡੀ ਮੂਰਖਤਾ ਹੋਏਗੀ ਕਿ ਅਸੀਂ ਉਨ੍ਹਾਂ ਦੀਆਂ ਪ੍ਰਾਪਤੀਆਂ ਦੇ ਮਹਿਜ਼ ਇਸੇ ਕਰਕੇ ਗੁਣ ਗਾਈ ਜਾਈਏ ਕਿਉਂਕਿ ਉਹ ਪੁਰਾਣੀਆਂ ਹਨ। ਆਪਣੇ ਸੌਂਦਰਯ ਬੋਧ ਉੱਪਰ ਅਸੀਂ ਇਤਿਹਾਸ ਦਾ ਬੋਝ ਲੱਦ ਦਿੰਦੇ ਹਾਂ। ਸ਼ਰਧਾ ਦੇ ਫੁੱਲ ਉਦੋਂ ਅਰਪਣ ਕਰਦੇ ਹਾਂ ਜਦੋਂ ਆਰਟਿਸਟ ਚੈਨ ਨਾਲ ਕਬਰ ਵਿੱਚ ਸੁੱਤਾ ਪਿਆ

ਹੁੰਦਾ ਹੈ। ਵਿਕਾਸ ਦੀ ਥਿਉਰੀ ਨਾਲ ਜ਼ਰਖੇਜ਼ ਉਨੀਵੀਂ ਸਦੀ, ਵਿਅਕਤੀਗਤ ਵਸਤੂ ਵਿੱਚ ਗੁਣ ਨਜ਼ਰਅੰਦਾਜ਼ ਕਰਨ ਦੀ ਆਦਤ ਦਾ ਸ਼ਿਕਾਰ ਹੈ। ਇਕ ਪੁਰਾਖੋਜੀ ਇਕ ਯੁਗ ਜਾਂ ਕਿਸੇ ਟਕਸਾਲ ਦੀ ਵਿਆਖਿਆ ਕਰਨ ਵਾਸਤੇ ਬਹੁਤ ਸਾਰੇ ਨਮੂਨੇ ਇਕੱਤਰ ਕਰੇਗਾ ਪਰ ਉਹ ਇਹ ਭੁਲ ਜਾਂਦਾ ਹੈ ਕਿ ਕਿਸੇ ਯੁਗ ਜਾਂ ਟਕਸਾਲ ਦੇ ਚੁਣੇ ਹੋਏ ਬਹੁਤ ਸਾਰੇ ਨਮੂਨਿਆਂ ਨਾਲੋਂ ਇਕੱਲਾ ਸ਼ਾਹਕਾਰ ਬਹੁਤ ਕੁਝ ਵੱਧ ਸਿਖਾ ਸਕਦਾ ਹੈ। ਅਸੀਂ ਵਰਗੀਕਰਨ ਬਹੁਤਾ ਕਰਦੇ ਹਾਂ, ਮੌਜ ਬਹੁਤ ਥੋੜ੍ਹੀ ਲੈਂਦੇ ਹਾਂ। ਨੁਮਾਇਸ਼ ਵਾਸਤੇ ਵਿਗਿਆਨਕ ਤੌਰ ਤਰੀਕਿਆਂ ਨੂੰ ਪਹਿਲ ਦੇ ਕੇ ਸੌਂਦਰਯ ਦੀ ਬਲੀ ਦੇਣੀ ਸਾਡੇ ਅਜਾਇਬ ਘਰਾਂ ਨੂੰ ਲੱਗਿਆ ਅਜੋਕਾ ਸਰਾਪ ਹੈ।

ਜੀਵਨ ਦੀ ਕਿਸੇ ਵਿਆਪਕ ਵਿਉਂਤ ਵਿੱਚ ਸਮਕਾਲੀ ਆਰਟ ਦੇ ਦਾਅਵੇ ਨਕਾਰੇ ਨਹੀਂ ਜਾ ਸਕਦੇ। ਅਜੋਕਾ ਆਰਟ ਉਹੀ ਹੈ ਜਿਹੜਾ ਯਕੀਨਨ ਸਾਡਾ ਹੈ, ਜੋ ਸਾਡੇ ਸਵੈ ਦੀ ਝਲਕ ਹੈ। ਇਸ ਦੀ ਨਿੰਦਿਆ ਕਰਾਂਗੇ ਖੁਦ ਨੂੰ ਨਿੰਦਾਂਗੇ। ਕਹੀ ਜਾਂਦੇ ਹਾਂ ਅੱਜ ਦੇ ਯੁਗ ਵਿੱਚ ਆਰਟ ਗੈਰਹਾਜ਼ਰ ਹੈ, ਕੌਣ ਹੈ ਇਸ ਵਾਸਤੇ ਜ਼ਿੰਮੇਵਾਰ ? ਵਡੇਰਿਆਂ ਦੇ ਪੂਰੇ ਗੁਣ ਗਾਣ ਬਾਅਦ ਵੀ ਸ਼ਰਮ ਦੀ ਗੱਲ ਹੈ ਅਸੀਂ ਆਪਣੀਆਂ ਸੰਭਾਵਨਾਵਾਂ ਵੱਲ ਬਹੁਤ ਘੱਟ ਧਿਆਨ ਦਿੰਦੇ ਹਾਂ। ਸੰਘਰਸ਼ ਕਰਦੇ ਕਲਾਕਾਰ, ਉਦਾਸ, ਤ੍ਰਿਸਕਾਰੇ ਥਕੇ ਟੁੱਟੇ ਆਰਟਿਸਟ। ਇਸ ਸਵਾਰਥ ਪੂਰਨ ਸਦੀ ਵਿੱਚ ਉਨ੍ਹਾਂ ਨੂੰ ਹੌਂਸਲਾ ਦੇਣ ਵਾਸਤੇ ਸਾਡੇ ਕੋਲ ਹੈ ਕੀ ? ਸਾਡੀ ਸਵਾਰਥੀ ਸਦੀ ਦੀ ਗਰੀਬੀ ਉੱਪਰ ਭੂਤਕਾਲ ਤਰਸ ਦੀ ਨਜ਼ਰ ਮਾਰੇਗਾ, ਭਵਿੱਖ ਸਾਡੇ ਆਰਟ ਦੇ ਬਾਂਝਪਣ ਉੱਪਰ ਹੱਸੇਗਾ। ਜੀਵਨ ਵਿਚਲੇ ਸੌਂਦਰਯ ਨੂੰ ਬਰਬਾਦ ਕਰਦੇ ਕਰਦੇ ਅਸੀਂ ਆਰਟ ਬਰਬਾਦ ਕਰ ਰਹੇ ਹਾਂ। ਕਾਸ਼ ਸਮਾਜ ਦੇ ਤਣੇ ਵਿੱਚੋਂ ਕੋਈ ਜਾਦੂਗਰ ਪ੍ਰਗਟ ਹੋ ਕੇ ਤਾਕਤਵਰ ਵੀਣਾ ਬਣਾ ਲਏ ਤੇ ਉਸਦੀ ਪ੍ਰਤਿਭਾਸ਼ਾਲੀ ਛੂਹ ਨਾਲ ਵੀਣਾ ਦੀਆਂ ਤਾਰਾਂ ਥਰਕ ਪੈਣ, ਸੰਗੀਤ ਛਿੜ ਜਾਵੇ।



— ਅਧਿਆਇ ਛੇਵਾਂ —

ਫੁੱਲ

ਬਸੰਤ ਦੀ ਸਵੇਰ ਵੇਲੇ ਕੰਬਦੀ ਸੁਰਮਈ ਧੁੰਦ ਵਿੱਚ ਰਹੱਸਮਈ ਤਾਲ ਅੰਦਰ ਦਰਖ਼ਤਾਂ ਉੱਪਰ ਜਦੋਂ ਪੰਛੀ ਚਹਿਚਹਾ ਰਹੇ ਹੋਣ, ਤੁਹਾਨੂੰ ਲੱਗਦਾ ਨਹੀਂ ਕਿ ਆਪਣੇ ਸਾਥੀਆਂ ਨਾਲ ਉਹ ਫੁੱਲਾਂ ਬਾਬਤ ਗੱਲਾਂ ਕਰ ਰਹੇ ਹਨ ? ਮਨੁੱਖਤਾ ਦਾ ਫੁੱਲਾਂ ਨਾਲ ਸਨੇਹ ਉਦੋਂ ਦਾ ਹੈ ਜਦੋਂ ਦੀ ਕਵਿਤਾ ਹੈ ਅਤੇ ਜਦੋਂ ਦਾ ਪਿਆਰ ਹੈ। ਬੇਖੁਦੀ ਵਿੱਚ ਮਿੱਠਾ, ਖਾਮੋਸ਼ੀ ਸਦਕਾ ਮਹਿਕਾਂ ਭਰਿਆ, ਕੁਆਰੀ ਆਤਮਾ ਦੀਆਂ ਪੰਖੜੀਆਂ, ਫੁੱਲ ਨਾਲੋਂ ਬਿਹਤਰ ਕਿੱਥੇ ਖੁੱਲ੍ਹਣਗੀਆਂ ? ਆਦਿ ਮਾਨਵ ਆਪਣੀ ਮਹਿਬੂਬਾ ਨੂੰ ਅਰਪਣ ਕਰਨ ਵਾਸਤੇ ਪਹਿਲੀ ਵਾਰ ਜਦੋਂ ਫੁੱਲਾਂ ਨਾਲ ਗੁੰਦਿਆ ਹਾਰ ਲੈ ਕੇ ਆਇਆ ਉਦੀਂ ਉਹ ਜਾਂਗਲੀ ਤੋਂ ਸਭਿਅਕ ਹੋ ਗਿਆ। ਕੁਦਰਤ ਦੀਆਂ ਕਠੋਰ ਲੋੜਾਂ ਤੋਂ ਉੱਪਰ ਉੱਠ ਕੇ ਉਹ ਮਾਨਵ ਹੋ ਗਿਆ। ਬੇਕਾਰ ਵਸਤੂ ਨੂੰ ਸੂਖਮਤਾ ਪ੍ਰਦਾਨ ਕਰਨ ਸਾਰ ਉਹ ਆਰਟ ਦੇ ਜਲਵੇ ਵਿੱਚ ਦਾਖਲ ਹੋ ਗਿਆ।

ਸੁਖ ਹੋਵੇ ਜਾਂ ਦੁੱਖ, ਫੁੱਲ ਨਿਰੰਤਰ ਸਾਡੇ ਅੰਗ ਸੰਗ ਹਨ। ਖਾਂਦੇ ਪੀਂਦੇ ਗਾਉਂਦੇ, ਨੱਚਦੇ, ਧੋਖਾਧੜੀ ਕਰਦੇ ਹੋਏ ਅਸੀਂ ਉਨ੍ਹਾਂ ਦੀ ਸੰਗਤ ਵਿੱਚ ਹਾਂ। ਵਿਆਹ ਵੇਲੇ, ਦੀਖਿਆ ਲੈਣ ਵੇਲੇ, ਫੁੱਲਾਂ ਦੀ ਲੋੜ ਪੈਂਦੀ ਹੈ। ਫੁੱਲਾਂ ਬਿਨ ਮਰਨ ਦਾ ਕਿਹੜਾ ਹੌਂਸਲਾ ਪੈਂਦੈ। ਲਿੱਲੀ ਦੇ ਫੁਲਾਂ ਨਾਲ ਅਸੀਂ ਅਰਦਾਸ ਕੀਤੀ, ਕੰਵਲ ਦੀ ਸੰਗਤ ਵਿੱਚ ਪੂਜਾ ਕੀਤੀ, ਗੁਲਾਬ ਅਤੇ ਗੁਲਦਾਉਦੀਆਂ ਨਾਲ ਜੰਗੀ ਮੋਰਚੇ ਸਜਾਏ। ਅਸੀਂ ਤਾਂ ਫੁੱਲਾਂ ਦੀ ਬੋਲੀ ਤੱਕ ਬੋਲਣ ਦਾ ਯਤਨ ਕੀਤਾ। ਇਨ੍ਹਾਂ ਬਗੈਰ ਅਸੀਂ ਰਹਿ ਕਿਵੇਂ ਸਕਦੇ ਹਾਂ ? ਫੁੱਲਾਂ ਦੀ ਗੈਰਹਾਜ਼ਰੀ

ਵਿੱਚ ਜਹਾਨ ਕਿੰਨਾ ਡਰਾਉਣਾ ਹੋਵੇਗਾ? ਬਿਮਾਰ ਦੇ ਬਿਸਤਰੇ ਨੇੜੇ ਆ ਕੇ ਉਹ ਕਿੰਨਾ ਆਰਾਮ ਦਿੰਦੇ ਹਨ, ਘੁੱਪ ਹਨੇਰੇ ਵਿੱਚ ਭਟਕਦੀਆਂ ਰੂਹਾਂ ਵਾਸਤੇ ਉਹ ਵਰਦਾਨ ਦੀ ਰੌਸ਼ਨੀ ਹਨ। ਸਾਡੇ ਵੱਲ ਨੀਝ ਲਾ ਕੇ ਤਕਦਾ ਹੋਇਆ ਸੁਹਣਾ ਬੱਚਾ ਜਿਵੇਂ ਸਾਨੂੰ ਸਾਡੀਆਂ ਗੁਆਚੀਆਂ ਉਮੀਦਾਂ ਦੇ ਦਿੰਦਾ ਹੈ ਇਸੇ ਤਰ੍ਹਾਂ ਫੁੱਲਾਂ ਦੀ ਨਜ਼ਾਕਤ ਸਾਨੂੰ ਸੰਸਾਰ ਵਿੱਚ ਗੁੰਮਿਆ ਸਾਡਾ ਧੁੰਦਲਾ ਪੈਂਦਾ ਜਾ ਰਿਹਾ ਵਿਸ਼ਵਾਸ ਲੌਟਾਂਦੀ ਹੈ। ਜਦੋਂ ਸਾਨੂੰ ਕਬਰ ਵਿੱਚ ਦਫਨ ਕਰ ਦਿੱਤਾ ਜਾਂਦਾ ਹੈ ਉਹੀ ਹਨ ਜਿਹੜੇ ਦੇਰ ਤੱਕ ਸਾਡੇ ਵਿਛੋੜੇ ਦਾ ਮਾਤਮ ਕਰਦੇ ਹਨ।

ਬੇਸ਼ੱਕ ਗੱਲ ਕਰਨੀ ਦੁਖਦਾਈ ਹੈ ਪਰ ਕਰਨੀ ਤਾਂ ਪਵੇਗੀ ਹੀ। ਇਹ ਗੱਲ ਛੁਪਾਈ ਨਹੀਂ ਜਾ ਸਕਦੀ ਕਿ ਫੁੱਲਾਂ ਨਾਲ ਗਹਿਰੀ ਮਿਤਰਤਾ ਹੋਣ ਦੇ ਬਾਵਜੂਦ, ਹਾਂ ਅਸੀਂ ਪਸ਼ੂ ਦੇ ਪਸ਼ੂ। ਰਤਾ ਕੁ ਆਪਣੀ ਭੇਡਨੁਮਾ ਖੱਲ ਉਚੇੜੋ, ਤੁਹਾਡੇ ਅੰਦਰਲਾ ਬਘਿਆੜ ਦੰਦੀਆਂ ਦਿਖਾਉਣ ਲੱਗ ਪਏਗਾ। ਕਹਿੰਦੇ ਹਨ ਆਦਮੀ ਦਸ ਸਾਲ ਦੀ ਉਮਰੇ ਜਾਨਵਰ, ਵੀਹ ਸਾਲ ਦਾ ਨੀਮ ਪਾਗਲ, ਤੀਹ ਦਾ ਫਜ਼ੂਲ, ਚਾਲੀ ਦਾ ਫਰਾਡ ਤੇ ਪੰਜਾਹ ਦਾ ਮੁਜਰਿਮ ਹੁੰਦਾ ਹੈ। ਮੁਜਰਿਮ ਸ਼ਾਇਦ ਇਸ ਲਈ ਬਣ ਜਾਂਦਾ ਹੈ ਕਿਉਂਕਿ ਉਹ ਜਾਨਵਰ ਦੀ ਜੂਨ ਵਿੱਚੋਂ ਨਿਕਲਿਆ ਹੀ ਨਹੀਂ। ਸਾਡੇ ਵਾਸਤੇ ਭੁੱਖ ਤੋਂ ਬਿਨਾਂ ਕੁਝ ਸੱਚ ਨਹੀਂ, ਸਾਡੀਆਂ ਆਪਣੀਆਂ ਇੱਛਾਵਾਂ ਤੋਂ ਬਿਨਾਂ ਕੁਝ ਪਵਿੱਤਰ ਨਹੀਂ। ਇਬਾਦਤਗਾਹਾਂ ਬਾਅਦ ਇਬਾਦਤਗਾਹਾਂ ਸਾਡੀਆਂ ਅੱਖਾਂ ਸਾਹਵੇਂ ਢਹਿ ਢੇਰੀ ਹੁੰਦੀਆਂ ਗਈਆਂ ਪਰ ਇਕ ਇਬਾਦਤਗਾਹ ਅਸੀਂ ਹਮੇਸ਼ਾਂ ਸਾਂਭ-ਸਾਂਭ ਮਹਿਫ਼ੂਜ਼ ਰੱਖੀ, ਉਹ ਸੁਪਰੀਮ ਵੇਦੀ ਕਾਇਮ ਰੱਖੀ ਜਿੱਥੇ ਫੁੱਲ ਚਾੜ੍ਹੇ ਤੇ ਧੂਪ ਬਾਲੀ, ਉਹ ਸ਼੍ਰੋਮਣੀ ਮੂਰਤੀ ਹੈ ਸਾਡਾ ਆਪਣਾ ਆਪਾ। ਸਾਡਾ ਰੱਬ ਮਹਾਨ ਹੈ ਤੇ ਧਨ ਉਸਦਾ ਪੈਗੰਬਰ ਹੈ। ਇਸ ਰੱਬ ਅੱਗੇ ਅਸੀਂ ਸਾਰੀ ਕੁਦਰਤ ਕੁਰਬਾਨ ਕਰ ਦਿੱਤੀ। ਅਸੀਂ ਸ਼ੇਖੀ ਮਾਰਦੇ ਹਾਂ ਕਿ ਅਸੀਂ ਪਦਾਰਥ ਉਪਰ ਫਤਿਹ ਹਾਸਲ ਕਰ ਲਈ ਹੈ ਪਰ ਭੁੱਲ ਜਾਂਦੇ ਹਾਂ ਕਿ ਪਦਾਰਥ ਨੇ ਸਾਨੂੰ ਗੁਲਾਮ ਕਰ ਲਿਆ ਹੈ। ਕਲਚਰ ਅਤੇ ਵਿਕਾਸ ਦੇ ਨਾਮ ਤੇ ਅਸੀਂ ਕੀ ਕੀ ਜ਼ੁਲਮ ਨਹੀਂ ਢਾਹੇ?

ਓ ਨੰਨ੍ਹੇ ਫੁੱਲੋ, ਓ ਸਿਤਾਰਿਆਂ ਦੇ ਹੰਝੂਓ, ਬਾਗਾਂ ਵਿੱਚ ਖਲੋਤੇ ਤੁਸੀਂ ਉਦੀਂ ਝੂਮਣ ਲੱਗਦੇ ਹੋ ਜਦੋਂ ਤ੍ਰੇਲਬੂੰਦਾਂ ਅਤੇ ਸੂਰਜ ਦੀਆਂ ਕਿਰਨਾਂ ਦੇ ਗੀਤ ਗਾਉਂਦੀਆਂ ਮਧੂਮੱਖੀਆਂ ਤੁਹਾਡੀ ਪਰਿਕਰਮਾ ਕਰਦੀਆਂ ਹਨ। ਕੀ ਤੁਹਾਨੂੰ ਪਤਾ ਹੈ ਤੁਹਾਡੇ ਉੱਪਰ ਕਹਿਰ ਟੁੱਟਣ ਵਾਲਾ ਹੈ ? ਲਈ ਜਾਵੋ ਸੁਫਨੇ, ਜਿੰਨਾ ਚਿਰ ਨਿਘੀ ਪੌਣ ਵਿੱਚ ਝੂਮ ਸਕਦੇ ਹੋ ਝੂਮੋ, ਖਿੜ ਸਕਦੇ ਹੋ ਖਿੜ ਲਵੋ। ਭਲਕੇ ਕਿਸੇ ਜਲਾਦ ਦਾ ਹੱਥ ਤੁਹਾਡੀ ਗਰਦਣ ਦੁਆਲੇ ਹੋਵੇਗਾ। ਤੁਹਾਨੂੰ ਮਰੋੜਿਆ ਜਾਵੇਗਾ, ਅੰਗ ਅੰਗ ਕੱਟਿਆ ਜਾਵੇਗਾ ਤੇ ਜਿੱਥੇ ਤੁਸੀਂ ਵਸਦੇ ਹੋ ਉਨ੍ਹਾਂ ਘਰਾਂ ਵਿੱਚੋਂ ਕਿਤੇ ਬਾਹਰ ਲੈ ਜਾਇਆ ਜਾਏਗਾ। ਓ ਭੋਲਿਓ, ਹੋ ਸਕਦੈ ਉਹ ਕੋਈ ਸੁੰਦਰ ਮੁਟਿਆਰ ਹੀ ਹੋਵੇ। ਉਹ ਕਹਿ ਸਕਦੀ ਹੈ– ਕਿੰਨੇ ਪਿਆਰੇ ਹੋ ਤੁਸੀਂ, ਭਾਵੇਂ ਉਸ ਦੀਆਂ ਉਂਗਲਾਂ ਉੱਤੇ ਤੁਹਾਡਾ ਤਾਜ਼ਾ ਖ਼ੂਨ ਲੱਗਾ ਹੋਵੇ। ਮੈਨੂੰ ਦੱਸੋ ਇਸਨੂੰ ਦਇਆ ਕਹਿੰਦੇ ਹਨ ? ਹੋ ਸਕਦੈ ਤੁਹਾਨੂੰ ਕੋਈ ਪੱਥਰ ਦਿਲ ਕੁੜੀ ਆਪਣੇ ਵਾਲਾਂ ਵਿੱਚ ਗੁੰਦ ਲਵੇ ਜਾਂ ਕਮੀਜ਼ ਦੇ ਬਟਣ ਵਾਲੇ ਸੁਰਾਖ ਵਿੱਚ ਟੰਗ ਲਵੇ। ਜੇ ਤੁਸੀਂ ਮਨੁੱਖ ਹੁੰਦੇ, ਫਿਰ ਤੁਹਾਡਾ ਸਿਰ ਆਪਣੇ ਬਟਣ ਦੇ ਸੁਰਾਖ ਵਿੱਚ ਟੰਗ ਕੇ ਕੋਈ ਤੁਹਾਡੇ ਚਿਹਰੇ ਵੱਲ ਦੇਖ ਸਕਦਾ ? ਅੱਖ ਨਾਲ ਅੱਖ ਮਿਲਾ ਸਕਦਾ ? ਇਸ ਤੋਂ ਵੀ ਬੁਰਾ ਤੁਹਾਡੇ ਨਾਲ ਇਹ ਹੋ ਸਕਦਾ ਹੈ ਕਿ ਤੰਗ ਗਰਦਣ ਵਾਲੀ ਸੁਰਾਹੀ ਵਿੱਚ ਪਾਣੀ ਪਾ ਕੇ ਤੁਹਾਡੀ ਡੰਡੀ ਕੋਈ ਇਸ ਵਿੱਚ ਡੋਬ ਦਏ। ਉਹ ਪਾਗਲ ਪਿਆਸ ਜਿਹੜੀ ਜਵਾਰਭਾਟਿਆਂ ਦੀ ਚਿਤਾਵਨੀ ਦਿਆ ਕਰਦੀ ਹੈ ਇਸ ਪਾਣੀ ਨਾਲ ਕਿਵੇਂ ਬੁਝੇਗੀ ?

ਓ ਫੁੱਲੋ ਜੇ ਤੁਸੀਂ ਮੀਕਾਦੋ ਦੇ ਦੇਸ਼ ਵਿੱਚ ਹੁੰਦੇ ਤਾਂ ਹੋ ਸਕਦੈ ਇਕ ਖ਼ੌਫ਼ਨਾਕ ਬੰਦੇ ਨਾਲ ਤੁਹਾਡੀ ਮੁਲਾਕਾਤ ਹੋ ਜਾਂਦੀ ਜਿਸ ਦੇ ਹੱਥਾਂ ਵਿੱਚ ਕੈਂਚੀ ਅਤੇ ਨਿੱਕੀ ਜਿਹੀ ਆਰੀ ਹੁੰਦੀ। ਉਹ ਆਪਣੇ ਆਪ ਨੂੰ ਮਾਲੀ ਕਿਹਾ ਕਰਦੈ। ਉਸਦਾ ਦਾਅਵਾ ਹੈ ਕਿ ਉਹ ਬੂਟਿਆਂ ਦਾ ਹਕੀਮ ਹੈ। ਦੇਖਣ ਸਾਰ ਤੁਸੀਂ ਉਸਨੂੰ ਘ੍ਰਿਣਾ ਕਰਨ ਲੱਗੋਗੇ ਕਿਉਂਕਿ ਤੁਸੀਂ ਜਾਣਦੇ ਹੋ ਡਾਕਟਰ ਨਹੀਂ ਚਾਹੁੰਦਾ ਛੇਤੀ ਦੇਣੇ ਉਸ ਦੇ ਮਰੀਜ਼ ਰਾਜੀ ਹੋ ਜਾਣ। ਕੱਟ ਕੇ, ਮੋਸ ਤੋਸ

ਕੇ ਉਹ ਤੁਹਾਨੂੰ ਇਉਂ ਵਲੇਟੇਗਾ ਜਿਵੇਂ ਉਸਨੂੰ ਲੱਗਦਾ ਹੈ ਤੁਹਾਨੂੰ ਹੋਣਾ ਚਾਹੀਦੈ। ਹੱਡੀਆਂ ਦੇ ਮਾਹਿਰ ਵਾਂਗ ਉਹ ਤੁਹਾਡਾ ਮਾਸ ਮਰੋੜੇਗਾ ਤੇ ਹੱਡੀਆਂ ਦੇ ਕੜਾਕੇ ਕੱਢੇਗਾ। ਉਹ ਤੁਹਾਨੂੰ ਲਾਲ ਸੂਹੇ ਕੋਲਿਆਂ ਉੱਪਰ ਸੇਕੇਗਾ ਤਾਂ ਕਿ ਤੁਹਾਡਾ ਲਹੂ ਨਾ ਵਗੇ, ਤੁਹਾਡੇ ਵਿੱਚ ਤਾਰਾਂ ਘਸੋਏਗਾ ਤਾਂ ਕਿ ਤੁਹਾਡੇ ਲਹੂ ਦਾ ਪ੍ਰਵਾਹ ਠੀਕ ਚਲਦਾ ਰਹੇ। ਉਹ ਤੁਹਾਨੂੰ ਲੂਣ ਤੇ ਫਟਕੜੀ ਖੁਆਏਗਾ, ਸਿਰਕਾ ਜਾਂ ਗੰਧਕ ਦਾ ਤੇਜਾਬ ਵੀ ਪਿਲਾ ਸਕਦੈ। ਜੇ ਤੁਸੀਂ ਕੁਮਲਾਣ ਲੱਗੋਗੇ, ਤੁਹਾਡੇ ਪੈਰਾਂ ਉੱਪਰ ਉਬਲਦਾ ਪਾਣੀ ਪਾ ਸਕਦੈ। ਉਹ ਸ਼ੇਖੀ ਮਾਰੇਗਾ ਕਿ ਆਪਣੇ ਇਲਾਜ ਨਾਲ ਉਹ ਤੁਹਾਨੂੰ ਜਿੰਨਾ ਚਿਰ ਤੁਸੀਂ ਜਿਉਂਦੇ ਰਹਿਣਾ ਸੀ, ਉਸਤੋਂ ਦੋ ਤਿੰਨ ਹਫਤੇ ਵਧ ਜਿਉਂਦਾ ਰੱਖ ਸਕਦਾ ਹੈ। ਕੀ ਤੁਹਾਡਾ ਦਿਲ ਨਹੀਂ ਕਰੇਗਾ ਕਿ ਜਦੋਂ ਉਸਨੇ ਤੁਹਾਨੂੰ ਫੜਿਆ ਸੀ ਉਦੀ ਮਰ ਜਾਂਦੇ ? ਪਿਛਲੇ ਜਨਮ ਵਿੱਚ ਤੁਸੀਂ ਕਿਹੜੇ ਮਾੜੇ ਕਰਮ ਕਰਕੇ ਆਏ ਜੋ ਇਹੋ ਜਿਹੀਆਂ ਭਿਆਨਕ ਸਜ਼ਾਵਾਂ ਦਿੱਤੀਆਂ ਗਈਆਂ ?

ਪੂਰਬ ਦੇ ਮਾਲੀਆਂ ਨਾਲੋਂ ਪੱਛਮ ਦੇ ਲੋਕ ਫੁੱਲਾਂ ਨਾਲ ਵਧੀਕ ਦੁਰਵਿਹਾਰ ਕਰਦੇ ਹਨ। ਹਰ ਰੋਜ਼ ਜਿੰਨੇ ਫੁੱਲ ਕੱਟ ਕੇ ਉਹ ਦਫ਼ਤਰਾਂ, ਪਾਰਟੀ ਟੇਬਲਾਂ ਉੱਪਰ ਸਜਾਉਂਦੇ ਹਨ ਉਨ੍ਹਾਂ ਦੀ ਗਿਣਤੀ ਦਾ ਕੀ ਲੇਖਾ ? ਜੇ ਜੋੜ ਜੋੜ ਕੇ ਉਨ੍ਹਾਂ ਦਾ ਹਾਰ ਗੁੰਦ ਲਿਆ ਜਾਵੇ ਤਾਂ ਪੂਰੀ ਗਲੋਬ ਦੁਆਲੇ ਵਲਿਆ ਜਾਵੇ। ਜੀਵਨ ਵਿੱਚ ਹੋਰ ਏਨਾ ਕੁਝ ਕਠੋਰ, ਬੇਦਰਦ ਵਾਪਰ ਰਿਹਾ ਹੈ ਕਿ ਮਾਲੀ ਦੀ ਕਰਤੂਤ ਉਸ ਸਾਹਮਣੇ ਕੁਝ ਵੀ ਨਹੀਂ। ਉਹ ਘੱਟੋ ਘੱਟ ਕੁਦਰਤ ਦੇ ਸੰਕੋਚ ਦਾ ਆਦਰ ਤਾਂ ਕਰਦਾ ਹੈ, ਦੂਰਅੰਦੇਸ਼ੀ ਨਾਲ ਆਪਣੇ ਸ਼ਿਕਾਰ ਦੀ ਚੋਣ ਕਰਦਾ ਹੈ ਤੇ ਫੁੱਲ ਦੀ ਮੌਤ ਪਿੱਛੋਂ ਅਸਥੀਆਂ ਤਾਂ ਆਦਰ ਨਾਲ ਸੰਭਾਲਦਾ ਹੈ। ਪੱਛਮ ਵਿੱਚ ਫੁੱਲਾਂ ਦੀ ਨੁਮਾਇਸ਼ ਅਮੀਰੀ ਦਾ ਦਿਖਾਵਾ ਕਰਦੀ ਹੈ, ਪਲ ਭਰ ਵਾਸਤੇ ਸ਼ੁਗਲ ਮੇਲਾ। ਜਦੋਂ ਜਸ਼ਨ ਖ਼ਤਮ ਹੋ ਜਾਣ ਫਿਰ ਕਿੱਥੇ ਜਾਂਦੇ ਹਨ ਇਹ ਫੁੱਲ ? ਰੂੜੀ ਉੱਪਰ ਸੁੱਟੇ ਗਏ ਕੁਮਲਾਏ ਫੁੱਲ ਦੇਖਣ ਨਾਲੋਂ ਵਧੀਕ ਦੁਖਦਾਈ ਦ੍ਰਿਸ਼ ਹੋਰ ਕੀ ਹੋ ਸਕਦਾ ਹੈ ?

ਇੰਨਾ ਸੁਹਣਾ ਜਨਮ ਲੈਕੇ ਫੁੱਲ ਇੰਨੇ ਬਦਨਸੀਬ ਕਿਉਂ ਹੁੰਦੇ ਹਨ? ਕੀੜੇ ਦੰਦੀ ਵੱਢ ਸਕਦੇ ਹਨ, ਮੁਕਾਬਲਾ ਹੋਣ ਤੇ ਕਮਜ਼ੋਰ ਤੋਂ ਕਮਜ਼ੋਰ ਜਾਨਵਰ ਲੜਦਾ ਹੈ, ਟੋਪੀਆਂ ਸਜਾਉਣ ਲਈ ਜਿਨ੍ਹਾਂ ਚਿੜੀਆਂ ਨੂੰ ਮਾਰਕੇ ਖੰਭ ਨੋਚੇ ਜਾਂਦੇ ਹਨ, ਚਿੜੀਆਂ ਉਨ੍ਹਾਂ ਸ਼ਿਕਾਰੀਆਂ ਨੂੰ ਦੇਖਣ ਸਾਰ ਉੱਡ ਜਾਂਦੀਆਂ ਹਨ। ਜਿਨ੍ਹਾਂ ਪਸ਼ੂਆਂ ਦੀਆਂ ਮੁਲਾਇਮ ਖੱਲਾਂ ਉਤਾਰਕੇ ਤੁਸੀਂ ਆਪਣੀਆਂ ਜੈਕਟਾਂ ਬਣਾਉਣੀਆਂ ਹੁੰਦੀਆਂ ਹਨ, ਉਹ ਤੁਹਾਥੋਂ ਪਰੇ ਭੱਜ ਕੇ ਲੁਕ ਜਾਂਦੇ ਹਨ। ਅਫਸੋਸ, ਕੇਵਲ ਇਕ ਫੁੱਲ ਹੈ ਜਿਹੜਾ ਖੰਭ ਹੋਣ ਕਰਕੇ ਉਡਕੇ ਬਚ ਜਾਂਦਾ ਹੈ, ਉਹ ਹੈ ਤਿਤਲੀ। ਬਾਕੀ ਸਭ ਆਪਣੇ ਜਲਾਦ ਸਾਹਮਣੇ ਸਿਰ ਨਿਵਾ ਕੇ ਖਲੋਤੇ ਰਹਿੰਦੇ ਹਨ। ਮੌਤ ਦੇ ਦੁੱਖ ਕਾਰਨ ਜੇ ਉਹ ਚੀਕਾਂ ਮਾਰਦੇ ਵੀ ਹਨ ਤਾਂ ਸਾਡੇ ਪੱਥਰ ਕੰਨਾ ਤੱਕ ਅੱਪੜਦੀਆਂ ਕਿਹੜਾ ਹਨ? ਚੁੱਪ ਚੁਪੀਤੇ ਜਿਹੜੇ ਸਾਨੂੰ ਪਿਆਰ ਕਰੀ ਜਾਂਦੇ ਹਨ, ਖਿਦਮਤ ਕਰੀ ਜਾਂਦੇ ਹਨ, ਸਾਡੇ ਜ਼ੁਲਮ ਕਾਰਨ ਸਾਡੇ ਇਹ ਸ਼੍ਰੋਮਣੀ ਦੋਸਤ ਸਾਨੂੰ ਸਦਾ ਲਈ ਅਲਵਿਦਾ ਵੀ ਕਹਿ ਸਕਦੇ ਹਨ। ਤੁਸੀਂ ਨੋਟ ਨਹੀਂ ਕੀਤਾ ਹਰ ਸਾਲ ਜੰਗਲੀ ਫੁੱਲਾਂ ਦੀਆਂ ਕਿੰਨੀਆਂ ਨਸਲਾਂ ਘੱਟ ਹੋਈ ਜਾਂਦੀਆਂ ਹਨ? ਉਨ੍ਹਾਂ ਦੇ ਸਿਆਣਿਆਂ ਨੇ ਉਨ੍ਹਾਂ ਨੂੰ ਦੱਸ ਦਿੱਤਾ ਹੋਣਾ ਕਿ ਜਦੋਂ ਤੱਕ ਆਦਮੀ ਠੀਕ ਨਹੀਂ ਹੁੰਦਾ, ਦਿਆਲੂ ਨਹੀਂ ਹੁੰਦਾ, ਉਦੋਂ ਤੱਕ ਲੁਕ ਜਾਉ। ਫੁੱਲਾਂ ਦੀਆਂ ਇਹ ਲੋਪ ਹੋਈਆਂ ਨਸਲਾਂ ਸੁਰਗ ਵਿੱਚ ਪਰਵਾਸ ਕਰ ਗਈਆਂ ਹੋਣੀਆਂ।

ਫੁੱਲ ਉਗਾਉਣ ਵਾਲੇ ਬੰਦੇ ਦੇ ਹੱਕ ਵਿੱਚ ਬਹੁਤ ਕੁਝ ਕਿਹਾ ਜਾ ਸਕਦਾ ਹੈ। ਜਿਸਨੇ ਗਮਲੇ ਵਿੱਚ ਬੂਟਾ ਲਾਇਆ, ਉਸ ਆਦਮੀ ਤੋਂ ਬਹੁਤ ਵਧੀਆ ਹੈ ਜਿਹੜਾ ਕੈਂਚੀ ਚੁੱਕੀ ਫਿਰਦਾ ਹੈ। ਉਹ ਪਾਣੀ ਦਾ, ਧੁੱਪ ਦਾ ਖਿਆਲ ਰੱਖਦਾ ਹੈ, ਕੀੜਿਆਂ ਤੋਂ ਰਾਖੀ ਕਰਦਾ ਹੈ, ਠੰਢ ਤੋਂ ਬਚਾ ਕੇ ਰੱਖਦਾ ਹੈ, ਜਦੋਂ ਕਲੀਆਂ ਹੌਲੀ-ਹੌਲੀ ਨਿਕਲਣ ਲਗਦੀਆਂ ਹਨ, ਉਨ੍ਹਾਂ ਵੱਲ ਉਤਸੁਕਤਾ ਨਾਲ ਦੇਖਦਾ ਹੈ, ਹਰੀਆਂ ਕਚੂਰ ਪੱਤੀਆਂ ਦੀ ਚਮਕ ਦੇਖਕੇ ਖ਼ੁਦ ਝੂਮਦਾ ਹੈ।

ਬਾਗਬਾਨੀ ਦਾ ਕਲਚਰ ਪੂਰਬ ਵਿੱਚ ਬੜਾ ਪੁਰਾਣਾ ਹੈ। ਪੰਛੀ ਅਤੇ ਫੁੱਲ ਦੀ ਮੁਹੱਬਤ ਦੇ ਕਿੱਸੇ, ਕਵਿਤਾਵਾਂ ਕਹਾਣੀਆਂ ਵਿੱਚ ਲਿਖੇ ਗਏ, ਗਾਏ ਗਏ। ਤਾਂਗ ਅਤੇ ਸੁੰਗ ਸਲਤਨਤਾਂ ਦੇ ਸਮੇਂ ਚੀਨੀ ਮਿੱਟੀ ਦਾ ਵਿਕਾਸ ਹੋਇਆ ਤਦ ਬੂਟਿਆਂ ਵਾਸਤੇ ਅਦਭੁਤ ਸੁੰਦਰ ਸੰਦੂਕੜੀਆਂ ਬਣਾਈਆਂ ਗਈਆਂ, ਗਮਲੇ ਨਹੀਂ, ਮੋਤੀਆਂ ਪੰਨਿਆਂ ਨਾਲ ਜੜਿਤ ਮਹਿਲ। ਹਰੇਕ ਬੂਟੇ ਵਾਸਤੇ ਵਖ ਮਾਲੀ ਹੋਇਆ ਕਰਦਾ ਸੀ ਜਿਹੜਾ ਫੁੱਲਾਂ ਪਤੀਆਂ ਨੂੰ ਖਰਗੋਸ਼ ਦੇ ਵਾਲਾਂ ਤੋਂ ਬਣੇ ਬੁਰਸ਼ ਨਾਲ ਸਾਫ਼ ਕਰਿਆ ਕਰਦਾ। ਲਿਖਿਆ ਮਿਲਦਾ ਹੈ ਕਿ ਪੀਓਨੀ ਨਾਮ ਦੇ ਬੂਟੇ ਨੂੰ ਸਜੀ ਧਜੀ ਮੁਟਿਆਰ ਇਸ਼ਨਾਨ ਕਰਵਾਏ ਤੇ ਸਰਦੀਆਂ ਵਿੱਚ ਆੜੂ ਦੇ ਬੂਟੇ ਨੂੰ ਪਤਲੇ ਜਿਸਮ ਦਾ ਪੀਲੇ ਚੋਲੇ ਵਾਲਾ ਸਾਧੂ ਪਾਣੀ ਦੇਵੇ। ਜਾਪਾਨ ਦੇ ਬਹੁਤ ਹਰਮਨਪਿਆਰੇ ਨ੍ਰਿਤਨਾਟਾਂ ਵਿੱਚੋਂ ਇਕ ਹਚੀਨੋਕੀ ਹੈ ਜੋ ਅਸ਼ਿਕਾਂਗ ਯੁਗ ਵਿੱਚ ਸਿਰਜਿਆ ਗਿਆ। ਇਹ ਗਰੀਬੀ ਭੋਗ ਰਹੇ ਇਕ ਸ਼ਾਹਜ਼ਾਦੇ ਦੀ ਕਹਾਣੀ ਹੈ ਜਿਹੜਾ ਬਾਲਣ ਨਾ ਹੋਣ ਕਰਕੇ ਸਰਦੀਆਂ ਵਿੱਚ ਥਰ ਥਰ ਕੰਬ ਰਿਹਾ ਹੈ। ਇਹ ਸ਼ਾਹਜ਼ਾਦਾ ਹੋਰ ਕੋਈ ਨਹੀਂ ਹੋਜੋ- ਤੋਕੀਓਰੀ ਹੈ, ਸਾਡੀਆਂ ਕਹਾਣੀਆਂ ਵਿਚਲਾ ਪ੍ਰਸਿੱਧ ਨਾਇਕ, ਹਾਰੂਨ ਰਸ਼ੀਦ। ਉਹ ਨਿੱਘ ਵਾਸਤੇ ਆਪਣੇ ਬਹੁਤ ਪਿਆਰੇ ਬੂਟੇ ਕਟਦਾ ਹੈ। ਅੱਜ ਵੀ ਜਦ ਇਹ ਓਪੇਰਾ ਖੇਡਿਆ ਜਾਂਦਾ ਹੈ, ਟੋਕੀਓ ਦੇ ਦਰਸ਼ਕ ਹੰਝੂ ਨਹੀਂ ਰੋਕ ਸਕਦੇ।

ਨਾਜ਼ਕ ਫੁੱਲਾਂ ਦੀਆਂ ਬਹਾਰਾਂ ਦੀ ਹਿਫਾਜ਼ਤ ਵਾਸਤੇ ਪੂਰੀ ਸਾਵਧਾਨੀ ਵਰਤੀ ਜਾਂਦੀ ਸੀ। ਤਾਂਗ ਸਲਤਨਤ ਦਾ ਬਾਦਸ਼ਾਹ ਹਿਊਨਸਾਂਗ ਆਪਣੇ ਬਾਗ ਦੇ ਰੁੱਖਾਂ ਨਾਲ ਸੋਨੇ ਦੀਆਂ ਟੱਲੀਆਂ ਬੰਨ੍ਹਵਾਇਆ ਕਰਦਾ ਸੀ ਤਾਂ ਕਿ ਪੰਛੀ ਉੱਡ ਜਾਣ। ਇਹੀ ਤਾਂ ਸੀ ਜਿਹੜਾ ਸੂਖਮ ਸੰਗੀਤ ਰਾਹੀਂ ਫੁੱਲਾਂ ਨੂੰ ਅਨੰਦਿਤ ਕਰਨ ਵਾਸਤੇ ਆਪਣੇ ਸੰਗੀਤਕਾਰਾਂ ਨਾਲ ਬਾਗ ਵਿੱਚ ਜਾਇਆ ਕਰਦਾ। ਇਕ ਫੱਟੀ ਗੱਡੀ ਪਈ ਹੈ ਜਿਸ ਬਾਰੇ ਰਵਾਇਤ ਦਸਦੀ ਹੈ ਯੋਸ਼ੀਸੂ, ਸਾਡੀਆਂ ਕਹਾਣੀਆਂ ਦੇ ਨਾਇਕ ਨੇ ਤਿਆਰ ਕਰਵਾਈ ਸੀ। ਇਕ ਜਾਪਾਨੀ ਆਸ਼ਰਮ ਵਿੱਚ ਸਾਂਭੀ ਪਈ ਦੇਖੀ ਜਾ ਸਕਦੀ ਹੈ। ਇਹ ਤਖਤੀ ਕਿਸੇ ਅਦਭੁਤ

ਆਲੂਬੁਖਾਰੇ ਦੇ ਦਰਖ਼ਤ ਨੂੰ ਬਚਾਉਣ ਲਈ ਲਿਖਵਾ ਕੇ ਗਡਵਾਈ ਸੀ। ਉਸ ਸਮੇਂ ਦੇ ਜੰਗੀ ਸੁਭਾਅ ਕਾਰਨ ਇਸ ਤਖਤੀ ਤੇ ਲਿਖਿਆ ਹੈ, "ਜਿਹੜਾ ਇਸ ਰੁੱਖ ਦੀ ਟਾਹਣੀ ਕੱਟਣੀ ਚਾਹੇ, ਪਹਿਲਾਂ ਆਪਣੀ ਉਂਗਲ ਕੱਟ ਕੇ ਇਸ ਦੀ ਜੜ੍ਹ ਵਿੱਚ ਰੱਖੇ।" ਜਿਹੜੇ ਮੌਜਮੇਲਾ ਕਰਦਿਆਂ ਫੁੱਲਾਂ ਦਾ ਨਾਸ ਮਾਰਦੇ ਹਨ ਤੇ ਆਰਟ ਦੀਆਂ ਵਸਤਾਂ ਦੀ ਭੰਨ ਤੋੜ ਕਰਦੇ ਹਨ, ਉਨ੍ਹਾਂ ਵਾਸਤੇ ਕੀ ਅੱਜ ਕੱਲ੍ਹ ਕੋਈ ਅਜਿਹਾ ਕਾਨੂੰਨ ਬਣ ਸਕਦਾ ਹੈ ?

ਗਮਲਿਆਂ ਵਿੱਚ ਲੱਗੇ ਬੂਟਿਆਂ ਬਾਰੇ ਸੋਚਦਿਆਂ ਮਹਿਸੂਸ ਹੁੰਦਾ ਹੈ ਕਿ ਇਹ ਵੀ ਆਦਮੀ ਦੀ ਸਵਾਰਥੀ ਕਰਤੂਤ ਹੈ। ਬੂਟਿਆਂ ਨੂੰ ਉਨ੍ਹਾਂ ਦੇ ਘਰਾਂ ਤੋਂ ਵਿਛੋੜ ਕੇ ਉਨ੍ਹਾਂ ਨੂੰ ਅਜੀਬ ਥਾਵਾਂ ਤੇ ਖਿੜਨ ਲਈ ਮਜਬੂਰ ਕਿਉਂ ਕਰੀਏ ? ਕੀ ਇਹ ਇਸੇ ਤਰ੍ਹਾਂ ਨਹੀਂ ਜਿਵੇਂ ਪੰਛੀਆਂ ਨੂੰ ਫੜ ਕੇ ਪਿੰਜਰੇ ਵਿੱਚ ਬੰਦ ਕਰੀਏ, ਫਿਰ ਕਹੀਏ ਗੀਤ ਗਾਉ, ਚਹਿਚਹਾਉ। ਜਿਹੜੇ ਦੁਰਲਭ ਬੂਟੇ ਤੁਸੀਂ ਗਮਲਿਆਂ ਵਿੱਚ ਆਪਣੀ ਛੱਤ ਹੇਠ ਰੱਖੇ ਹਨ, ਆਪਣਾ ਦੱਖਣੀ ਅਸਮਾਨ ਦੇਖਣ ਬਗ਼ੈਰ ਕੀ ਉਨ੍ਹਾਂ ਦਾ ਦਮ ਨਹੀਂ ਘੁਟਦਾ ਹੋਣਾ ?

ਫੁੱਲਾਂ ਦਾ ਅਸਲ ਆਸ਼ਕ ਉਹ ਹੈ ਜਿਹੜਾ ਤਾਉ ਯੂਆਨ ਮਿੰਗ ਵਾਂਗ ਉਨ੍ਹਾਂ ਨੂੰ ਮਿਲਣ ਉਨ੍ਹਾਂ ਦੇ ਆਪਣੇ ਘਰਾਂ ਵਿੱਚ ਜਾਵੇ। ਟੁੱਟੀ ਭੱਜੀ ਬਾਂਸਾਂ ਦੀ ਵਾੜ ਨੇੜੇ ਬੈਠ ਕੇ ਉਹ ਗੁਲਦਾਊਦੀ ਨਾਲ ਗੱਲਾਂ ਕਰਿਆ ਕਰਦਾ। ਪੱਛਮੀ ਝੀਲ ਕਿਨਾਰੇ ਤਾਰਿਆਂ ਜੜੇ ਅਸਮਾਨ ਹੇਠ, ਲਿਨ ਹੋ ਚਿੰਗ ਆਲੂ ਬੁਖਾਰਿਆਂ ਦੀ ਰਹੱਸਮਈ ਸੁਗੰਧੀ ਵਿੱਚ ਘੁੰਮੀ ਜਾਂਦਾ। ਚੋ ਮੋ ਸ਼ੀਉ, ਝੀਲ ਕਿਨਾਰੇ ਆਪਣੀ ਕਿਸ਼ਤੀ ਵਿੱਚ ਸੌਂ ਜਾਇਆ ਕਰਦਾ ਤਾਂ ਕਿ ਉਸ ਨੂੰ ਉਹੀ ਸੁਫਨੇ ਆਉਣ ਜਿਹੜੇ ਕੰਵਲ ਫੁੱਲਾਂ ਨੂੰ ਆਉਂਦੇ ਹਨ। ਨਾਰਾ ਸਲਤਨਤ ਦੀ ਸਾਡੀ ਸਭ ਤੋਂ ਪ੍ਰਸਿੱਧ ਸ਼ਾਹਜ਼ਾਦੀ ਕੋਮੀਓ ਇਸੇ ਅਨੁਭਵ ਨਾਲ ਗਾਇਆ ਕਰਦੀ :

ਤੋੜਾਂ, ਕੁਮਲਾ ਜਾਣ

ਛੁਹਾਂ, ਜੂਠੇ ਹੋ ਜਾਣ

ਹੇ ਭੂਤਕਾਲ ਦੇ ਬੁੱਧ

ਹੇ ਵਰਤਮਾਨ ਬੁੱਧ

ਹੇ ਭਵਿੱਖਾਂ ਦੇ ਬੁੱਧ

ਸੰਸਾਰ ਦੇ ਬਾਗਾਂ ਵਿੱਚ ਖਿੜੇ ਖਿੜਾਏ ਸਾਰੇ ਫੁੱਲ

ਮੈਂ ਇਸੇ ਤਰ੍ਹਾਂ ਆਪਦੇ ਚਰਨਾਂ ਵਿੱਚ ਭੇਟ ਕਰਦੀ ਹਾਂ।

ਮਨਜ਼ੂਰ ਕਰੋ ਮਹਾਰਾਜ।

ਕਿਤੇ ਭਾਵਕ ਵੀ ਨਾ ਹੋ ਜਾਈਏ ਬਹੁਤੇ। ਅੱਯਾਸ਼ ਘੱਟ ਤੇ ਸ਼ਾਨਦਾਰ ਵਧੀਕ ਲਾਉਜ਼ੂ ਨੇ ਕਿਹਾ ਸੀ- ਜ਼ਮੀਨ ਅਸਮਾਨ ਬੇਰਹਿਮ ਹਨ। ਕੋਬੋਦੇਸ਼ ਨੇ ਕਿਹਾ- ਵਗ ਵਗ, ਵਗ ਵਗ ਮੇਰੀ ਜਿੰਦੜੀਏ, ਮਰ ਮਰ, ਮਰ ਮਰ, ਮੇਰੀ ਜਿੰਦੜੀਏ, ਸਭ ਦੇ ਲੇਖਾਂ ਵਿੱਚ ਇਹੋ ਧੁਰੋਂ ਲਿਖਿਆ ਆਇਐ। ਜਿਸ ਪਾਸੇ ਮਰਜ਼ੀ ਗਰਦਣ ਘੁਮਾ ਲਉ, ਬਰਬਾਦੀ ਹੀ ਬਰਬਾਦੀ; ਹੇਠ ਉੱਪਰ, ਅੱਗੇ ਪਿੱਛੇ, ਸੱਜੇ ਖੱਬੇ, ਹਰ ਥਾਂ। ਕੋਈ ਚੀਜ਼ ਥਿਰ ਹੈ ਤਾਂ ਤਬਦੀਲੀ। ਜੀਵਨ ਦਾ ਜਿਵੇਂ ਕਰਦੇ ਹਾਂ, ਮੌਤ ਦਾ ਸਵਾਗਤ ਕਿਉਂ ਨੀ ਕਰਦੇ ? ਇੱਕੋ ਚੀਜ਼ ਦੇ ਦੋ ਹਿੱਸੇ ਤਾਂ ਹਨ ਇਹ, ਬ੍ਰਹਮਾ ਦੇ ਦਿਨ ਤੇ ਰਾਤ। ਪੁਰਾਣੇ ਦੀ ਟੁੱਟ ਭੱਜ ਵਿੱਚੋਂ ਨਵੇਂ ਦਾ ਜਨਮ ਸੰਭਵ ਹੈ। ਦਇਆ ਦੀ ਦੇਵੀ, ਨਿਰੰਤਰ ਮੌਤ ਦੇ ਕਈ ਨਾਮ ਰੱਖ ਰੱਖ ਅਸੀਂ ਇਸ ਨੂੰ ਪੂਜਿਆ। ਜਿਹੜਾ ਮਹਾਂਕਾਲ ਸਰਬੱਤ ਨੂੰ ਨਿਗਲ ਜਾਏਗਾ, ਗੇਬੁਰ ਨੇ ਅਗਨੀ ਸਾਹਮਣੇ ਉਸੇ ਦਾ ਸਵਾਗਤ ਕੀਤਾ ਸੀ। ਤਲਵਾਰ ਦੀ ਰੂਹ, ਬਰਫ ਵਰਗੀ ਸ਼ੁੱਧ ਸ਼ਕਤੀ ਨੂੰ ਸ਼ਿੰਟੋ ਜਾਪਾਨ ਅੱਜ ਤੱਕ ਮੂਧੇ ਮੂੰਹ ਲੇਟ ਕੇ ਪ੍ਰਣਾਮ ਕਰਦਾ ਹੈ। ਅਦਭੁਤ ਅਗਨੀ ਸਾਡੀ ਕਮਜ਼ੋਰੀ ਨਿਗਲ ਲੈਂਦੀ ਹੈ, ਤਲਵਾਰ ਦੀ ਤੇਜ਼ ਧਾਰ ਇਛਾਵਾਂ ਦਾ ਬੰਧਨ ਕੱਟ ਦਿੰਦੀ

ਹੈ। ਸਾਡੀ ਸੁਆਹ ਵਿੱਚੋਂ ਅਮਰ ਉਮੀਦ ਦਾ ਫੀਨਿਕਸ ਪ੍ਰਕਾਸ਼ਵਾਨ ਹੋਇਆ ਕਰਦਾ ਹੈ, ਮੁਕਤੀ ਵਿੱਚੋਂ ਮਰਦਾਨਗੀ ਦਾ ਦੈਵੀ ਪ੍ਰਕਾਸ਼ ਪੈਦਾ ਹੁੰਦਾ ਹੈ।

ਇਸ ਨਾਲ ਜੇ ਨਵੇਂ ਸੰਸਾਰ ਦਾ ਨਿਰਮਾਣ ਹੋ ਸਕਦਾ ਹੈ, ਫਿਰ ਫੁੱਲਾਂ ਨੂੰ ਖ਼ਤਮ ਨਾ ਕਰ ਦੇਈਏ ? ਜਦੋਂ ਹੁਸਨਲ ਚਰਾਗ ਸਾਹਮਣੇ ਬਲੀ ਦੇਣੀ ਹੋਵੇ ਉਦੋਂ ਫੁੱਲ ਆਪਣੇ ਨਾਲ ਲਿਜਾਂਦੇ ਹਾਂ। ਪਵਿੱਤਰਤਾ ਅਤੇ ਸਾਦਗੀ ਨੂੰ ਸਮਰਪਣ ਹੋ ਕੇ ਉਚਤਮ ਮੰਜ਼ਲ ਹਾਸਲ ਹੋ ਸਕਦੀ ਹੈ। ਫੁੱਲਾਂ ਦਾ ਪੰਥ ਸਾਜਣ ਵੇਲੇ ਚਾਹ ਉਸਤਾਦਾਂ ਨੇ ਇਹੋ ਜਿਹਾ ਤਰਕ ਪੇਸ਼ ਕੀਤਾ ਸੀ।

ਜਿਹੜਾ ਸਾਡੇ ਚਾਹ ਉਸਤਾਦਾਂ ਅਤੇ ਮਾਲੀਆਂ ਤੋਂ ਵਾਕਫ ਹੈ ਉਹ ਜਾਣਦਾ ਹੈ ਕਿ ਫੁੱਲਾਂ ਦੀ ਅਰਾਧਨਾ ਧਰਮ ਹੈ, ਉਹ ਮਨਮਰਜ਼ੀ ਨਾਲ ਫੁੱਲ ਨਹੀਂ ਤੋੜਦੇ, ਹਰੇਕ ਟਾਹਣੀ ਨੂੰ ਨੀਝ ਲਾ ਕੇ ਦੇਖਦੇ ਹਨ, ਉਸ ਅੱਖ ਨਾਲ ਜਿਹੜੀ ਆਰਟ ਦੀ ਜੁਗਲਬੰਦੀ ਤੋਂ ਵਾਕਫ ਹੈ। ਲੋੜ ਤੋਂ ਵਧੀਕ ਕੋਈ ਟਾਹਣੀ ਕੱਟੀ ਜਾਵੇ, ਉਹ ਸ਼ਰਮਸਾਰ ਹੋਇਆ ਕਰਦੇ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਫੁੱਲਾਂ ਨਾਲ ਉਹ ਪੱਤਿਆਂ ਦਾ ਸੰਜੋਗ ਜੋੜੀ ਰੱਖਦੇ ਕਿਉਂਕਿ ਉਨ੍ਹਾਂ ਦਾ ਕੰਮ ਬੂਟੇ ਦੀ ਪੂਰਨ ਸੁੰਦਰਤਾ ਪੇਸ਼ ਕਰਨਾ ਹੋਇਆ ਕਰਦਾ ਸੀ। ਇਸ ਪੱਖੋਂ, ਹੋਰਨਾਂ ਪੱਖਾਂ ਤੋਂ ਵੀ ਉਨ੍ਹਾਂ ਦਾ ਤਰੀਕਾ ਪੱਛਮੀ ਦੇਸ਼ਾਂ ਤੋਂ ਵੱਖਰਾ ਹੁੰਦਾ। ਹੁਣ ਸਾਨੂੰ ਟਾਹਣੀ ਤੇ ਲੱਗਾ ਕੇਵਲ ਫੁੱਲ ਦੇਖਣ ਦੀ ਆਦਤ ਪੈ ਗਈ ਹੈ, ਸਰੀਰ ਬਿਨਾਂ ਸਿਰ। ਵੱਖ ਵੱਖ ਕਿਸਮਾਂ ਦੇ ਫੁੱਲ ਇਕੋ ਸੁਰਾਹੀ ਉੱਪਰ ਟੰਗੇ ਹੋਏ।

ਚਾਹ ਉਸਤਾਦ ਜਦੋਂ ਸੰਤੁਸ਼ਟ ਹੋ ਜਾਏ ਕਿ ਫੁੱਲ ਦੀ ਸਜਾਵਟ ਠੀਕ ਹੈ ਤਦ ਉਹ ਇਸਨੂੰ ਤੋਕੋਨੋਮਾ ਉੱਪਰ ਰੱਖ ਦਏਗਾ, ਜਾਪਾਨੀ ਕਮਰੇ ਵਿੱਚ ਸਭ ਤੋਂ ਸਨਮਾਨਿਤ ਕੇਂਦਰੀ ਥਾਂ। ਕੋਈ ਹੋਰ ਅਜਿਹੀ ਵਸਤ ਇਸ ਦੇ ਨੇੜੇ ਨਹੀਂ ਰੱਖੀ ਜਾਏਗੀ ਜਿਹੜੀ ਇਸ ਦੇ ਪ੍ਰਭਾਵ ਵਿੱਚ ਵਿਘਨ ਪਾਏ, ਪੇਂਟਿੰਗ ਵੀ ਨਹੀਂ, ਜੇ ਕਿਸੇ ਵਜ੍ਹਾ ਕਰਕੇ ਪੇਂਟਿੰਗ ਨਾਲ ਸੌਂਦਰਯਬੋਧ ਵਿੱਚ ਵਾਧਾ ਹੋਵੇ, ਫਿਰ ਹੋਰ ਗੱਲ ਹੈ। ਗੱਦੀਨਸ਼ੀਨ ਸ਼ਾਹਜ਼ਾਦੇ ਵਾਂਗ ਇਹ ਬਿਰਾਜਮਾਨ ਹੋਵੇਗਾ।

ਮਹਿਮਾਨ, ਵਿਦਿਆਰਥੀ ਕਮਰੇ ਅੰਦਰ ਆਉਣ ਸਾਰ ਪਹਿਲਾਂ ਦੂਹਰੇ ਝੁਕ ਕੇ ਇਸ ਨੂੰ ਪ੍ਰਣਾਮ ਕਰਨਗੇ ਫਿਰ ਮੇਜ਼ਬਾਨ ਨੂੰ ਮਿਲਣਗੇ। ਸਿਖਾਂਦਰੂਆਂ ਦੀ ਅਗਵਾਈ, ਨਸੀਹਤ ਵਾਸਤੇ ਮੂਲ ਪ੍ਰਤੀ ਦੀਆਂ ਡ੍ਰਾਇੰਗਾਂ ਤਿਆਰ ਕਰਵਾ ਕੇ ਵੰਡੀਆਂ ਜਾਂਦੀਆਂ ਹਨ। ਇਸ ਵਿਸ਼ੇ ਉੱਪਰ ਲਿਟਰੇਚਰ, ਬੰਡਲਾਂ ਦੇ ਬੰਡਲ। ਕੁਮਲਾ ਜਾਣ ਤੇ ਉਸਤਾਦ ਸਹਿਜ ਨਾਲ ਇਸ ਨੂੰ ਦਰਿਆ ਵਿੱਚ ਜਲ ਪ੍ਰਵਾਹ ਕਰ ਦਿੰਦਾ ਹੈ ਜਾਂ ਫਿਰ ਸਾਵਧਾਨੀ ਨਾਲ ਜ਼ਮੀਨ ਵਿੱਚ ਦਫ਼ਨ ਕਰਦਾ ਹੈ। ਫੁੱਲ ਦੀ ਯਾਦਗਾਰ ਵਜੋਂ ਕਦੀ ਕਦੀ ਤਾਂ ਕੋਈ ਇਮਾਰਤ ਵੀ ਤਾਮੀਰ ਕਰ ਦਿੱਤੀ ਜਾਂਦੀ ਹੈ।

ਫੁੱਲਾਂ ਦੀ ਸਜਾਵਟ ਦੇ ਆਰਟ ਦਾ ਜਨਮ ਪੰਦਰਵੀਂ ਸਦੀ ਵਿੱਚ ਚਾਹਵਾਦ ਦੇ ਜਨਮ ਨਾਲ ਹੀ ਸ਼ੁਰੂ ਹੋਇਆ ਲਗਦਾ ਹੈ। ਸਾਖੀਆਂ ਅਨੁਸਾਰ ਪਹਿਲੀ ਵਾਰ ਫੁੱਲਾਂ ਦੀ ਸਜਾਵਟ ਦਾ ਰਿਵਾਜ ਪੁਰਾਤਨ ਬੋਧ ਸਾਧੂਆਂ ਨੇ ਪਾਇਆ ਸੀ। ਸਾਰੀਆਂ ਜੀਵੰਤ ਚੀਜ਼ਾਂ ਨੂੰ ਪਿਆਰ ਕਰਨ ਵਾਲੇ ਇਕਾਂਤਵਾਸੀ ਸਾਧੂ ਝੱਖੜ ਹਨੇਰੀ ਨਾਲ ਟੁੱਟੇ ਫੁੱਲਾਂ ਨੂੰ ਚੁਗ ਕੇ ਪਾਣੀ ਨਾਲ ਭਰੇ ਕਟੋਰਿਆਂ ਉੱਪਰ ਤੈਰਾ ਦਿੰਦੇ। ਕਹਿੰਦੇ ਨੇ ਮਹਾਨ ਪੇਂਟਰ ਅਤੇ ਆਸ਼ਿਕਾਗਾ ਯੋਸ਼ੀਮਾਸਾ ਬਾਦਸ਼ਾਹ ਦੇ ਦਰਬਾਰ ਦਾ ਵਜ਼ੀਰ ਸੋਆਮੀ ਪਹਿਲਾ ਮਹਾਂਪੁਰਖ ਸੀ ਜਿਸਨੇ ਇਸ ਰਿਵਾਜ਼ ਨੂੰ ਪ੍ਰਚਲਤ ਕੀਤਾ। ਚਾਹ ਉਸਤਾਦ ਜੂਕੋ ਉਸਦਾ ਚੇਲਾ ਸੀ, ਸੇਨੋ ਵੀ, ਜਿਸਨੇ ਈਕੇਨੋਬੋ ਪ੍ਰਣਾਲੀ ਦੀ ਨੀਂਹ ਰੱਖੀ। ਸੇਨੋ ਫੁੱਲਾਂ ਦੇ ਜਹਾਨ ਦਾ ਤੇ ਕਾਨੋਸ ਚਿਤਰਕਾਰੀ ਦੀ ਦੁਨੀਆ ਦੇ ਮਾਲਕ ਸਨ। ਸੋਲ੍ਹਵੀਂ ਸਦੀ ਦੇ ਅਖ਼ੀਰ ਵਿੱਚ ਰਿਕਯੂ ਅਤੇ ਉਸਦੇ ਵਾਰਸਾਂ ਦੀ ਸਲਤਨਤ ਵੇਲੇ ਫੁੱਲਾਂ ਦੀ ਸੱਜਾ ਧੱਜਾ ਜੋਬਨ ਤੇ ਪੁੱਜੀ। ਰਿਕਯੂ ਦੇ ਪ੍ਰਸਿੱਧ ਵਾਰਸ ਓਟਾ ਵੂਰਾਕਾ, ਫੁਰੂਕਾ ਓਰੀਬੇ, ਕੋਇਸੂ, ਕੋਬੋਰੀ ਇਨਸ਼ੂ ਅਤੇ ਕਤਾਗਿਰੀ ਸਕੇਸ਼ੂ ਦੇ ਫੁੱਲਾਂ ਦੀ ਸਜਾਵਟ ਦੇ ਨਵੇਂ ਨਵੇਂ ਨਮੂਨਿਆਂ ਲਈ ਮੁਕਾਬਲੇ ਹੁੰਦੇ। ਇੱਥੇ ਇਹ ਗੱਲ ਧਿਆਨ ਵਿੱਚ ਰੱਖਣ ਵਾਲੀ ਹੈ ਕਿ ਚਾਹ ਉਸਤਾਦਾਂ ਵੱਲੋਂ ਕੀਤੀ ਜਾਂਦੀ ਪੁਸ਼ਪ-ਪੂਜਾ ਉਨ੍ਹਾਂ ਦੇ ਨਿੱਜੀ ਸੌਂਦਰਯ ਬੋਧ ਅਤੇ ਸੁਹਜ ਸੁਆਦ ਦਾ ਸਿੱਟਾ

ਸੀ ਨਾ ਕਿ ਕੋਈ ਨਵਾਂ ਧਰਮ। ਚਾਹਖਾਨੇ ਵਿੱਚ ਨਿਭਾਈ ਜਾ ਰਹੀ ਰਸਮ ਵਾਸਤੇ ਜਿਵੇਂ ਆਰਟ ਦੇ ਕਈ ਸਾਧਨ ਵਰਤੋਂ ਵਿੱਚ ਆਉਂਦੇ, ਫੁੱਲਾਂ ਦੀ ਸਜਾਵਟ ਵੀ ਉਨ੍ਹਾਂ ਵਿੱਚੋਂ ਇਕ ਹੁੰਦੀ, ਇਹ ਨਹੀਂ ਕਿ ਫੁੱਲਾਂ ਦੀ ਸਜਾਵਟ ਹੀ ਮਨੋਰਥ ਹੋਵੇ। ਸੇਕੀਸ਼ੂ ਨੇ ਹੁਕਮ ਦਿੱਤਾ ਕਿ ਜਦੋਂ ਬਾਗਾਂ ਵਿੱਚ ਬਰਫ਼ ਵਿਛੀ ਪਈ ਹੋਵੇ ਉਦੋਂ ਆਲੂਬੁਖਾਰੇ ਦੇ ਸਫੈਦ ਫੁੱਲਾਂ ਦੀ ਵਰਤੋਂ ਕਰਨੀ ਮਨ੍ਹਾ ਹੈ। ਜਿਹੜੇ ਫੁੱਲ ਰੌਲਾ ਪਾਉਂਦੇ ਹਨ, ਚਾਹਖਾਨੇ ਵਿੱਚ ਉਨ੍ਹਾਂ ਦੇ ਦਾਖਲੇ ਤੇ ਪਾਬੰਦੀ ਲਾਈ। ਚਾਹ ਉਸਤਾਦ ਨੇ ਜਦੋਂ ਫੁੱਲਾਂ ਦੀ ਸਜਾਵਟ ਮੁਕੰਮਲ ਕਰ ਦਿੱਤੀ, ਉਸ ਪਿੱਛੋਂ ਕੋਈ ਫੁੱਲ ਇਧਰ ਉਧਰ ਨਹੀਂ ਸਰਕਾਇਆ ਜਾਏਗਾ ਕਿਉਂਕਿ ਇਸ ਨਾਲ ਸੌਂਦਰਯ ਦਾ ਸਾਰਾ ਤਵਾਜ਼ਨ ਵਿਗੜ ਜਾਏਗਾ, ਸਾਰੀ ਮਿਹਨਤ ਬੇਕਾਰ ਹੋ ਜਾਵੇਗੀ।

ਸਤਾਰ੍ਹਵੀਂ ਸਦੀ ਦੇ ਮੱਧ ਵਿੱਚ ਜਿਉਂ ਜਿਉਂ ਉਸਤਾਦ ਮਾਲੀਆਂ ਦੀ ਕਦਰ ਵਧੀ, ਫੁੱਲਾਂ ਦੀ ਸਜਾਵਟ ਦਾ ਦੌਰ ਸੁਤੰਤਰ ਸ਼ੁਰੂ ਹੋ ਗਿਆ। ਇਸ ਉੱਪਰੋਂ ਚਾਹਖਾਨੇ ਦੇ ਰਹਿਤਨਾਮੇ ਦੀ ਬੰਦਸ਼ ਚੁੱਕੀ ਗਈ, ਬਸ ਫੁੱਲਦਾਨ ਜੋ ਨਿਯਮਾਂਵਲੀ ਲਾਗੂ ਕਰੇਗਾ, ਮੰਨੀ ਜਾਏਗੀ। ਇਸ ਨਾਲ ਨਵੇਂ ਸੰਕਲਪ, ਨਵੇਂ ਵਿਧੀ ਵਿਧਾਨ ਪ੍ਰਚੱਲਤ ਹੋ ਗਏ, ਫੁੱਲਾਂ ਦੀਆਂ ਟਕਸਾਲਾਂ ਸਥਾਪਤ ਹੋ ਗਈਆਂ। ਪਿਛਲੀ ਸਦੀ ਦੇ ਅੱਧ ਵਿਚਕਾਰ ਇਕ ਲੇਖਕ ਨੇ ਫੁੱਲਾਂ ਦੀ ਸਜਾਵਟ ਦੀਆਂ ਸੌ ਤੋਂ ਵਧੀਕ ਟਕਸਾਲਾਂ ਲੱਭ ਲਈਆਂ ਸਨ। ਇਨ੍ਹਾਂ ਨੂੰ ਦੋ ਮੁੱਖ ਧਾਰਾਵਾਂ ਵਿੱਚ ਵੰਡਿਆ ਜਾ ਸਕਦਾ ਹੈ– ਰੂਪਵਾਦੀ ਅਤੇ ਪ੍ਰਕ੍ਰਿਤੀਵਾਦੀ। ਇਕੇਨੋਬੋ ਦੀ ਅਗਵਾਈ ਵਿੱਚ ਰੂਪਵਾਦੀਆਂ ਨੇ ਸਨਾਤਨੀ ਆਦਰਸ਼ਵਾਦ ਵੱਲ ਰੁੱਖ ਕੀਤਾ ਜਿਸ ਵਿੱਚੋਂ ਕਾਨੋ ਵਿਦਵਾਨ ਪੈਦਾ ਹੋਏ। ਇਸ ਟਕਸਾਲ ਦੇ ਪੁਰਾਣੇ ਉਸਤਾਦਾਂ ਦਾ ਸਾਡੇ ਕੋਲ ਰਿਕਾਰਡ ਹੈ ਜਿਸ ਵਿੱਚੋਂ ਸਾਂਸੇਸ਼ੂ ਅਤੇ ਸੁਨੇਨੋਬੂ ਚਿਤਰਕਾਰਾਂ ਦੀਆਂ ਪੇਂਟਿੰਗਜ਼ ਬਣੀਆਂ। ਜਿਵੇਂ ਕਿ ਨਾਮ ਤੋਂ ਸਪਸ਼ਟ ਹੈ, ਦੂਜੇ ਪਾਸੇ ਪ੍ਰਕ੍ਰਿਤੀਵਾਦੀਆਂ ਦੀ ਟਕਸਾਲ ਨੇ ਕੁਦਰਤ ਨੂੰ ਆਪਣਾ ਮਾਡਲ ਮੰਨਿਆ, ਇਹੋ ਜਿਹੇ ਬਦਲਾਉ ਕਰ ਲਏ ਜਿਹੜੇ ਕਲਾਤਮਕ ਏਕਤਾ

ਪ੍ਰਗਟ ਕਰਨ ਲਈ ਪ੍ਰੇਰਕ ਹੋਣ। ਇਨ੍ਹਾਂ ਦੀਆਂ ਕਿਰਤਾਂ ਵਿੱਚੋਂ ਉਕੀਯੋ ਅਤੇ ਸ਼ਿਜੋ ਟਕਸਾਲ ਦੀਆਂ ਤਸਵੀਰਾਂ ਦੀ ਕਲਾ ਧੜਕਦੀ ਹੈ।

ਜੇ ਸਮਾਂ ਹੋਵੇ, ਇਸ ਕਾਲ ਦੇ ਉਸਤਾਦਾਂ ਵੱਲੋਂ ਘੜੇ ਫੁੱਲਾਂ ਦੀ ਸਜਾਵਟ ਦੇ ਨਿਯਮਾਂ ਤਰੀਕਿਆਂ ਬਾਰੇ ਵਿਸਥਾਰ ਨਾਲ ਜਾਣਿਆ ਜਾ ਸਕਦਾ ਹੈ ਜਿਸ ਤੋਂ ਪਤਾ ਲੱਗੇਗਾ ਕਿ ਤਾਕੂਗਾਵਾ ਸਜਾਵਟ ਦੇ ਇਹ ਬੁਨਿਆਦੀ ਸਿਧਾਂਤ ਹਨ। ਉਹ ਤਿੰਨ ਤੱਤਾਂ ਦਾ ਜ਼ਿਕਰ ਕਰਦੇ ਹਨ :

1. ਉੱਤਮ ਤੱਤ (ਆਕਾਸ਼)
2. ਮੱਧਮ ਤੱਤ (ਧਰਤੀ)
3. ਅੱਨਯ ਜਾਂ ਗੌਣ ਤੱਤ (ਮਨੁੱਖ)

ਫੁੱਲਾਂ ਦੀ ਸਜਾਵਟ ਜੇ ਇਨ੍ਹਾਂ ਤਿੰਨ ਤੱਤਾਂ ਨੂੰ ਪ੍ਰਗਟ ਕਰਨ ਦੇ ਸਮਰੱਥ ਨਹੀਂ ਤਦ ਬੰਜਰ ਹੈ, ਮੁਰਦਾ ਹੈ। ਉਨ੍ਹਾਂ ਨੇ ਫੁੱਲਾਂ ਦੀ ਸਜਾਵਟ ਦੇ ਤਿੰਨ ਪੱਖਾਂ ਦੀ ਅਹਿਮੀਅਤ ਨੂੰ ਵੀ ਧਿਆਨ ਵਿੱਚ ਰੱਖਿਆ, ਰਸਮੀ, ਅਰਧ-ਰਸਮੀ ਤੇ ਗ਼ੈਰ-ਰਸਮੀ। ਰਸਮੀ ਸ਼ੈਲੀ ਡ੍ਰਾਇੰਗਰੂਮ ਵਾਸਤੇ ਹੈ ਜਿੱਥੇ ਫੁੱਲਾਂ ਨੂੰ ਸ਼ਾਨਦਾਰ ਵਸਤਰਾਂ ਵਿੱਚ ਸਜਾਇਆ ਗਿਆ ਹੋਵੇ, ਦੂਜੇ ਅਰਧ-ਰਸਮੀ ਵਿੱਚ ਦੁਪਹਿਰੇ ਪਹਿਨੇ ਜਾਣ ਵਾਲੇ ਸੁਹਣੇ ਲਿਬਾਸ ਵਿੱਚ ਤੇ ਤੀਜੇ ਗੈਰ-ਰਸਮੀ, ਸੌਣ ਵਾਲੇ ਕਮਰੇ ਵਿੱਚ ਕੀਤੀ ਰੁਮਾਂਟਿਕ ਸਜਾਵਟ।

ਸਾਡਾ ਨਿੱਜੀ ਸਰੋਕਾਰ ਮਾਲੀਆਂ ਨਾਲ ਨਹੀਂ, ਫੁੱਲਾਂ ਦੇ ਕਲਾ ਪ੍ਰਬੰਧਕ ਚਾਹ ਉਸਤਾਦਾਂ ਨਾਲ ਹੈ। ਫੁੱਲਾਂ ਦੀ ਸਜਾਵਟ ਉਹ ਕਲਾ ਹੈ ਜਿਹੜੀ ਸਾਡਾ ਸੰਬੰਧ ਜੀਵਨ ਨਾਲ ਜੋੜਦੀ ਹੈ। ਇਸ ਨੂੰ ਕੁਦਰਤੀ ਟਕਸਾਲ ਕਿਹਾ ਜਾ ਸਕਦਾ ਹੈ ਜੋ ਰੂਪਵਾਦੀ ਟਕਸਾਲ ਤੋਂ ਇਕਦਮ ਭਿੰਨ ਹੈ। ਚਾਹ ਉਸਤਾਦ ਫੁੱਲ ਚੁਣਦਾ ਹੈ, ਇਸ ਚੋਣ ਬਾਅਦ ਉਸਦਾ ਕੰਮ ਖ਼ਤਮ, ਹੁਣ ਫੁੱਲ ਆਪਣੀ ਕਥਾ ਆਪ ਸੁਣਾਉਣ। ਸ਼ਾਮੀ ਚਾਹਖਾਨੇ ਅੰਦਰ ਦਾਖ਼ਲ ਹੁੰਦਿਆਂ ਹੋ ਸਕਦਾ ਹੈ ਤੁਹਾਨੂੰ ਜੰਗਲੀ ਚੈਰੀ ਖਿਲਰੀ ਹੋਈ ਦਿਸੇ ਤੇ ਨਾਲ ਹੀ ਦਿਸਣ ਚਮੇਲੀ

ਦੀਆਂ ਕਲੀਆਂ। ਅਲਵਿਦਾ ਆਖਦੀ ਹੋਈ ਸਰਦੀ ਦੀ ਅਤੇ ਖੁਸ਼ਾਮਦੀਦ ਕਹਿੰਦੀ ਬਸੰਤ ਦੀ ਗੂੰਜ ਹੈ ਇਹ। ਗਰਮੀ ਦੇ ਤਪਦੇ ਦਿਨ ਜੇ ਤਿੜਕੀ ਦੁਪਹਿਰੇ ਤੁਸੀਂ ਕਿਸੇ ਚਾਹਖਾਨੇ ਜਾਉ, ਕਿਸੇ ਹਨੇਰੀ ਕਾਨਸ ਨਾਲ ਗਮਲੇ ਵਿੱਚ ਝੂਲਦੀ ਲਿੱਲੀ ਦੇਖੋ। ਇਸ ਵਿੱਚੋਂ ਚੋਂਦੀਆਂ ਤ੍ਰੇਲ ਬੂੰਦਾਂ ਜੀਵਨ ਦੀ ਮੂਰਖਤਾ ਉੱਪਰ ਨਿਰੰਤਰ ਹੱਸ ਰਹੀਆਂ ਹਨ।

ਇਕੱਲਾ ਇਕੱਲਾ ਗੀਤ ਗਾਉਂਦਾ ਫੁੱਲ ਵੀ ਵਧੀਆ ਪਰ ਪੇਂਟਿੰਗ ਅਤੇ ਬੁਤਤ੍ਰਾਸ਼ੀ ਦਾ ਸੰਗੀਤ ਆਰਕੈਸਟਰਾ ਬਣੇ, ਹੋਰ ਦਿਲਕਸ਼ ਹੋ ਜਾਂਦਾ ਹੈ। ਸੇਕੀਸ਼ੂ ਨੇ ਇਕ ਵਾਰ ਗੋਦਾਮ ਦੇ ਪੱਧਰ ਫਰਸ਼ ਉੱਪਰ ਕੁਝ ਬੂਟੇ ਇਉਂ ਰੱਖ ਦਿੱਤੇ ਜਿਵੇਂ ਝੀਲ ਜਾਂ ਦਲਦਲ ਉੱਪਰ ਹਰਿਆਵਲ ਤੈਰਦੀ ਹੋਵੇ। ਕੰਧ ਉੱਪਰ ਸੋਆਮੀ ਦੀ ਉਡਦੇ ਹੰਸਾਂ ਦੀ ਪੇਂਟਿੰਗ ਲਟਕਾ ਦਿੱਤੀ। ਅਗਲਾ ਚਾਹ ਉਸਤਾਦ ਸ਼ੋਹਾ ਆਇਆ, ਉਸਨੇ ਕਾਂਸੀ ਦਾ ਧੂਪ ਬਰਤਨ ਮਛੇਰੇ ਦੀ ਝੌਂਪੜੀ ਵਰਗਾ ਬਣਾ ਕੇ ਸਮੁੰਦਰ ਦੇ ਕਿਨਾਰੇ ਤੇ ਜੰਗਲੀ ਫੁੱਲਾਂ ਸੰਗ ਟਿਕਾ ਦਿੱਤਾ, ਨਾਲ ਟੰਗ ਦਿੱਤੀ ਕਵਿਤਾ ਜਿਸ ਵਿੱਚ ਵਿਛੋੜੇ ਦਾ ਸੌਂਦਰਯ ਸੀ। ਇਕ ਮਹਿਮਾਨ ਨੇ ਲਿਖਿਆ- ਸਾਰੀ ਕਲਾਕ੍ਰਿਤੀ ਵਿਚ ਵਿਦਾ ਹੁੰਦੀ ਪਤਝੜ ਮੈ ਅੱਖੀਂ ਦੇਖ ਲਈ।

ਫੁੱਲਾਂ ਦੀਆਂ ਸਾਖੀਆਂ ਮੁੱਕਣ ਵਿੱਚ ਨਹੀਂ ਆਉਂਦੀਆਂ। ਇਕ ਹੋਰ ਯਾਦ ਆ ਗਈ। ਹੁਣ ਵਾਂਗ ਸੋਲ੍ਹਵੀਂ ਸਦੀ ਵਿੱਚ ਵੀ ਨਰਗਿਸ ਦਾ ਬੂਟਾ ਦੁਰਲਭ ਹੁੰਦਾ ਸੀ। ਰਿਕੀਯੂ ਦਾ ਪੂਰਾ ਬਾਗ ਇਸ ਨਾਲ ਭਰਿਆ ਹੋਇਆ ਸੀ ਜਿਹੜਾ ਪੂਰੀ ਸਾਵਧਾਨੀ ਨਾਲ ਤਿਆਰ ਕੀਤਾ ਗਿਆ ਸੀ। ਉਸਦੇ ਬਾਗ ਦੀ ਸ਼ੋਭਾ ਤਾਈਕੋ ਤੱਕ ਅੱਪੜ ਗਈ, ਉਸਨੇ ਦੇਖਣ ਵਾਸਤੇ ਇੱਛਾ ਪ੍ਰਗਟਾਈ ਜਿਸ ਦੇ ਫਲਸਰੂਪ ਰਿਕੀਯੂ ਨੇ ਉਸਨੂੰ ਆਪਣੇ ਘਰ ਸਵੇਰ ਦੀ ਚਾਹ ਦਾ ਸੱਦਾ ਦੇ ਦਿੱਤਾ। ਮਿਥੇ ਦਿਨ ਤਾਈਕੋ ਆਇਆ ਪਰ ਨਰਗਿਸ ਦਾ ਕੋਈ ਬੂਟਾ ਕਿਧਰੇ ਨਾ। ਨਾਮੋਨਿਸ਼ਾਨ ਨਹੀਂ। ਜ਼ਮੀਨ ਪੱਧਰ ਕਰਕੇ ਰੇਤ ਉੱਪਰ ਗੋਲਮਟੋਲ ਪੱਥਰ ਗੀਟੇ ਖਿਲਾਰੇ ਹੋਏ। ਗੁੱਸੇ ਨਾਲ ਭਰਿਆ ਪੀਤਾ ਉਹ ਚਾਹਖਾਨੇ ਅੰਦਰ

ਗਿਆ। ਅੰਦਰ ਅਜਿਹਾ ਦ੍ਰਿਸ਼ ਉਸ ਲਈ ਉਡੀਕਵਾਨ ਸੀ ਜਿਸ ਨੂੰ ਦੇਖਦਿਆਂ ਉਸਦੇ ਚਿਹਰੇ ਤੇ ਖੇੜਾ ਆ ਗਿਆ। ਕਾਨਸ ਉੱਪਰ ਸੁੰਗ ਕਾਰੀਗਰੀ ਦਾ ਅਦਭੁਤ ਕਾਂਸੀ ਦਾ ਵਿਸ਼ਾਲ ਕਟੋਰਾ, ਜਿਸ ਵਿੱਚ ਕੇਵਲ ਇਕ ਬੂਟਾ ਨਰਗਿਸ ਦਾ, ਪੂਰੇ ਬਾਗ ਦੀ ਮਲਿਕਾ ਦਾ।

ਅਜਿਹੇ ਮੌਕਿਆਂ ਤੇ ਸਾਨੂੰ ਫੁੱਲਾਂ ਦੀ ਕੁਰਬਾਨੀ ਦਾ ਮਹੱਤਵ ਪਤਾ ਲੱਗਦਾ ਹੈ। ਸ਼ਾਇਦ ਫੁੱਲਾਂ ਨੂੰ ਇਸ ਮਹੱਤਵ ਦਾ ਸਾਥੋਂ ਵੀ ਗਹਿਰਾ ਇਲਮ ਹੈ। ਉਹ ਸਾਡੇ ਵਾਂਗ ਬੁਜ਼ਦਿਲ ਥੋੜ੍ਹਾ ਨੇ। ਕੁਝ ਫੁੱਲਾਂ ਨੂੰ ਮੌਤ ਵਿੱਚ ਸ਼ਾਨ ਦਿਖਾਈ ਦਿੰਦੀ ਹੈ– ਜਾਪਾਨੀ ਚੈਰੀ ਬਲੋਜ਼ਮ ਨੂੰ ਤਾਂ ਯਕੀਨਨ ਦਿਸਦੀ ਹੈ ਕਿਉਂਕਿ ਹਵਾ ਦੇ ਇਕ ਬੁੱਲ੍ਹੇ ਨਾਲ ਹੀ ਚੈਰੀ ਦੇ ਫੁੱਲ ਝੜ ਜਾਂਦੇ ਹਨ, ਆਤਮ ਸਮਰਪਣ ਕਰ ਦਿੰਦੇ ਹਨ। ਯੋਸ਼ਿਨੋ ਜਾਂ ਅਰਸ਼ਿਯਾਮਾ ਦੇ ਮਹਿਕਾਂ ਭਰੇ ਬਰਫਾਨੀ ਤੋਦਿਆਂ ਸਾਹਮਣੇ ਜਿਹੜਾ ਖਲੋਇਆ ਉਸਨੂੰ ਇਸ ਦਾ ਅਹਿਸਾਸ ਹੋ ਗਿਆ। ਪਲ ਭਰ ਲਈ ਉਹ ਮੋਤੀਆਂ ਜੜੇ ਬੱਦਲਾਂ ਵਾਂਗ ਉਡਦੇ ਹਨ ਤੇ ਬਰਫਾਨੀ ਨਦੀਆਂ ਦੇ ਤਲ ਉੱਪਰ ਨਾਚ ਕਰਦੇ ਹਨ। ਫਿਰ ਹਸਦੇ ਹਸਦੇ ਪਾਣੀਆਂ ਉੱਪਰ ਸਵਾਰ ਹੋ ਜਾਂਦੇ ਹਨ, ਲਗਦਾ ਹੈ ਕਹਿ ਰਹੇ ਹੋਣ, "ਅਲਵਿਦਾ ਐ ਬਹਾਰ! ਅਸੀਂ ਤੁਰ ਚੱਲੇ ਅਨੰਤ ਦੇਸ ਵੱਲ।"



— ਅਧਿਆਇ ਸੱਤਵਾਂ —

ਚਾਹ ਉਸਤਾਦ

ਧਰਮ ਅਨੁਸਾਰ ਭਵਿੱਖ ਸਾਡੇ ਪਿੱਛੇ ਹੋਇਆ ਕਰਦਾ ਹੈ। ਆਰਟ, ਸਦੈਵ ਵਰਤਮਾਨ ਹੈ। ਚਾਹ ਉਸਤਾਦਾਂ ਮੁਤਾਬਕ ਆਰਟ ਦੀ ਅੰਤਰਆਤਮਾ ਤੱਕ ਕੇਵਲ ਉਹ ਪੁੱਜਣਗੇ ਜਿਨ੍ਹਾਂ ਵਾਸਤੇ ਆਰਟ ਜੀਵਨਧਾਰਾ ਬਣ ਜਾਵੇਗਾ। ਚਾਹਖਾਨੇ ਵਿਚਲੀ ਸਿਕੇਬੰਦ ਨਿਰਮਲਤਾ ਜ਼ਰੀਏ ਉਹਨਾਂ ਨੇ ਆਪਣੀ ਰੋਜ਼ਾਨਾ ਜ਼ਿੰਦਗੀ ਸਾਧਣੀ ਚਾਹੀ। ਜੋ ਮਰਜ਼ੀ ਹੋਵੇ, ਮਨ ਦੀ ਸਥਿਰਤਾ ਕਾਇਮ ਰਹੇ, ਗੁਫਤਗੂ ਇਸ ਤਰ੍ਹਾਂ ਵਹਿੰਦੀ ਰਹੇ ਕਿ ਮਾਹੌਲ ਦੀ ਸ਼ਾਂਤੀ ਭੰਗ ਨਾ ਹੋਵੇ। ਲਿਬਾਸ ਦੀ ਬਣਤਰ, ਰੰਗ, ਜਿਸਮ ਦਾ ਸੰਤੁਲਨ, ਤੁਰਨ ਫਿਰਨ ਦਾ ਸਲੀਕਾ ਤੁਹਾਡੀ ਸ਼ਖ਼ਸੀਅਤ ਦੇ ਕਲਾਤਮਿਕ ਪ੍ਰਗਟਾਵੇ ਹਨ। ਇਹ ਹਲਕੇ ਮਸਲੇ ਨਹੀਂ ਹਨ ਕਿ ਨਜ਼ਰਅੰਦਾਜ਼ ਕਰ ਸਕੋ, ਜਦੋਂ ਤੱਕ ਕੋਈ ਖੁਦ ਸੁਹਣਾ ਨਹੀਂ ਬਣਦਾ ਉਸਨੂੰ ਸੁੰਦਰਤਾ ਤੱਕ ਅੱਪੜਨ ਦਾ ਕੋਈ ਹੱਕ ਨਹੀਂ। ਇਉਂ ਚਾਹ ਉਸਤਾਦ ਆਰਟਿਸਟ ਤੋਂ ਕੁਝ ਵਧੀਕ ਹੋਣ ਥੀਣ ਦਾ ਯਤਨ ਕਰਿਆ ਕਰਦੇ ਸਨ– ਕਿ ਖ਼ੁਦ ਆਰਟ ਹੋ ਜਾਣ। ਸੌਂਦਰਯ ਦਾ ਜ਼ੇਨ ਇਹੀ ਹੁੰਦਾ ਸੀ। ਸੰਪੂਰਨਤਾ ਹਰ ਕਿਤੇ ਮੌਜੂਦ ਹੈ ਪਰ ਤਾਂ, ਜੇ ਅਸੀਂ ਇਸਨੂੰ ਪਛਾਣਨ ਦਾ ਫੈਸਲਾ ਕਰ ਲਈਏ। ਰਿਕੀਯੂ ਨੂੰ ਪੁਰਾਣੀ ਕਵਿਤਾ ਦੀ ਇਕ ਟੂਕ ਪਸੰਦ ਸੀ ਜੋ ਉਹ ਅਕਸਰ ਸੁਣਾਇਆ ਕਰਦਾ :

ਉਹ ਜਿਹੜੇ ਤੜਪਦੇ ਹਨ
ਫੁੱਲਾਂ ਦੇ ਦੀਦਾਰ ਲਈ
ਕਿਵੇਂ ਦਿਖਾਵਾਂ ਉਨ੍ਹਾਂ ਨੂੰ ਉਹ ਬਸੰਤ
ਜਿਹੜੀ ਪਹਾੜੀਆਂ ਦੀ ਬਰਫ਼ ਹੇਠ ਦਬੀਆਂ

ਬੇਚੈਨ ਕਲੀਆਂ ਦੇ ਦਿਲਾਂ ਅੰਦਰ
ਅੰਗੜਾਈ ਲੈ ਰਹੀ ਹੈ...।

ਚਾਹ ਉਸਤਾਦਾਂ ਨੇ ਆਰਟ ਵਿੱਚ ਜਿਹੜੀ ਬਰਕਤ ਪਾਈ ਉਹ ਬਹੁਪੱਖੀ ਹੈ। ਸਨਾਤਨੀ ਭਵਨ ਨਿਰਮਾਣ ਕਲਾ ਅਤੇ ਅੰਦਰੂਨੀ ਸਜਾਵਟ ਵਿੱਚ ਉਨ੍ਹਾਂ ਨੇ ਇਨਕਲਾਬ ਲੈ ਆਂਦਾ ਅਤੇ ਨਵੀਂ ਸ਼ੈਲੀ ਦਾ ਨਿਰਮਾਣ ਕੀਤਾ ਜਿਸ ਦਾ ਜ਼ਿਕਰ ਅਸੀਂ ਚਾਹਖਾਨੇ ਵਾਲੇ ਅਧਿਆਇ ਵਿੱਚ ਕਰ ਚੁੱਕੇ ਹਾਂ। ਇਹ ਅਜਿਹੀ ਸ਼ੈਲੀ ਸੀ ਜਿਸਦਾ ਪ੍ਰਭਾਵ ਸੋਲ੍ਹਵੀਂ ਸਦੀ ਪਿੱਛੋਂ ਦੇ ਮਹਿਲਾਂ ਅਤੇ ਮੱਠਾਂ ਦੀ ਬਣਤਰ ਉੱਤੇ ਪਿਆ ਸਾਫ਼ ਦਿਸਦਾ ਹੈ। ਬਹੁਪੱਖੀ ਉਸਤਾਦ ਕੋਬੋਰੀ ਇਨਸ਼ੂ ਨੇ ਕਤਸੂਰਾ ਦਾ ਸ਼ਾਹੀ ਨਗਰ, ਨਜੋਯਾ ਅਤੇ ਨਿਜੋ ਦੇ ਕਿਲੇ, ਕੋਹਾਨ ਦਾ ਮੱਠ ਉਸਾਰ ਕੇ ਆਪਣੀ ਜੀਨੀਅਸ ਦਾ ਲੋਹਾ ਮਨਵਾਇਆ। ਜਾਪਾਨ ਦੇ ਸਭ ਦੇਖਣਯੋਗ ਬਾਗ ਚਾਹ ਉਸਤਾਦਾਂ ਦੀ ਦੇਣ ਹਨ। ਚਾਹ ਉਸਤਾਦਾਂ ਦੀ ਅਸੀਸ ਨਾ ਹੁੰਦੀ ਤਾਂ ਸਾਡੀ ਬਰਤਨ ਕਲਾ ਕਦੀ ਉਚਕੋਟੀ ਦੀਆਂ ਬੁਲੰਦੀਆਂ ਤੇ ਨਾ ਅੱਪੜਦੀ। ਚਾਹ ਦੀ ਰਸਮ ਦੌਰਾਨ ਵਰਤੇ ਜਾਂਦੇ ਚੀਨੀ ਬਰਤਨਾਂ ਦਾ ਚਮਤਕਾਰ ਉਨ੍ਹਾਂ ਦੀ ਬਦੌਲਤ ਹੋਇਆ। ਜਾਪਾਨੀ ਬਰਤਨ ਕਲਾ ਦੇ ਸਾਰੇ ਵਿਦਿਆਰਥੀਆਂ ਨੂੰ ਇੰਸ਼ੀਊ ਦੀਆਂ ਸੱਤ ਭੱਠੀਆਂ ਦਾ ਪਤਾ ਹੈ। ਸਾਡੀਆਂ ਕੱਪੜਾ ਖੱਡੀਆਂ ਦੇ ਬਹੁਤੇ ਨਾਮ ਚਾਹ ਉਸਤਾਦਾਂ ਦੇ ਨਾਵਾਂ ਪਿੱਛੇ ਰੱਖੇ ਹੋਏ ਹਨ ਜਿਨ੍ਹਾਂ ਨੇ ਕੱਪੜੇ ਦੀ ਬੁਣਤੀ ਅਤੇ ਰੰਗਾਂ ਦੀ ਕਲਪਨਾ ਕੀਤੀ ਸੀ। ਆਰਟ ਦਾ ਅਜਿਹਾ ਕੋਈ ਖਿੱਤਾ ਹੈ ਈ ਨਹੀਂ ਜਿੱਥੇ ਚਾਹ ਉਸਤਾਦਾਂ ਦੀ ਜੀਨੀਅਸ ਦੇ ਨਿਸ਼ਾਨ ਨਾ ਹੋਣ। ਪੇਂਟਿੰਗ ਅਤੇ ਲਾਖ ਦੀ ਨੱਕਾਸ਼ੀ ਵਿੱਚ ਉਨ੍ਹਾਂ ਬਾਰੇ ਕੋਈ ਵੀ ਗੱਲ ਕਰਨੀ ਘੱਟ ਰਹੇਗੀ। ਪੇਂਟਿੰਗ ਦੀਆਂ ਟਕਸਾਲਾਂ ਵਿੱਚੋਂ ਸਭ ਤੋਂ ਪ੍ਰਸਿੱਧ ਚਾਹ ਉਸਤਾਦ ਹੋਨੇਮੀ ਕੋਏਸੂ ਦੀ ਹੈ ਜੋ ਲਾਖ ਅਤੇ ਬਰਤਨ ਕਾਰੀਗਰੀ ਵਿੱਚ ਪ੍ਰਸਿੱਧ ਸੀ। ਉਸਦੀਆਂ ਕਿਰਤਾਂ ਸਾਹਮਣੇ ਉਸਦੇ ਪੋਤਿਆਂ ਕੋਹੋ ਅਤੇ ਕੇਂਜ਼ਿਨ ਦੀ ਸ਼ਾਨਦਾਰ ਕਾਰੀਗਰੀ ਫਿੱਕੀ ਪੈ ਜਾਂਦੀ ਹੈ। ਪੂਰੀ ਕੋਰਿਨ ਟਕਸਾਲ ਚਾਹਵਾਦ ਦੀ ਫਸਲ ਹੈ। ਸਾਰੀ ਟਕਸਾਲ ਵਿੱਚ ਕੁਦਰਤ ਦੀ ਆਪਣੀ ਵਿਆਪਕਤਾ ਦ੍ਰਿਸ਼ਟਮਾਨ ਹੈ।

ਆਰਟ ਦੇ ਖੇਤਰ ਵਿੱਚ ਤਾਂ ਚਾਹ ਉਸਤਾਦਾਂ ਨੇ ਮਹਾਨ ਅਸਰ ਪਾਇਆ

ਹੀ ਪਾਇਆ, ਜੀਵਨ ਵਿੱਚ ਵਿਹਾਰ ਕਿਵੇਂ ਕਰੀਏ, ਉਸ ਪ੍ਰਾਪਤੀ ਦਾ ਕਿਸੇ ਕਲਾ ਨਾਲ ਕੋਈ ਮੁਕਾਬਲਾ ਨਹੀਂ। ਨਿਮਰ ਸਮਾਜ ਕਿਹੋ ਜਿਹਾ ਹੋਵੇ, ਘਰ ਦੀਆਂ ਵਸਤਾਂ ਕਿਵੇਂ ਕਿਵੇਂ ਕਿੱਥੇ ਕਿੱਥੇ ਰੱਖੀਏ, ਆਦਿਕ ਨਸੀਹਤਾਂ ਦੇ ਪ੍ਰਛਾਵੇਂ ਅੱਜ ਵੀ ਸਾਡੇ ਘਰਾਂ ਵਿੱਚ ਦਿਸਦੇ ਹਨ। ਬਹੁਤ ਸੁਆਦਲੇ ਪਕਾਉਣ ਦੇ ਤਰੀਕੇ ਤਾਂ ਦੱਸੇ ਹੀ, ਖਾਣਾ ਵਰਤਾਉਣਾ ਵੀ ਸਿਖਾਇਆ। ਉਨ੍ਹਾਂ ਨੇ ਸਾਨੂੰ ਹਲਕੇ ਰੰਗਾਂ ਦਾ ਪਹਿਰਾਵਾ ਪਹਿਨਣ ਲਈ ਕਿਹਾ। ਫੁੱਲਾਂ ਨੂੰ ਮਿਲਣ ਕਿਵੇਂ ਜਾਇਆ ਕਰਦੇ ਹਨ, ਇਹ ਵੀ ਦੱਸਿਆ। ਸਹਿਜ ਪ੍ਰੇਮ, ਸਾਦਗੀ ਅਤੇ ਨਿਮਰਤਾ ਉੱਪਰ ਧਿਆਨ ਕੇਂਦ੍ਰਿਤ ਕਰਵਾਇਆ। ਉਨ੍ਹਾਂ ਦੀਆਂ ਹਦਾਇਤਾਂ ਸਦਕਾ ਚਾਹ ਲੋਕਾਂ ਦੀ ਜੀਵਨ ਰੌ ਵਿੱਚ ਰਚ ਗਈ।

ਹੋਂਦ ਦੀਆਂ ਪਾਗਲ ਮੁਸ਼ਕਲਾਂ ਦਾ ਮੰਝਦਾਰ ਜਿਸਨੂੰ ਅਸੀਂ ਜੀਵਨ ਕਹਿੰਦੇ ਹਾਂ, ਵਿੱਚ ਸਥਿਰਤਾ ਕਿਵੇਂ ਲਿਆਈਏ, ਅਸੀਂ ਜਾਣਦੇ ਨਹੀਂ। ਦੇਖਣ ਨੂੰ ਸੁਖੀ ਅਤੇ ਸੰਤੁਸ਼ਟ ਲਗਦੇ ਹਾਂ ਪਰ ਨਿਰੰਤਰ ਦੁੱਖ ਦੇ ਪੇਸ਼ ਪਏ ਰਹਿੰਦੇ ਹਾਂ। ਆਪਣਾ ਨੈਤਿਕ ਸੰਤੁਲਨ ਬਣਾਉਣ ਦੀ ਕੋਸ਼ਿਸ਼ ਵਿੱਚ ਅਸੀਂ ਲੜਖੜਾਉਂਦੇ ਹਾਂ ਤੇ ਦੁਮੇਲ ਉੱਪਰ ਖਲੋਤੇ ਹਰੇਕ ਬੱਦਲ ਵਿੱਚ ਸਾਨੂੰ ਤੂਫ਼ਾਨ ਨਜ਼ਰ ਆਉਂਦੇ ਹਨ। ਤੂਫ਼ਾਨ ਵਿੱਚ ਕਿਉਂ ਨਾ ਵੜ ਜਾਈਏ ਜਾਂ ਫਿਰ ਲਿਚਜ਼ੂ ਵਾਂਗ ਤੂਫ਼ਾਨ ਉੱਪਰ ਸਵਾਰ ਕਿਉਂ ਨਾ ਹੋਈਏ ਤੇ ਲਗਾਮ ਕਸੀਏ ?

ਜਿਸ ਨੇ ਸੁੰਦਰ ਜੀਵਨ ਜੀਵਿਆ ਉਸੇ ਨੂੰ ਸੁੰਦਰ ਮੌਤ ਨਸੀਬ ਹੋਏਗੀ। ਮਹਾਨ ਚਾਹ ਉਸਤਾਦਾਂ ਦੇ ਜੀਵਨ ਦੇ ਆਖ਼ਰੀ ਪਲ ਉਸੇ ਤਰਾਂ ਸ਼ਾਲੀਨਤਾ ਪੂਰਨ ਸਨ ਜਿਹੋ ਜਿਹੀ ਉਨ੍ਹਾਂ ਦੀ ਜੀਵਨੀ ਸੀ। ਬ੍ਰਹਿਮੰਡ ਦੇ ਮਹਾਨ ਤਾਲ ਨਾਲ ਇਕਸੁਰ ਹੋਣ ਦੀ ਇੱਛਾ, ਹਰ ਵਕਤ ਉਹ ਅਨਜਾਣੇ ਦੇਸ਼ ਵਿੱਚ ਜਾਣ ਲਈ ਤਿਆਰ ਬਰ ਤਿਆਰ ਰਹੇ। "ਰਿਕਯੂ ਦੀ ਆਖਰੀ ਚਾਹ" ਤ੍ਰਾਸਦੀ ਦਾ ਸਦੈਵ ਸਿਖਰਲਾ ਜਲਵਾ ਰਹੇਗਾ।

ਰਿਕਯੂ ਅਤੇ ਬਾਦਸ਼ਾਹ ਤਾਇਕੋ ਹਿਦੋਸ਼ੀ ਵਿਚਕਾਰ ਦੇਰ ਤੋਂ ਗੂੜ੍ਹੀ ਦੋਸਤੀ ਸੀ। ਇਕ ਦੂਜੇ ਨਾਲ ਘਣਾ ਪਿਆਰ। ਹੰਕਾਰੀ ਹਾਕਮ ਨਾਲ ਦੋਸਤੀ ਖਤਰਨਾਕ ਹੋਇਆ ਕਰਦੀ ਹੈ। ਜ਼ਮਾਨਾ ਵੀ ਦਗੇਬਾਜ਼ੀ ਦਾ ਸੀ, ਅਤਿ

ਨਜ਼ਦੀਕੀਆਂ ਉੱਪਰ ਵੀ ਭਰੋਸਾ ਨਾ ਹੁੰਦਾ। ਰਿਕਯੂ ਵਫਾਦਾਰ ਦਰਬਾਰੀ ਤਾਂ ਸੀ ਪਰ ਗੁਲਾਮ ਜ਼ਹਿਨੀਅਤ ਵਾਲਾ ਨਹੀਂ ਸੀ। ਕਈ ਮਸਲਿਆਂ ਉੱਪਰ ਉਸਦੀ ਆਪਣੇ ਮਾਲਕ ਨਾਲ ਸਹਿਮਤੀ ਨਾ ਹੁੰਦੀ ਤਾਂ ਵੀ ਬੌਧਿਕਤਾ ਦਾ, ਦਲੀਲ ਦਾ ਸਹਾਰਾ ਨਾ ਛੱਡਦਾ। ਕੁਝ ਸਮੇਂ ਲਈ ਦੋਵਾਂ ਵਿਚਕਾਰ ਕਿਸੇ ਮਸਲੇ ਨੂੰ ਲੈ ਕੇ ਮਨ ਮੁਟਾਵ ਹੋ ਗਿਆ। ਵਿਰੋਧੀਆਂ ਨੇ ਕੰਨ ਭਰ ਦਿੱਤੇ ਕਿ ਰਿਕਯੂ ਰਾਜੇ ਨੂੰ ਮਾਰਨਾ ਚਾਹੁੰਦਾ ਹੈ, ਜ਼ਹਿਰ ਦੇਣ ਦੀ ਸਾਜ਼ਿਸ਼ ਰਚੀ ਹੈ। ਹਿਦੇਸ਼ੀ ਦੇ ਕੰਨ ਵਿੱਚ ਫੂਕ ਮਾਰੀ ਕਿ ਚਾਹ ਉਸਤਾਦ ਤੁਹਾਨੂੰ ਜ਼ਹਿਰ ਦੇ ਕੇ ਮਾਰੇਗਾ ਤੇ ਜ਼ਹਿਰ ਤਿਆਰ ਕਰ ਵੀ ਲਿਆ ਹੈ ਜੋ ਗ੍ਰੀਨ ਟੀ ਵਿੱਚ ਮਿਲਾ ਕੇ ਪਿਲਾਇਆ ਜਾਵੇਗਾ। ਸ਼ੱਕ ਨੂੰ ਸਚ ਮੰਨ ਲਿਆ ਗਿਆ ਤੇ ਅਪੀਲ ਦੀ ਕੋਈ ਗੁੰਜਾਇਸ਼ ਗੁਸੈਲੇ ਹਾਕਮ ਅੱਗੇ ਉੱਥੇ ਸੀ ਹੀ ਨਹੀਂ। ਸਜ਼ਾਯਾਫਤਾ ਬੰਦੇ ਨੂੰ ਇਕ ਰਿਆਇਤ ਦਿੱਤੀ ਗਈ ਕਿ ਚਾਹੇ ਤਾਂ ਸਨਮਾਨ ਪੂਰਵਕ ਖ਼ੁਦਕੁਸ਼ੀ ਕਰ ਸਕਦਾ ਹੈ।

ਆਤਮ ਹੱਤਿਆ ਵਾਲੇ ਨਿਸ਼ਚਿਤ ਦਿਨ ਰਿਕਯੂ ਨੇ ਆਪਣੇ ਚੇਲਿਆਂ ਨੂੰ ਆਖ਼ਰੀ ਚਾਹ ਪਾਰਟੀ ਤੇ ਸੱਦਿਆ। ਦੱਸੀ ਜਗ੍ਹਾ ਤੇ ਉਦਾਸ ਚੇਲੇ ਪੁੱਜ ਗਏ। ਜਦੋਂ ਬਾਗ ਦੇ ਰਸਤੇ ਵੱਲ ਨਜ਼ਰ ਮਾਰਦੇ, ਲਗਦਾ ਦਰਖ਼ਤ ਕੰਬ ਰਹੇ ਹੋਣ। ਪੱਤਿਆਂ ਦੀ ਸਰਸਰਾਹਟ ਵਿੱਚੋਂ ਭਟਕੇ ਹੋਏ ਪ੍ਰੇਤਾਂ ਦੀ ਆਵਾਜ਼ ਸੁਣ ਰਹੀ ਸੀ। ਮਹਿਲ ਦੇ ਦਰਵਾਜ਼ੇ ਸਾਹਮਣੇ ਜਿਵੇਂ ਸੰਤਰੀ ਖਲੋਤੇ ਹੁੰਦੇ ਹਨ, ਪੱਥਰ ਦੀਆਂ ਮਸ਼ਾਲਾਂ ਇਵੇਂ ਲੱਗ ਰਹੀਆਂ ਸਨ। ਚਾਹਖਾਨੇ ਵਿੱਚ ਸੁਗੰਧੀਆਂ ਭਰਪੂਰ ਧੂਪ ਦਾ ਬੁੱਲਾ ਆਇਆ। ਇਹ ਮਹਿਮਾਨਾਂ ਨੂੰ ਅੰਦਰ ਲੰਘ ਆਉਣ ਦਾ ਸੱਦਾ ਸੀ। ਇਕ ਇਕ ਕਰਕੇ ਸਾਰੇ ਜਣੇ ਅੰਦਰ ਲੰਘ ਕੇ ਆਪੋ ਆਪਣੀਆਂ ਥਾਵਾਂ ਤੇ ਬੈਠ ਗਏ। ਹਾਲ ਵਿਚਕਾਰ ਛੱਤ ਹੇਠ ਰੇਸ਼ਮੀ ਕੱਪੜੇ ਦੀ ਪੋਟਲੀ ਲਟਕ ਰਹੀ ਸੀ। ਪ੍ਰਾਚੀਨ ਕਾਲ ਦੇ ਕਿਸੇ ਸਾਧੂ ਵੱਲੋਂ ਲਿਖਿਆ ਵਸਤਾਂ ਦੀ ਨਾਸ਼ਵਾਨਤਾ ਉੱਪਰ ਲੇਖ ਸੀ ਇਸ ਵਿੱਚ। ਉਬਲਦੀ ਕੇਤਲੀ ਵਿੱਚੋਂ ਇਸ ਤਰ੍ਹਾਂ ਦੀ ਆਵਾਜ਼ ਆ ਰਹੀ ਸੀ ਜਿਵੇਂ ਵਿਦਾ ਹੁੰਦੀ ਬਸੰਤ ਰੁੱਤ ਨੂੰ ਦੇਖ ਕੇ ਕੋਈ ਟਿਡੀ ਰੋਣ ਲੱਗੇ। ਜਲਦੀ ਮੇਜ਼ਬਾਨ ਅੰਦਰ ਲੰਘ ਆਇਆ। ਹਰੇਕ ਨੂੰ ਚਾਹ ਪਰੋਸੀ ਗਈ, ਹਰੇਕ ਨੇ ਆਪੋ ਆਪਣਾ ਪਿਆਲਾ ਖਾਲੀ ਕੀਤਾ,

ਮੇਜ਼ਬਾਨ ਨੇ ਸਭ ਤੋਂ ਮਗਰੋਂ। ਪ੍ਰਚਲਿਤ ਪਰੰਪਰਾ ਮੁਤਾਬਕ ਮੇਜ਼ਬਾਨ ਨੇ ਚਾਹ ਸਮੱਗਰੀ, ਬਰਤਨਾਂ ਨੂੰ ਪਰਖਣ ਦੀ ਆਗਿਆ ਮੰਗੀ, ਕੰਧ ਉੱਪਰ ਟੰਗਣ ਵਾਲੀ ਤਸਵੀਰ ਸਮੇਤ ਰਿਕਯੂ ਨੇ ਮਹਿਮਾਨਾਂ ਅੱਗੇ ਕਈ ਕਿਸਮ ਦੀਆਂ ਵਸਤਾਂ ਰੱਖ ਦਿੱਤੀਆਂ। ਜਦੋਂ ਸਾਰੇ ਇਨ੍ਹਾਂ ਦੀ ਉਸਤਤ ਕਰ ਹਟੇ, ਇਕ ਇਕ ਕਰਕੇ ਰਿਕਯੂ ਨੇ ਸਾਰੀਆਂ ਯਾਦਗਾਰੀ ਚੀਜ਼ਾਂ ਮਹਿਮਾਨਾਂ ਵਿੱਚ ਵੰਡ ਦਿੱਤੀਆਂ। ਆਪਣੇ ਹੱਥ ਵਿੱਚ ਕੇਵਲ ਚਾਹ ਦਾ ਪਿਆਲਾ ਫੜੀ ਰੱਖਿਆ। ਬਦਕਿਸਮਤ ਹੋਠਾਂ ਦੀ ਛੁਹ ਪ੍ਰਾਪਤ ਇਹ ਪਿਆਲਾ ਹੁਣ ਹੋਰ ਕਿਸੇ ਦੇ ਹੋਠਾਂ ਨਾਲ ਨਹੀਂ ਛੁਹਿਆ ਜਾਏਗਾ। ਇਹ ਕਹਿਕੇ ਪਿਆਲੇ ਨੂੰ ਫਰਸ਼ ਉੱਪਰ ਪਟਕਾ ਕੇ ਉਸਨੇ ਟੁਕੜੇ ਟੁਕੜੇ ਕਰ ਦਿਤੇ।

ਰਸਮ ਖਤਮ। ਹੰਝੂਆਂ ਉੱਪਰ ਕਾਬੂ ਪਾਉਣ ਲਈ ਮਹਿਮਾਨ ਮੁਸ਼ਕਿਲ ਵਿਚ ਸਨ। ਅਲਵਿਦਾ ਕਹਿ ਕੇ ਦੋਸਤ ਕਮਰੇ ਵਿੱਚੋਂ ਬਾਹਰ ਜਾਣ ਲਗੇ। ਜਿਹੜਾ ਸਾਰਿਆਂ ਵਿੱਚੋਂ ਦਿਲ ਦੇ ਸਭ ਤੋਂ ਨਜ਼ਦੀਕ ਸੀ, ਕੇਵਲ ਉਸਨੂੰ ਕਿਹਾ– ਇੱਥੇ ਰਹਿ ਕੇ ਅੰਤਿਮ ਦ੍ਰਿਸ਼ ਦਾ ਗਵਾਹ ਬਣ। ਰਿਕਯੂ ਨੇ ਆਪਣਾ ਚਾਹ ਦੀ ਰਸਮ ਵਾਸਤੇ ਪਹਿਨਿਆ ਚੋਲਾ ਉਤਾਰ ਕੇ ਉਸ ਦੀ ਤਹਿ ਲਾ ਕੇ ਫਰਸ਼ ਤੇ ਰੱਖ ਦਿਤਾ। ਇਸ ਹੇਠ ਮੌਤ ਦਾ ਸਫੈਦ ਲਿਬਾਸ ਸਾਫ ਦਿਸਦਾ ਸੀ।

ਲਿਸ਼ਕਦੀ ਧਾਰ ਵਾਲੀ ਤੇਜ਼ ਕਟਾਰ ਵੱਲ ਪ੍ਰੇਮ ਨਾਲ ਦੇਖਦਿਆਂ ਆਖਰੀ ਬੰਦ ਉਚਾਰਿਆ :

ਓ ਅਨੰਤਤਾ ਦੀ ਤੇਗ
ਤੇਰਾ ਸਵਾਗਤ!
ਬੁੱਧ ਰਾਹੀਂ
ਧਰਮ ਰਾਹੀਂ
ਆਪਣੀ ਤੇਜ਼ ਧਾਰ ਨਾਲ
ਤੂੰ ਲਾਂਘਾ ਬਣਾ ਦਿਤਾ ਆਖਰ।

